92 ਵਾਂ
ਸਾਲ
ਅੰਕ 11
ਕੁਲ ਅੰਕ
#936

ਪ੍ਰੀਤ ਲੜੀ

Since 1933
Preet Lari Magazine
The Oldest Punjabi Literary Journal

ਨਵੰਬਰ 2025 ₹50



ਇਜ਼ਰਾਇਲ-ਹਮਾਸ ਜੰਗ ਖ਼ਤਮ – ਇੱਕ ਰਾਹਤ !

ਅਤੇ ਇੱਕ ਭਾਸ਼ਣ ਦੀ ਰੀਲ .. ਅਨੁ: ਪੂਨਮ ਸਿੰਘ

ਇਥੋਂ (ਇਨ੍ਹਾਂ ਝੰਡਿਆਂ, ਨਾਅਰਿਆਂ ਹੇਠਾਂ) ਖਲੋਤੀ ਹੋਣ ਦਾ ਮੈਨੂੰ ਮਾਣ ਹੈ। ਯਹੂਦੀ ਲੋਕਾਂ ਦੀ ਅਮੀਰ ਵਿਰਾਸਤ ਤੋਂ ਮੈਂ ਵਾਰੇ ਵਾਰੇ ਜਾਂਦੀ ਹਾਂ। ਸ਼ੁਕਰੀਆ!

1950ਵਿਆਂ ਵਿਚ ਈਜਿਪਟ ਵਿਚ ਜੰਮੀ, 1960ਵਿਆਂ ਵਿਚ ਗ਼ਾਜ਼ਾ ਪੱਟੀ ਵਿਚ ਪਲੀ (ਜੋ ਓਦੋਂ ਈਜਿਪਟ ਵਿਚ ਹੁੰਦਾ ਸੀ, ਗਮਾਲ ਅਬਦੁਲ ਉਸਦਾ ਰਾਸ਼ਟਰਪਤੀ ਸੀ- 1952 ਵਿਚ ਇਨਕਲਾਬ ਕਰ ਕੇ ਰਾਜੇ ਨੂੰ ਬਾਹਰ ਕੱਢ ਦੇਣ ਵਾਲਾ, ਕਿ ਮੈਂ ਅਜ਼ਾਦੀ ਅਤੇ ਲੋਕਤੰਤਰ ਲਿਆਵਾਂਗਾ। ਉਸਦਾ ਮਿਸ਼ਨ ਸੀ ਇਜ਼ਰਾਇਲ ਨੂੰ ਤਬਾਹ ਕਰਨਾ- ਜਿਸ ਵਾਸਤੇ ਉਸ ਨੇ ਮੇਰੇ ਪਿਤਾ ਨੂੰ ਗਾਜ਼ਾ ਵਿਚ ਫ਼ੌਜੀ ਸੂਹੀਆ ਵਿਭਾਗ ਦਾ ਮੁਖੀ ਬਣਾਇਆ, ਅਤੇ ਮੇਰੇ ਪਿਤਾ ਨੇ "ਫ਼ਿਦਾਈਨ" ਸ਼ੁਰੂ ਕੀਤਾ, ਯਾਨੀ ਉਹ ਮਰਦ ਜੋ ਆਪਣੀ ਜਾਨ ਵਾਰ ਦੇਣ। ਅਤੇ ਉਹ ਸਰਹੱਦ ਪਾਰ ਕਰ ਕੇ ਇਜ਼ਰਾਈਲ ਵਿਚ ਵੜਦੇ, ਓਥੇ ਜਿੰਨੀ ਤਬਾਹੀ, ਨੁਕਸਾਨ ਹੋ ਸਕੇ ਕਰਦੇ, ਅਤੇ ਦਹਿਸ਼ਤ ਫੈਲਾਉਂਦੇ – ਅਤੇ ਵਾਪਸ ਆ ਜਾਂਦੇ। ਅਤੇ ਮੈਂ ਵੱਡੀ ਹੋਈ ਇਸ ਇਜ਼ਰਾਇਲੀ-ਅਰਬ ਝਗੜੇ ਦੇ ਕੇਂਦਰ ਵਿਚ। ਮੇਰੇ ਪਿਤਾ ਨੂੰ ਆਪਣੀ ਸੁਰੱਖਿਆ ਦਾ ਬਹੁਤ ਫ਼ਿਕਰ ਸੀ। ਕਈ ਕੋਸ਼ਿਸ਼ਾਂ ਹੋ ਚੁੱਕੀਆਂ ਸਨ, ਇਜ਼ਰਾਇਲ ਖ਼ਿਲਾਫ਼ ਇਨ੍ਹਾਂ ਹਮਲਿਆਂ ਕਰਕੇ। ਇੱਕ ਰਾਤ ਇਜ਼ਰਾਇਲੀ ਕਮਾਂਡੋ ਸਾਡੇ ਘਰ ਆ ਵੜੇ। ਮੇਰੇ ਪਿਤਾ ਘਰ ਨਹੀਂ ਸਨ, ਉਨ੍ਹਾਂ ਨੂੰ ਸਿਰਫ਼ ਨਾਰੀਆਂ ਅਤੇ ਬੱਚੇ ਹੀ ਦਿਸੇ। ਮੇਰੀ ਮਾਂ ਅਤੇ ਅਸੀਂ ਪੰਜ ਬੱਚੇ। ਉਨ੍ਹਾਂ ਸਾਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਅਤੇ ਚਲੇ ਗਏ, ਹਾਲਾਂਕਿ ਫ਼ਿਦਾਈਨ ਤਾਂ ਨਾਗਰਿਕਾਂ, ਪਰਿਵਾਰਾਂ ਨੂੰ ਮਾਰ ਦਿੰਦੇ ਸਨ, ਉਨ੍ਹਾਂ ਨੂੰ ਇਸਦਾ ਕੋਈ ਫ਼ਰਕ ਨਹੀਂ ਸੀ ਪੈਂਦਾ। ਮੈਂ ਤਾਂ ਉਸ ਰਾਤ ਜਾਗੀ ਵੀ ਨਾ, ਮੈਨੂੰ ਕੁਝ ਪਤਾ ਨਾ ਲੱਗਾ। ਮਾਂ ਬਹੁਤ ਘਬਰਾਈ ਸੀ, ਇੱਕ ਟ੍ਰੱਕ ਸਾਡੀ ਸੁਰੱਖਿਆ ਦੇ ਜਵਾਨਾਂ ਨੂੰ ਲੈ ਗਿਆ, ਇਸ ਪੜਤਾਲ ਲਈ ਕਿ ਕਿਸ ਨੇ ਦਗ਼ਾ ਦਿੱਤੀ ਸੀ। ਅਤੇ ਜਿਹੜਾ ਸਿਪਾਹੀ ਨਾ ਪਰਤਿਆ ਉਹ ਮੇਰਾ ਸਭ ਤੋਂ ਚਹੇਤਾ ਸੀ ਕਿਉਂਕਿ ਉਹ ਸਾਨੂੰ ਟਰੱਕ 'ਤੇ ਸਮੁੰਦਰ ਕੰਢੇ ਘੁਮਾਉਣ ਖੁਆਉਣ ਲੈ ਜਾਂਦਾ ਹੁੰਦਾ ਸੀ- ਪਤਾ ਲੱਗਾ ਉਸ ਨੂੰ ਪੜਤਾਲ ਵਿਚ ਮਾਰ ਦਿੱਤਾ ਗਿਆ ਸੀ..ਅਜਿਹੀਆਂ ਪੜਤਾਲਾਂ ਦੀ ਸਾਨੂੰ ਮੁਸਲਮਾਨ ਦੁਨੀਆ ਵਿਚ ਆਦਤ ਹੈ.. ਮੈਂ ਗਾਜ਼ਾ ਦੇ ਮੁੱਢਲੇ ਸਕੂਲਾਂ ਵਿਚ ਪੜ੍ਹੀ, ਜਿੱਥੇ ਸਾਨੂੰ ਇਜ਼ਰਾਇਲੀਆਂ ਲਈ ਬਦਲਾਖੋਰੀ, ਦੁਸ਼ਮਣੀ ਅਤੇ ਨਫ਼ਰਤ ਸਿਖਾਈ ਜਾਂਦੀ ਸੀ- ਅਮਨ ਦਾ ਤਾਂ ਕੋਈ ਨਾਂ ਹੀ ਨਹੀਂ ਸੀ ਲੈਂਦਾ। ਅਮਨ ਤਾਂ ਕੋਈ ਬਗਾਨਾ ਜਿਹਾ ਲਫ਼ਜ਼ ਸੀ। ਅਸਲ ਵਿਚ ਤਾਂ ਅਮਨ ਦਾ ਕਦੇ ਨਾਂ ਵੀ ਨਹੀਂ ਸੀ ਲਿਆ ਜਾਂਦਾ, ਮਸਜਿਦਾਂ ਦੀ ਕਾਰਵਾਈ ਵਿਚ। ਹਾਂ ਕੁਰਾਨ ਵਿਚ ਇੱਕੋ ਵਾਰ ਅਮਨ ਦਾ ਜ਼ਿਕਰ ਆਉਂਦਾ ਹੈ – ਕਿ ਜੇ ਤੁਸੀਂ ਕਮਜ਼ੋਰ ਹੋ, ਤਾਂ ਅਮਨ ਕਬੂਲ ਲਓ- ਪਰ ਜੇ ਤੁਹਾਡਾ ਹੱਥ ਉੱਤੇ ਹੈ ਤਾਂ ਕਦੇ ਵੀ ਨਾ ਅਮਨ ਕਬੂਲੋ। ਅਮਨ ਦੇ ਤਸੱਵਰ ਬਾਰੇ ਤਾਂ ਮੈਂ ਇਹੋ ਕੁਝ ਹੀ ਸਮਝ ਸਕਦੀ ਸੀ। ਅਸੀਂ ਰੋਜ਼ ਕਵਿਤਾ ਪਾਠ ਕਰਦੇ ਹੁੰਦੇ ਸੀ ਸਕੂਲ ਵਿਚ- ਆਪਣੇ ਲਈ ਇਹ ਇੱਛਾ ਕਰਦੇ ਕਿ ਅਸੀਂ ਸ਼ਹੀਦ ਹੋ ਜਾਈਏ। ਮੈਂ ਵੇਖਣਾ ਕੁੜੀਆਂ ਰੋ ਰਹੀਆਂ ਹਨ ਅਤੇ ਇਹ ਕਵਿਤਾ ਬੋਲ ਰਹੀਆਂ ਹਨ- ਇਹ ਇੱਛਾ ਕਰਦੀਆਂ ਕਿ ਉਹ ਸ਼ਹੀਦ ਹੋ ਜਾਣ। ਸਾਡਾ ਕਦਰਾਂ ਕੀਮਤਾਂ ਦਾ ਢਾਂਚਾ ਹਾਇ ਅਸੀਂ ਵਿਚਾਰੇ-ਮਾਰੇ ਵਾਲਾ ਸੀ। ਕਿ ਅਸੀਂ ਨਿਸ਼ਾਨਾ ਬਣਦੇ ਹਾਂ – ਅਤੇ ਇਹ ਕਿ ਅਸੀਂ ਜਾ ਕੇ ਸਭ ਨੂੰ ਮਾਰ ਦਈਏ ਅਤੇ ਸ਼ਹੀਦ ਹੋ ਜਾਈਏ। ਦਰਮਿਆਨ ਵਿਚ ਕੁਝ ਨਹੀਂ ਸੀ! ਇਸ ਮਹੌਲ ਵਿਚ ਜਿਊਂਦੀ ਨੂੰ ਮੈਨੂੰ ਲੱਗਦਾ ਸੀ ਕਿ ਇਹ ਸਭ ਆਮ ਗੱਲ ਹੈ। ਨਾਰਾਂ ਮਸਜਿਦ ਨਹੀਂ ਜਾਂਦੀਆਂ ਪਰ ਉਹ ਰੇਡੀਓ ਜਾਂ ਟੀਵੀ ਤੋਂ ਕਾਰਵਾਈ ਸੁਣਦੀਆਂ ਹਨ- ਅਤੇ ਮੈਨੂੰ ਚੇਤੇ ਹੈ ਕਿ ਹਰ ਸ਼ੁਕਰਵਾਰ ਦੀ ਦੁਆ ਵਿਚ, ਸ਼ੇਖ਼ ਆਪਣੇ ਭਾਸ਼ਣ ਦੇ ਅਖ਼ੀਰ 'ਤੇ ਹੁੰਦਾ ਅਤੇ ਸਰਾਪ ਦਿੰਦਾ – "ਅੱਲਾਹ ਤਬਾਹ ਕਰ ਦਏ ਯਹੂਦੀਆਂ ਨੂੰ , ਕਾਫ਼ਰਾਂ ਨੂੰ , ਅਤੇ ਇਸਾਈਆਂ ਨੂੰ ਅਤੇ ਗ਼ੈਰ-ਮੁਸਲਮਾਨਾਂ ਨੂੰ। ਅਤੇ ਉਹ ਗ਼ੈਰ-ਮੁਸਲਮਾਨਾਂ ਨੂੰ ਅੱਲਾਹ ਦੇ ਦੁਸ਼ਮਣ ਸੱਦਦਾ। ਤੇ ਮੈਂ ਇਸ ਸਭ ਵਿਚ ਵੱਡੀ ਹੋਈ। ਮੰਨੋਂ ਜਾਂ ਨਾ, ਪਰ ਜੇ ਤੁਸੀ ਗਾਲ੍ਹਾਂ-ਸਰਾਪਾਂ ਨੂੰ ਹੀ ਦੁਆਵਾਂ ਵਾਂਗ ਸੁਣਦੇ ਹੋ – ਇਹੋ ਸਹੀ ਅਤੇ ਆਮ ਲੱਗਣ ਲੱਗ ਪੈਣਗੀਆਂ। ਨਫ਼ਰਤ ਸਹੀ ਹੈ, ਕਿਉਂਕਿ ਮੈਂ ਕੌਣ ਹੁੰਦੀ ਹਾਂ ਫ਼ੈਸਲਾ ਕਰਨ ਵਾਲੀ? ਇਹ ਮੇਰੇ ਧਾਰਮਕ ਆਗੂ ਹਨ! ਮੈਨੂੰ ਕਦੇ ਧਿਆਨ ਨਹੀਂ ਆਇਆ ਕਿ ਇਹ ਸਭ ਪਾਕ-ਪਵਿੱਤਰ ਨਹੀਂ ਹੈ।

22 ਅਰਬ ਦੇਸ਼ਾਂ ਇਜ਼ਰਾਇਲ ਦੇ ਨੱਕ ਵਿਚ ਦਮ ਰੱਖਿਆ ਕਿ ਇਸਦਾ ਜਿਊਣਾ ਅਸੰਭਵ ਹੋ ਜਾਏ। ਅਰਬ ਲੀਗ ਨੇ ਮਨਾਂਹ ਕੀਤਾ ਹੋਇਆ ਸੀ ਕਿ ਕੋਈ ਵੀ ਇਨ੍ਹਾਂ ਅਖੌਤੀ 'ਅਰਬ ਫ਼ਿਲਸਤੀਨੀਆਂ' ਨੂੰ ਆਪਣੇ ਵਿਚ ਜਜ਼ਬ ਨਾ ਕਰੇ , ਕਿਤੇ ਵੀ ਨਾਗਰਿਕਤਾ ਨਾ ਦਿੱਤੀ ਜਾਏ। ਯਾਨੀ ਉਹ ਈਜਿਪਟ ਵਿਚ ਜੰਮ ਕੇ, ਓਥੇ ਹੀ ਮਰ ਜਾਣ ਭਾਵੇਂ ਪਰ ਉਨ੍ਹਾਂ ਨੂੰ ਨਾਗਰਿਕਤਾ ਨਾ ਮਿਲੇ। ਅਤੇ ਇਸੇ ਤਰ੍ਹਾਂ ਸੀਰੀਆ, ਵਗੈਰਾ... ਕਿਉਂ? ਕਿਉਂਕਿ ਅਰਬ ਲੀਗ ਚਾਹੁੰਦੀ ਸੀ ਕਿ ਫ਼ਲਸਤੀਨੀ ਮਸਲਾ ਕਦੇ ਹੱਲ ਨਾ ਹੋਏ। ਇਹ ਤਾਂ ਉਨ੍ਹਾਂ ਦਾ ਏਜੰਡਾ ਹੀ ਨਹੀਂ ਸੀ। ਏਜੰਡਾ ਹੈ ਉਨ੍ਹਾਂ ਨੂੰ ਜਨਮ ਤੋਂ ਮਰਨ ਤੱਕ ਸ਼ਰਣਾਰਥੀ ਰੱਖੀ ਰੱਖਣਾ। ਅਖ਼ੀਰ ਮੇਰੇ ਪਿਤਾ ਨੂੰ ਇਜ਼ਰਾਇਲ ਨੇ ਮਾਰ ਦਿੱਤਾ ਸੀ, ਫ਼ਿਦਾਈਨ ਹਮਲਿਆਂ ਨੂੰ ਖ਼ਤਮ ਕਰਨ ਦੇ ਲਈ। ਉਨ੍ਹਾਂ ਦੀ ਮੌਤ ਤੋਂ ਬਾਅਦ ਮੇਰੀ ਮਾਂ ਅਤੇ ਮੈਂ, ਮੇਰੇ ਭੈਣਾਂ ਭਰਾ, ਅਸੀਂ ਵਾਪਸ ਕਾਇਰੋ (ਈਜਿਪਟ) ਚਲੇ ਗਏ। ਮੈਂ ਸਿਰਫ਼ ਅੱਠ ਸਾਲਾਂ ਦੀ ਸੀ ਅਤੇ ਮੈਨੂੰ ਚੇਤੇ ਹੈ ਕਿ ਲੋਕ ਉਨ੍ਹਾਂ ਦੇ ਮਰਨੇ 'ਤੇ ਆ ਰਹੇ ਸਨ ਅਤੇ ਮੈਨੂੰ ਕਹਿ ਰਹੇ ਸਨ , "ਵਧਾਈ ਹੋਵੇ! ਤੇਰਾ ਪਿਤਾ ਹੁਣ ਬਹਿਸ਼ਤ ਵਿਚ ਹੈ! ਉਹ ਸ਼ਹੀਦ ਹੋ ਗਿਆ ਹੈ!" ਅਤੇ ਮੈਨੂੰ ਚੇਤੇ ਹੈ ਕਿ ਮੈਨੂੰ ਸ਼ਹੀਦ ਲਫ਼ਜ਼ ਨਾਲ ਨਫ਼ਰਤ ਸੀ, ਮੈਨੂੰ ਜੇਹਾਦ ਲਫ਼ਜ਼ ਨਾਲ ਨਫ਼ਰਤ ਸੀ- ਕਿਉਂਕਿ ਇਹ ਮੇਰੇ ਪਿਤਾ ਨੂੰ ਸਾਥੋਂ ਲੈ ਗਏ। ਪਰ ਮੈਨੂੰ ਇਹ ਸਭ ਕਹਿਣਾ ਨਹੀਂ ਸਾ ਆ ਰਿਹਾ। ਮੈਂ ਆਪਣੇ ਪਿਤਾ ਨੂੰ ਸ਼ਹੀਦ ਹੋਇਆ ਨਹੀਂ ਸੀ ਦੇਖਣਾ ਚਾਹੁੰਦੀ, ਮੈਂ ਚਾਹੁੰਦੀ ਸੀ ਕਿ ਓ=ਇੱਥੇ ਥੱਲੇ ਸਾਡੇ ਨਾਲ ਹੋਣ। ਪਰ ਉਹ ਸਭਿਆਚਾਰ-ਮਹੌਲ, ਉਹ ਨਾਰੀਆਂ ਨੂੰ ਹੱਲਾਸ਼ੇਰੀ ਦਿੰਦਾ ਸੀ ਕਿ ਉਹ ਕੈਮਰੇ ਅੱਗੇ ਖੜ੍ਹੀਆਂ ਹੋ ਕੇ ਕਹਿਣ- 'ਮੈਂ ਆਪਣਾ ਪੁੱਤ ਜੇਹਾਦ ਲਈ ਦੇਣਾ ਚਾਹੁੰਦੀ ਹਾਂ। ਅਤੇ ਮੈਂ ਚਾਹੁੰਦੀ ਹਾਂ ਕਿ ਮੇਰੇ ਹੋਰ ਪੁੱਤ ਵੀ ਜੇਹਾਦ ਵਿਚ ਮਰਨ'। ਉਹ ਨਾਰਾਂ ਜੋ ਅਮਨ ਲਈ ਸਨ, ਜ਼ਿੰਦਗੀ ਲਈ ਸਨ, ਅਨ੍ਹਾਂ ਨੂੰ ਨੀਵਾਂ ਸਮਝਿਆ ਜਾਂਦਾ। ਜਿਹੜੀਆਂ ਜੇਹਾਦ ਲਈ ਖਲੋਂਦੀਆਂ ਉਨ੍ਹਾਂ ਨੂੰ ਉੱਚਾ ਚੁੱਕਿਆ ਜਾਂਦਾ। ਤਾਂ ਜੇ ਨਾਰੀ ਨੇ ਇਸਲਾਮੀ ਸਮਾਜ ਵਿਚ ਇੱਜ਼ਤਦਾਰ ਹੋਣਾ ਹੈ, ਤੁਹਾਨੂੰ ਮਰਦਾਂ ਜਿੰਨਾ ਇਨਕਲਾਬੀ ਹੋਣਾ ਪਏਗਾ, ਜਾਂ ਉਨ੍ਹਾਂ ਤੋਂ ਵੱਧ। ਅਤੇ ਏਸੇ ਲਈ ਬਹੁਤ ਸਾਰੀਆਂ ਨਾਰਾਂ ਚੁੱਪ ਹਨ- ਉਹ ਮਾਣ ਕਰਦੀਆਂ ਹਨ ਆਪਣੇ ਬੱਚੇ ਜੇਹਾਦ ਉੱਤੇ ਵਾਰਨ 'ਤੇ। ਉਹ ਮੇਰੀ ਮਾਂ, ਦਾਦੀ ਨੂੰ ਵਧਾਈ ਦਿੰਦੀਆਂ। ਇਹ ਸੋਚਣ ਦਾ ਬਹੁਤ ਪੁੱਠਾ ਤਰੀਕਾ ਹੈ, ਪਰ ਉਦੋਂ ਮੈਨੂੰ ਇਓਂ ਨਹੀਂ ਸੀ ਲੱਗਦਾ। (ਇੱਕ ਘੰਟੇ ਦੇ ਭਾਸ਼ਣ ਦਾ ਦਸਵਾਂ ਹਿਸਾ- ਸੰ.) STANDTALLISRAEL.COM

ਕੁਝ ਦਿਨ -ਹੋਰ ਦਿਨਾਂ ਵਰਗੇ ਨਾ , ਇੱਕ ਇਨਸਾਨ, ਹੋਰ ਇਨਸਾਨਾਂ ਵਰਗਾ ਨਾ- ਪੂਨਮ ਸਿੰਘ

ਪਿਛਲੇ ਦਿਨਾਂ ਵਿਚ ਪ੍ਰੀਤ ਨਗਰ ਦੇ ਆਸ ਪਾਸ ਦੇ ਕੁਝ ਸਕੂਲਾਂ, ਅਤੇ ਅੰਮ੍ਰਿਤਸਰ ਦੇ ਇੱਕ ਕਾਲਜ ਵਿਚ ਜਾਣ ਦਾ ਮੌਕਾ ਬਣਿਆ- ਨਾਲ ਹੀ, ਉਚੇਚਾ ਫੇਰਾ ਬਟਾਲੇ ਨੇੜੇ ਤੁਗਲਵਾਲ ਪਿੰਡ ਵਿਚ ਕਾਇਮ, ਦੁਨੀਆ ਦੇ ਇੱਕੋ ਇੱਕ ਸਕੂਲ ਜਮ੍ਹਾਂ ਕਾਲਜ ਵਿਚ ਵੀ, ਜਿਸ ਵਿਚ ਵਿਦਿਆਰਥਣਾਂ ਹੀ ਵਿਦਿਆਰਥਣਾਂ ਨੂੰ ਵਧੀਆ ਪੜ੍ਹਾਉਂਦੀਆਂ ਹਨ!! ...(ਬਾਬਾ ਆਇਆ ਸਿੰਘ ਰਿਆੜਕੀ ਸਕੂਲ, ਤੁਗਲਵਾਲ)। **ਇੱਕ ਅਲੋਕਾਰ ਮਹਿਮਾਨ** ਨਾਲ। ਸਿਧਾਰਥ ਮਾਸਕੇਰੀ, "ਕਹਾਣੀ ਰਾਹੀਂ ਰੂਹਾਂ ਰਾਜ਼ੀ ਕਰਦੇ", ਐਨੀਮੇਟਰ, ਫ਼ਿਲਮਮੇਕਰ, ਘੁਮੰਤੂ ਤਜਰਬੇ ਤੋਂ ਸਿੱਖਣਵਾਲੇ! (ਮਾਸਕੇਰੀ ਇਨ੍ਹਾਂ ਦੇ ਪਿੰਡ ਦਾ ਨਾਂ ਹੈ, ਗੋਆ-ਕਰਨਾਟਕ ਦਰਮਿਆਨ ਕੋਂਕਣ ਧਰਤੀ 'ਤੇ , ਗੋਕਰਣਾ, ਸਮੁੰਦਰ ਕਿਨਾਰੇ)। ਇਹ 40 ਕੁ ਸਾਲ ਦਾ ਨੌਜਵਾਨ, ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਕੰਮ ਕਰਦਾ ਹੈ (ਉਨ੍ਹਾਂ ਨੂੰ "Soulify" ਕਰਨ ਰਾਹੀਂ- ਯਾਨੀ ਵਿਦਿਆਰਥੀਆਂ ਵਿਚ ਖ਼ੁਸ਼ੀ ਅਤੇ ਆਪਣੇ ਸੁਫ਼ਨੇ ਵਾਲੀ ਮੰਜ਼ਿਲ ਪਿੱਛੇ ਜਾਨ ਲਾਉਣ ਦੀ ਆਤਮਕ-ਜਾਗ ਲਾਉਣ ਲਈ। ਅੱਜ ਸਰਵਉੱਚ ਐੱਨਆਈਡੀ ਉਨ੍ਹਾਂ ਤੋਂ ਉਨ੍ਹਾਂ ਦੇ ਤਜਰਬੇ ਜਾਨਣਾ ਚਾਹੁੰਦਾ ਹੈ!

ਸਿਧਾਰਥ ਨਾਲ ਮੁਲਾਕਾਤ ਵੀ ਇੱਕ ਖ਼ੂਬਸੂਰਤ ਸਬੱਬ ਸੀ। ਜਾਂ ਇਨਸਾਨੀਅਤ ਦਾ ਜਸ਼ਨ? ਇਨ੍ਹਾਂ ਆਪਣੀ ਲਿਖੀ ਇੱਕ ਕਿਤਾਬ, "Stories for the Inner Child", ਬੱਚਿਆਂ ਅਤੇ ਵੱਡਿਆਂ ਲਈ ਨਿੱਕੀਆਂ ਮੌਲਿਕ ਕਹਾਣੀਆਂ- ਸਫ਼ਲਤਾ ਅਤੇ ਖ਼ੁਸ਼ੀ ਨਾਲ ਜੀਵਨ ਜਿਊਣ ਦੇ ਇੱਕ ਨਵੇਂ, ਹੰਢਾਏ ਨਜ਼ਰੀਏ ਤੋਂ ਮਦਦਗਾਰ- ਮੁਫ਼ਤ ਹੀ ਫ਼ੇਸਬੁੱਕ ਉੱਤੇ ਦਿੱਤੀ ਹੋਈ ਸੀ! ਛੇਤੀ ਹੀ ਅਸੀਂ ਇਨ੍ਹਾਂ ਨਾਲ ਰਾਬਤਾ ਬਣਾਇਆ ਅਤੇ ਪਤਾ ਲੱਗਾ ਕਿ ਇਹ ਅਧਿਆਪਕ-ਸਮੂਹਾਂ ਨੂੰ ਟ੍ਰੇਨਿੰਗ ਦਿੰਦੇ ਹਨ; 3-4 ਸਾਲ ਆਪਣੀ ਗੁਣਵਾਨ ਪਤਨੀ ਅਤੇ 7 ਸਾਲ ਦੇ ਬੇਟੇ ਨਾਲ ਆਪਣੀ ਕਾਰ ਵਿੱਚ ਘੁੰਮਦੇ ਰਹੇ, ਘਰ ਘਾਟ ਵੇਚ ਕੇ! (ਨਾਨਕ ਤੋਂ ਪ੍ਰੇਰਣਾ ਲੈ) ਬਿਨਾ ਪੈਸਾ ਖਰਚਿਆਂ ਇਨ੍ਹਾਂ ਭਾਰਤ ਵੇਖਿਆ - ਬੱਚਾ ਸਕੂਲ ਨਹੀਂ ਭੇਜਿਆ- ਲੋਕਾਂ ਦਿਆਂ ਘਰਾਂ- ਖੇਤਾਂ ਵਿਚ ਕੁਝ ਸਿੱਖਦੇ, ਕੁਝ ਸਿਖਾਉਂਦੇ, ਅਤੇ ਕਦੇ ਕਿਸੇ ਵੀ ਹੋਰ ਕੰਮ ਬਦਲੇ ਰਹਿੰਦੇ; ਓਨਾ ਕੁ ਹੀ ਸਮਾਨ ਰੱਖਦੇ ਜਿੰਨਾ ਕਾਰ ਵਿਚ ਆ ਸਕੇ। ਇਨ੍ਹਾਂ ਦਾ ਪੁੱਤਰ, ਮਾਪਿਆਂ ਕੋਲੋਂ ਪੜ੍ਹਦਾ ਪੜ੍ਹਦਾ, ਹੋਰ ਵੀ ਬਹੁਤ ਕੁਝ ਸਿੱਖਦਾ ਗਿਆ- ਕੱਪੜੇ ਸਿਊਣਾ, ਖਾਣਾ ਬਨਾਉਣਾ, ਤਰਖਾਣਾ ਕੰਮ, ਖੇਤੀਬਾੜੀ, ਜੇਰਾ, ਉੱਦਮ, ਸਵੈ-ਵਿਸ਼ਵਾਸ...ਸਭ ਤੋਂ ਵੱਧ ਸੁਆਦ ਉਸਨੂੰ ਹਵਾਈ ਜਹਾਜ਼ਾਂ ਬਾਰੇ ਸਭ ਕੁਝ ਜਾਨਣ ਵਿਚ ਆਉਂਦਾ- ਅਤੇ ਅੱਜ 11 ਸਾਲ ਦੀ ਉਮਰ ਵਿਚ ਉਹ ਆਪ ਇਨ੍ਹਾਂ ਬਾਰੇ ਵਿਗਿਆਨ ਅਤੇ ਤਕਨਾਲੋਜੀ ਉੱਤੇ ਚੰਗੇ ਭਾਸ਼ਣ ਦੇ ਸਕਦਾ ਹੈ! ਹੁਣ ਭਾਰਤ ਦੇ ਓਪਨ ਸਕੂਲ ਤੋਂ ਉਸਦੀ 10ਵੀਂ ਦੇ ਇਮਤਿਹਾਨ ਦੀ ਤਿਆਰੀ ਵਿਚ, ਅਨੋਖੀ ਬਸਤੀ "ਔਰੋਵਿਲ" ਨੂੰ ਚੁਣ, ਇਹ ਟੱਬਰ ਨਿੱਕਾ ਓਥੇ ਟਿਕਿਆ ਹੈ।

ਏਧਰ, "ਨਵੋਦਯਾ ਸਕੂਲਾਂ" ਦੀ ਲੜੀ ਵਿੱਚੋਂ ਇੱਕ ਸਕੂਲ, ਝੰਡ ਭੀਲੋਵਾਲ, ਐਨ ਪ੍ਰੀਤ ਨਗਰ ਦੇ ਨੇੜੇ ਹੈ, ਜਿੱਥੇ ਅਸੀਂ ਵੀ ਇੱਕ ਦਿਨ ਬੱਚਿਆਂ ਨਾਲ ਕੁਝ ਅਜਿਹੀ ਸਰਗਰਮੀ ਕੀਤੀ ਸੀ। ਹੁਣ ਪਤਾ ਲੱਗਾ ਕਿ ਇਸੇ ਸਕੂਲ ਦੇ ਕੈਂਪਸ ਵਿਚ- ਉੱਤਰੀ ਭਾਰਤ ਦੇ ਸਾਡੇ 3 ਸੂਬਿਆਂ ਅਤੇ ਚੰਡੀਗੜ੍ਹ ਦੇ- 58 ਸਕੂਲਾਂ ਦੇ ਨਵੋਦਯਾ ਅਧਿਆਪਕਾਂ ਦੀ ਸਿਖਲਾਈ ਚੱਲਦੀ ਰਹਿੰਦੀ ਹੈ -ਇਹ ਭਾਰਤ ਦੇ ਕੁੱਲ 8 ਅਜਿਹੇ ਕੇਂਦਰਾਂ ਵਿੱਚੋਂ ਇੱਕ ਹੈ! ਮਾਹਿਰਾਂ ਤੋਂ ਅਰਜ਼ੀ ਮਿਲਣ 'ਤੇ ਸਿਖਲਾਈ ਦੇਣ ਦਾ ਮੌਕਾ ਦਿੰਦਾ। ਅਸੀਂ ਸਿਧਾਰਥ ਮਾਸਕੇਰੀ ਨੂੰ ਕਿਹਾ: ਕਿਉਂ ਨਹੀਂ ਉਹ 5-6 ਦਿਨ ਸਾਡੇ ਕੋਲ ਆਉਂਦੇ- ਇਸ ਕੇਂਦਰ ਦੀ ਡੀਸੀ ਮੈਡਮ ਨੂੰ ਵੀ ਨਿਜੀ ਤੌਰ 'ਤੇ ਮਿਲਦੇ- ਅਤੇ ਨਾਲ ਹੀ, ਸਾਡੇ ਸੱਦੇ 'ਤੇ, ਆਸ ਪਾਸ ਦੇ ਸਕੂਲਾਂ, ਕਾਲਜਾਂ ਦੇ ਅਧਿਆਪਕਾਂ, ਵਿਦਿਆਰਥੀਆਂ ਨੂੰ ਕੁਝ ਸਮਾਂ ਦੇਂਦੇ? ਹੈਰਾਨੀ! ਉਨ੍ਹਾਂ ਕਿਹਾ ਉਹ ਆ ਰਹੇ ਹਨ- ਇੱਕ ਪਾਸੇ ਦੀ ਆਪਣੀ ਹਵਾਈ ਟਿਕਟ ਦੀ ਨਕਲ ਵੀ ਭੇਜ ਦਿੱਤੀ! ਇਹ ਆਪਸੀ ਆਦਰਸ਼ਕ ਵਿਸ਼ਵਾਸ, ਸਮਰਪਣ- ਟੁੰਬਵਾਂ ਸੀ, ਜਿਵੇਂ ਕਿ ਅਸੀਂ ਸਭ, ਗਾਂਧੀ ਜਾਂ ਭਗਤ ਸਿੰਘ, ਬੋਸ ਜਾਂ ਅੰਬੇਡਕਰ ਵਰਗਿਆਂ ਦੀ ਸਾਂਝ ਕਰਕੇ, ਰਿਸ਼ਤੇਦਾਰ ਹੋਈਏ!! ਸੋ ਪਾਠਕੋ, ਇਹ ਲੱਭਾ ਹੈ, ਕਿ ਜੇ ਏਨੀ ਦੂਰੋਂ ਬੁਲਾਏ ਕਿਸੇ ਅਜਿਹੇ ਮਾਹਿਰ ਨੂੰ ਵੀ ਸਾਡੇ ਆਸ ਪਾਸ ਦੇ 1100 ਵਿਦਿਆਰਥੀਆਂ ਅਤੇ 200 ਦੇ ਕਰੀਬ ਅਧਿਆਪਕਾਂ, ਪ੍ਰਿੰਸੀਪਲਾਂ ਨਾਲ ਗੱਲਬਾਤ ਤੋਂ ਵੱਖਰਾ ਕੁਝ ਸਿੱਖਣ ਦਾ ਮੌਕਾ ਮਿਲੇ- ਤਾਂ ਫ਼ੀ ਜਣਾ 12-13 ਰੁ. ਹੀ ਤਾਂ ਲੱਗਾ! (ਇੱਕੋ ਵਾਰ ਆਖਿਆਂ ਕਨੇਡਾ ਤੋਂ ਇੱਕ ਪਿਆਰੀ ਸੂਝਵਾਨ ਪੰਜਾਬਣ ਨੇ ਤਕਰੀਬਨ ਅੱਧਾ ਹਿੱਸਾ ਸਾਡਾ ਹੱਥ ਵਟਾਇਆ!)

ਇੱਧਰ ਅਸੀਂ **"ਨਵਤੇਜ ਸਿੰਘ ਜਨਮਸ਼ਤਾਬਦੀ ਦੇ ਜਸ਼ਨਾਂ"** ਦੇ ਹਿੱਸੇ ਵਜੋਂ ਝਟਪਟ ਸਰਕਾਰੀ, ਨਿੱਜੀ ਸਕੂਲਾਂ, ਕਾਲਜਾਂ ਨਾਲ ਪਰੋਗਰਾਮ ਉਲੀਕਿਆ। ਸਿਧਾਰਥ ਮਾਸਕੇਰੀ ਨੇ ਪੌਣੇ-ਪੌਣੇ ਘੰਟੇ ਦੇ ਸੈਸ਼ਨਾਂ ਵਿਚ ਬਹੁਤ ਕੁਝ ਦੱਸਿਆ, ਪੁੱਛਿਆ ਅਤੇ ਦਿਲਾਂ ਦਿਮਾਗ਼ਾਂ ਨੂੰ ਟੋਹ, ਸੋਚੀਂ ਲਾਇਆ। ਆਪਣੀ ਨਿੱਕੀ ਗਿਟਾਰ, ਯੁਕੇਲੇਲੇ, ਵਜਾਅ ਕੇ ਕੁਝ ਅਨੋਖੇ-ਪ੍ਰੇਰਕ ਗੀਤ ਵੀ ਸੁਣਾਏ- ਉਨ੍ਹਾਂ ਵਰਗੇ ਹੀ ਉਨ੍ਹਾਂ ਦੇ ਇੱਕ ਮਿੱਤਰ "ਦੇਵ" ਦੇ ਲਿਖੇ, ਜੋ ਮੂੰਹ ਚੜ੍ਹ ਗਏ, ਜਿਵੇਂ- **"ਜ਼ਿੰਦਗੀ ਮੁਬਾਰਕ ਹਮ ਸਭ ਕੋ! ਅਤੇ "ਇਸ਼ਕ ਸੇ ਕਟੇਗੀ ਜ਼ਿੰਦਗੀ!"** (ਆਓ, "ਦੇਵ" ਨੂੰ ਵੀ ਬੁਲਾਈਏ!) ਨੌਜਵਾਨਾਂ ਨੂੰ ਜ਼ਰੂਰ ਸਮਝ ਆਈ ਹੋਏਗੀ ਜਿਵੇਂ ਅਸੀਂ ਉਨ੍ਹਾਂ ਨੂੰ ਕਿਹਾ ਕਿ - ਬੇਸ਼ੁਮਾਰ ਲੋਕ ਹਨ ਜਿਨ੍ਹਾਂ ਦਾ ਸੁਫ਼ਨਾ ਇਹੋ ਹੈ ਕਿ



ਨੌਜਵਾਨਾਂ ਦੇ ਸੁਫ਼ਨੇ ਪੂਰੇ ਹੋਣ! ਉਨ੍ਹਾਂ ਲਈ ਫ਼ਿਲਮਾਂ ਬਣਾਉਂਦੇ, ਨਾਟਕ ਕਰਦੇ, ਲਿਖਦੇ, ਪੜ੍ਹਾਉਂਦੇ...ਹਿੰਮਤ ਨਾ ਛੱਡਣ..

ਸਿਧਾਰਥ ਨੇ ਸਭ ਨੂੰ ਦੱਸਿਆ ਕਿ ਕਿਵੇਂ ਉਨ੍ਹਾਂ ਸਿਰਫ਼ ਆਪਣੇ ਮਾਪਿਆਂ ਦੀ ਮਰਜ਼ੀ ਕਾਰਨ ਮਾਈਕ੍ਰੋਬਾਇਔਲੋਜੀ ਦੀ ਬੀਐੱਸਸੀ ਕੀਤੀ, ਪਰ ਖ਼ੁਸ਼ ਨਹੀਂ ਸਨ- ਕਹਾਣੀਆਂ ਸੁਨਾਉਣਾ ਚਾਹੁੰਦੇ ਸਨ, ਐਨੀਮੇਸ਼ਨ ਰਾਹੀਂ! ਫਿਰ ਜਦੋਂ ਹੀ ਆਪਣੇ ਸਿਰ ਹੋਏ ਇਹੋ ਰਾਹ ਚੁਣਿਆ- (ਸਬੱਬੀ ਇੱਕ ਪਰਮੰਨੇ ਐਨੀਮੇਸ਼ਨ ਮਾਹਿਰ ਨੇ ਉਨ੍ਹਾਂ ਨੂੰ ਇਹ ਹੁਨਰ ਸਿਖਾਅ ਦਿੱਤਾ- ਜਿਸ ਕੰਮ ਵਿਚ ਮਗਨ ਤਾਂ ਉਹ 70-70 ਘੰਟੇ ਵੀ ਬਿਨਾ ਭੁੱਖ-ਪਿਆਸ ਲੱਗੇ ਬੈਠੇ ਰਹਿੰਦੇ ਸਨ!) ਉਨ੍ਹਾਂ ਕਿਹਾ- ਆਪਣੇ ਦਿਲ ਦੀ ਮੰਜ਼ਿਲ ਲੱਭਿਆਂ ਸਫ਼ਲਤਾ, ਖ਼ੁਸ਼ੀ ਅਤੇ ਸਿਹਤ ਵੀ ਲੱਭ ਪਏਗੀ। ਉਨ੍ਹਾਂ ਅਧਿਆਪਕਾਂ ਨੂੰ ਵੀ ਕਿਹਾ ਕਿ ਉਹ ਵੀ ਹਰ ਰੋਜ਼ ਕੁਝ ਨਵਾਂ ਸਿੱਖਣ- ਭਾਵੇਂ ਕੋਈ ਨਵੀਂ ਭਾਸ਼ਾ, ਜਾਂ ਕੋਈ ਮੁਹਾਰਤ- ਸਿਰਜਣਸ਼ੀਲਤਾ ਅਤੇ ਖ਼ੁਸ਼ੀ ਬਣੀ ਰਹੇਗੀ। ਉਨਹਾਂ ਇਕ ਕਹਾਣੀ ਸੁਣਾਈ, ਸਬਕ ਵਾਲੀ- "ਕਈ ਵਾਰ ਕੋਈ ਸਾਡੀ ਮਦਦ ਕਰਨ ਵਾਲੇ ਖੰਭ ਸਾਨੂੰ ਲਾਉਣਾ ਚਾਹੁੰਦਾ ਹੁੰਦਾ ਹੈ- ਪਰ ਅਸੀਂ ਝਟਕ ਕੇ ਨਾਂਹ ਕਰ ਦਿੰਦੇ ਹਾਂ!" ਇਹ ਵੀ ਸੁਝਾਇਆ ਕਿ "ਸਭ ਤੋਂ ਮੂਰਖ ਲੱਗਦੇ ਫੁਰਨੇ ਹੀ ਸਭ ਤੋਂ ਵੱਧ ਕੀਮਤੀ ਹੋ ਸਕਦੇ ਹੁੰਦੇ ਹਨ!" ਕਾਗਜ਼ ਉੱਤੇ ਘਰ ਵਾਹੁਣ ਨੂੰ ਕਿਹਾ ਤਾਂ ਸਭ ਓਹੋ ਇੱਕੋ ਪਹਾੜੀ ਕਿਸਮ ਦਾ ਨਿੱਕਾ ਜਿਹਾ ਵਾਹ ਰਹੇ ਸਨ- "ਪਰ ਘਰ ਤਾਂ ਬਹੁਤ ਕਿਸਮ ਦੇ ਹੁੰਦੇ ਹਨ- ਜਾਨਵਰਾਂ, ਪੰਛੀਆਂ ਦੇ ਵੀ!" ਅਖੀਰ ਇੱਕ ਕੁੜੀ ਨੇ ਕਿਹਾ- "ਵਿਚਾਰਾਂ ਦਾ ਘਰ -ਦਿਮਾਗ਼?" ਸਭ ਨੇ ਤਾੜੀਆਂ ਮਾਰੀਆਂ। ਉਸ ਕੁੜੀ ਨੇ ਬਹੁਤ ਖੁਸੀ ਨਾਲ "ਧੰਨਵਾਦ" ਆਖਿਆ ਅਤੇ ਕਿਹਾ- "ਜਦੋਂ ਤੁਸੀਂ ਕਿਹਾ ਕਿ ਸਭ ਤੋਂ ਝੱਲੇ ਲੱਗਦੇ ਵਿਚਾਰ ਹੀ ਤਕੜੇ ਹੁੰਦੇ ਹਨ- ਮੈਂ ਹਿੰਮਤ ਕਰ ਕੇ ਇਹ ਜੁਆਬ ਦਿੱਤਾ।" ਉਸਨੂੰ ਕਿਹਾ ਗਿਆ- "ਤੇਰੇ ਵਰਗੀ ਨੂੰ ਹੀ ਨੈਸ਼ਨਲ ਇੰਸਟੀਟਿਊਟ ਆਫ਼ ਡਿਜ਼ਾਈਨ ਵਿਚ ਦਾਖ਼ਲਾ ਮਿਲ ਸਕਦਾ ਹੈ, ਜਿੱਥੇ ਬਹੁਤ ਹੀ ਜ਼ਿਆਦਾ ਮੁਕਾਬਲਾ ਹੈ!"

ਇਸ ਕੁੜੀ ਦੀ ਅਜਿਹੀ ਨੀਂਹ ਪੱਕੀ ਹੋਈ ਦਿਸਣ ਤੋਂ ਅਸੀਂ ਸਮਝ ਸਕਦੇ ਹਾਂ ਕਿ ਬੱਚਿਆਂ ਅਤੇ ਅਧਿਆਪਕਾਂ ਲਈ ਅਜਿਹੇ ਮੌਕੇ ਕਿੰਨੇ ਕੀਮਤੀ ਸਾਬਤ ਹੋ ਸਕਦੇ ਹਨ।

THE OLDEST
LITERARY
PUNJABI MAGAZINE
IN THE WORLD

ਅੰਕ # 11
ਕੁਲ ਅੰਕ 936
ਨਵੰਬਰ 2025
ਸਾਲ 92ਵਾਂ

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ
ਸੰਪਾਦਕ ਸੁਮੀਤ
ਸਿੰਘ ਦੀ ਯਾਦ
ਵਿਚ ਅਤੇ ਸ੍ਰੀ
ਪੀ ਐੱਚ ਵੈਸ਼ਨਵ
(IAS) ਮਰਹੂਮ ਦੇ
ਅਨੂਠੇ ਉਤਸ਼ਾਹ
ਦੇਣ ਸਦਕਾ
ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

₹50	ਮੁੱਲ
₹600	ਸਾਲਾਨਾ ਚੰਦਾ
₹25,000	ਜੀਵਨ ਸਾਥ (ਭਾਰਤ)
₹4,000	ਵਿਦੇਸ਼ ਸਲਾਨਾ
₹8,000	ਵਿਦੇਸ਼ ਸੰਸਥਾਵਾਂ ਸਲਾਨਾ

https://preetlari.in
Preet Lari's Blog

@preetlarimagazine on Instagram

facebook.com/groups/preetlari

email: preetlarhi@gmail.com

youtube: @preetlaripreetnagar

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

CONTACT:
PREET LARI,
VILLAGE PREET NAGAR
(DISTT AMRITSAR) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

FOR BANK TRANSFER,
OUR BANK ACCOUNT :
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
FOR UPI/GOOGLEPAY
9876263725

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ ।"

ਸੰਪਾਦਕਾ, ਪ੍ਰੀਤ ਲੜੀ

ਸ ਸੰਪਾਦਕੀ
ਭ ਭਖਦਾ
ਕਾਂ ਕਵਿਤਾ
ਨਾ ਨਾਟਕ

ਕ ਕਹਾਣੀ
ਯ ਯਾਦ
ਜ ਜਾਣਕਾਰੀ
ਹ ਹਾਸ ਰਸ

ਦ ਦਾਰ ਜੀ ਨੂੰ ਯਾਦ ਕਰਦਿਆਂ
ਨ ਨਵੀਂ ਕਿਤਾਬ
ਲ ਲੜੀਵਾਰ
ਮੁ ਮੁਲਾਕਾਤ

ਬ ਬਾਲਾਂ ਲਈ
ਹੁੰ ਹੁੰਗਾਰੇ
E English Matter

ਮੁੱਖ ਸਫ਼ਾ : ਗਗਨ ਮੈ ਥਾਲ (Gagan Mei thaal)
48"x 66" Gold Leaf and Mineral pigments on canvas / Sidharth

03 ਸ ਕੁਝ ਦਿਨ – ਹੋਰ ਦਿਨਾਂ ਵਰਗੇ ਨਾ... ਇੱਕ ਇਨਸਾਨ ਹੋਰ ਇਨਸਾਨਾਂ ਵਰਗਾ ਨਾ — ਪੂਨਮ ਸਿੰਘ

02 ਖ ਇਜ਼ਰਾਇਲ-ਹਮਾਸ ਜੰਗ ਖ਼ਤਮ – ਇੱਕ ਰਾਹਤ ! ਅਤੇ ਇੱਕ ਰੀਲ

38 ਦ ਤਿੰਨ ਸਿੱਖਿਆਦਾਇਕ ਸ਼ਖ਼ਸੀਅਤਾਂ-2 — ਗੁਰਬਖ਼ਸ਼ ਸਿੰਘ

06 ਕਾਂ ਕੁਝ ਕਵਿਤਾਵਾਂ — ਸ਼ੰਕਰਾਨੰਦ

17 ਕਾਂ ਸਾਹ ਦਾ ਰਿਣ — ਨਵਤੇਜ ਭਾਰਤੀ

18 ਖ ਅਨੁਪਰਣਾ ਰੌਇ ਭਾਰਤੀ ਸਿਨੇਮੇ ਦਾ ਇਤਿਹਾਸ ਲਿਖ ਰਹੀ

29 ਕਾਂ ਸੀਰੀਆਈ ਕਵਿਤਾਵਾਂ — ਨਿਜ਼ਾਰ ਕੱਬਾਨੀ

32 ਖ ਨਾਰਾਂ ਦਾ ਕੁਦਰਤੀ ਕਲਾਤਮਕ ਸੁਹਜ — ਸਿਧਾਰਥ

42 ਖ ਭਗਤ ਸਿੰਘ ਬਾਰੇ ਸ਼ਬਦ- — ਸੋਹਨ ਸਿੰਘ ਭਕਨਾ ਦੇ

42 ਖ ਮੇਰੀ ਵਸੀਅਤ — ਅੰਮ੍ਰਿਤਾ ਪ੍ਰੀਤਮ

51 ਖ ਕਸ਼ਮੀਰ ਉੱਤੇ ਅਫ਼ਗ਼ਾਨਾਂ ਦੇ ਰਾਜ ਦੇ ਸਮੇਂ ਦੇ ਭਿਆਨਕ ਸੱਚ — Francois Gautier

07 ਕ ਇਸ਼ਕ ਦਾ ਰੰਗ ਗ੍ਰੇਅ — ਰੰਜਨਾ ਜਾਇਸਵਾਲ

11 ਕ ਬਸ਼ੀਰਾ — ਨਵਤੇਜ ਸਿੰਘ

13 ਕ ਬਾਸਮਤੀ ਦੀ ਮਹਿਕ — ਨਵਤੇਜ ਸਿੰਘ

27 ਕ ਬੁੱਢੇ ਦਾ ਭੂਤ (ਅਨੁ: ਨਵਤੇਜ ਸਿੰਘ) – 100ਵਾਂ ਜਨਮ ਦਿਨ — ਟੈਗੋਰ

17 ਕਾਂ ਤੇਰੀ ਤਲਾਸ਼ ਵਿਚ — ਚਰਨਜੀਤ ਸਮਾਲਸਰ

17 ਕਾਂ ਮਾਂ ਦੀਆਂ ਦੁਆਵਾਂ. ਮੇਜਰ (ਡਾ.) ਭਵਨੀਤ ਸਿੰਘ ਧਾਲੀਵਾਲ

18 ਕਾਂ ਅਚਾਰ ਦੀ ਕਾਮਨਾ — ਜਸਵੀਰ ਤਿਆਗੀ (ਡਾ.)

23 ਕਾਂ ਲਹਿੰਗੇ ਵਾਲੀ ਕੁੜੀ ਬਨਾਮ ਨਾਰੀ ਵੇਦਨਾ — ਅੰਮ੍ਰਿਤ ਦੀਵਾਨਾ

19 ਵਿ ਮੈਂ ਤੈਨੂੰ ਐਵੇਂ ਸਮਝਦੀ ਸੀ — ਹਰੀ ਕ੍ਰਿਸ਼ਨ ਮਾਇਰ

21 ਕ ਔਨਲਾਈਨ ਪੜ੍ਹਾਈ ਦਾ ਭੁਲੇਖਾ — ਡਾ. ਸੰਦੀਪ ਸਿੰਘ ਮੁੰਡੇ

23 ਯ ਜਦੋਂ ਅੰਗ੍ਰੇਜ਼ੀ ਮੁੱਕ ਗਈ — ਸੁਖਪਾਲ ਸਿੰਘ ਗਿੱਲ

24 ਯ ਅਸਲੀ ਹੀਰਾ — ਅਮਰ ਜਿੰਦ

24 ਯ ਨਵੀਂ ਪੀੜ੍ਹੀ, ਬਈ! — (ਰੱਤੀ ਕੰਤ ਸਿੰਘ)

46 ਯ ਅੰਬੈਸੇਡਰ ਕਾਰ ਵਾਲੇ ਪ੍ਰਾਹੁਣੇ — ਮੱਖਣ ਮਾਨ

25-28 ਨਿੱਕਿਆਂ ਦੀ ਨੁੱਕਰ

32 ਲ ਉਹ ਜਿਊਂਦੀ ਏ -26 ਅੰਗ੍ਰੇਜ਼ੀ ਕਿਤਾਬ (2018) (ਇਮਰੋਜ਼ ਨਾਲ ਅੰਮ੍ਰਿਤਾ, ਪਿਆਰ ਬਾਰੇ ਗੱਲਾਂ) — ਡਾ. ਉਮਾ ਤ੍ਰਿਲੋਕ

38 ਲ ਰੇਡੀਓ ਦੀਆਂ ਯਾਦਾਂ -21 — ਦੇਵਿੰਦਰ ਮਹਿੰਦਰੂ

40 ਲ ਕੋਈ ਏਨਾ ਸੌਖਾ ਨਹੀਂ ਭਾਰਤ-ਚੀਨ ਦੇ ਸੰਬੰਧਾਂ ਦਾ ਠੀਕ ਹੋਣਾ — ਬਲਰਾਜ ਸਿੰਘ ਸਿੱਧੂ ਏਡੀਜੀ (ਰਿਟ.)

43 ਲ ਪੂਰਕ-ਸੁਆਦ ਸੋਫ਼ੀ ਦਾ ਸੰਸਾਰ – — ਯੌਸਤੀਨ ਗਾਰਦਰ

47 E Ghazals in English — Sudeep Sen

49 E Why is Indian Women's Welfare Devalued? — Alice Evans

ਕੁਝ ਕਵਿਤਾਵਾਂ

ਸ਼ੰਕਰਾਨੰਦ

(ਖਗੜੀਆ, ਬੀਹਾਰ

ਚੇਤੇ ਲਈ ਥਾਂ

ਭੁੱਲਣ ਦੀਆਂ ਆਦਤਾਂ ਵਿੱਚ
ਚੇਤੇ ਲਈ ਥਾਂ
ਰੁੱਖ ਉੱਤੇ ਚਿੜੀ ਦਾ ਆਲ੍ਹਣਾ
ਜਿੰਨਾ ਹੈ ਓਨੀ ਹੀ ਨਿੱਕੀ
ਓਨੀ ਹੀ ਕਮਜ਼ੋਰ
ਓਨੀ ਹੀ ਨਾਜ਼ੁਕ
ਇੱਕ ਰੋੜੇ ਦੀ ਸੱਟ ਵੀ
ਉਸ ਲਈ ਅਸਹਿ ਹੈ

ਥੋੜ੍ਹੀ ਜਿਹੀ ਤੇਜ਼ ਹਵਾ ਵਿਚ ਹੀ
ਚੇਤੇ ਕੰਬਣ ਲੱਗਦੇ ਹਨ
ਜਿਵੇਂ ਚਿੜੀ ਦਾ ਆਲ੍ਹਣਾ
ਨ੍ਹੇਰੀਆਂ ਵਿਚ ਡਰਦਾ ਡਰਦਾ
ਕੰਬਦਾ ਹੈ।

ਰੋਟੀ ਦੀ ਤਸਵੀਰ

ਇਓਂ ਤਾਂ ਰੋਟੀ ਕਿਸੇ ਵੀ ਰੂਪ 'ਚ ਹੋਏ
ਸੁਹਣੀ ਲੱਗਦੀ ਐ

ਉਸਦੇ ਪਿੱਛੇ ਦੀ ਅੱਗ
ਚੁੱਲ੍ਹੇ ਦੀ ਮਹਿਕ ਅਤੇ
ਬਨਾਉਣ ਵਾਲੇ ਦੀ ਛਾਪ ਨਹੀਂ ਦਿਸਦੀ
ਪਰ ਹੁੰਦੀ ਹਮੇਸ਼ਾ ਰੋਟੀ ਦੇ ਨਾਲ ਐ

ਉਹ ਥਾਲ 'ਚ ਹੋਏ
ਹੱਥ 'ਚ ਹੋਏ

ਮੂੰਹ 'ਚ ਹੋਏ
ਜਾਂ ਕਿਸੇ ਭਾਂਡੇ 'ਚ ਹੋਏ
ਤਾਂ ਉਸਦਾ ਵਿਖਣਾ
ਉਮੀਦ ਵਾਂਗ ਚਮਕ ਜਾਂਦਾ ਐ

ਪਰ ਇਹ ਕਿੰਨਾ ਤਕਲੀਫ਼ਦੇਹ ਐ ਕਿ
ਰੋਟੀ ਪਟੜੀ 'ਤੇ ਐ
ਉਹਨੂੰ ਖਾਣ ਵਾਲੇ ਟੁਕੜਿਆਂ ਵਿਚ
ਖਿੱਲਰ ਗਏ ਨੇ

ਉਹ ਓਹੀ ਲੋਕ ਨੇ ਜਿਹੜੇ
ਓਸੇ ਰੋਟੀ ਲਈ ਦਰ-ਦਰ ਦੀਆਂ
ਠੋਕਰਾਂ ਖਾਂਦੇ ਹੋਏ
ਰੋਜ਼ ਜਿਊਂਦੇ ਰਹੇ ਮਰਦੇ ਰਹੇ
ਆਪਣੇ ਘਰੋਂ ਹਜ਼ਾਰਾਂ ਮੀਲ ਦੂਰ

ਪਰ
ਕਦੇ ਪਤਾ ਨਹੀਂ ਲੱਗਣ ਦਿੱਤਾ
ਕਿ ਇਸ ਰੋਟੀ ਤੱਕ ਪੁੱਜਣਾ ਕਿੰਨਾ
ਮੁਸ਼ਕਲ ਐ
ਅੱਜ ਜਦੋਂ ਉਹ ਨਹੀਂ ਹਨ ਤਾਂ
ਉਨ੍ਹਾਂ ਦਾ ਤਸੀਹਾ
ਸਾਹਮਣੇ ਆਇਆ ਐ
ਇਹ ਸਿਰਫ਼ ਰੋਟੀ ਨਹੀਂ ਜਿਸਦੀ
ਸਿਫ਼ਤ 'ਚ
ਕਸੀਦੇ ਕੱਢੇ ਜਾਣ

ਇਹ ਇਸ ਬੇਕਿਰਕ-ਜਾਂਗਲੀ ਸਮੇਂ
ਦੀ ਜਿਊਂਦੀ ਗਵਾਹੀ ਐ
ਜੋ ਦੱਸ ਰਹੀ ਐ ਕਿ

ਉਹ ਕੌਣ ਲੋਕ ਸਨ ਜਿਨ੍ਹਾਂ ਨੂੰ
ਇਸ ਹਾਲ ਪਹੁੰਚਾਅ ਦਿੱਤਾ ਗਿਆ
ਉਹ ਭੁੱਖੇ ਸਨ ਜਾਂ ਖਾ ਚੁੱਕੇ ਸਨ
ਇਹ ਕੋਈ ਨਹੀਂ ਜਾਣਦਾ

ਪਰ ਏਨਾ ਜ਼ਰੂਰ ਐ ਕਿ ਉਨ੍ਹਾਂ ਰੋਟੀ
ਪਟੜੀ 'ਤੇ ਖਿਲਾਰਨ ਲਈ ਤਾਂ
ਬਿਲਕੁਲ ਨਹੀਂ ਹੋਏਗੀ ਬਣਾਈ

ਇਸ ਰੱਜੀ ਹੋਈ ਦੁਨੀਆ ਦੇ ਮੂੰਹ 'ਤੇ
ਇਹ ਸਭ ਤੋਂ ਵੱਡੀ ਚਪੇੜ ਐ

ਲਹੂ ਨਾਲ ਲਥਪਥ ਉਨ੍ਹਾਂ ਦੀਆਂ
ਰੋਟੀਆਂ
ਦੁਨੀਆ ਵੇਖ ਰਹੀ ਐ।

ਨਮਕ ਵਾਂਗੂੰ

ਮੈਂ ਹਰ ਚੀਜ਼
ਨਮਕ ਵਾਂਗੂੰ ਗਲਦੀ ਵੇਖਦਾ ਹਾਂ
ਵਰਖਾ ਵਿਚ ਸੁੱਕਦਾ ਐ ਸੰਘ
ਓਸ ਹਥੇਲੀ ਨੂੰ ਲੱਭਦਾਂ ਜੋ ਨਿੱਘੀ ਐ

ਨੀਂਦ ਦਾ ਪਤਾ ਇੱਕ ਗਲੀ-ਸੜੀ ਰਾਤ ਐ
ਸੁਫ਼ਨਾ ਕਿਸੇ ਘਣੇ ਵਣ ਦਾ ਹਨੇਰਾ

ਜਿਨ੍ਹਾਂ ਲੋਕਾਂ ਮੈਨੂੰ ਘੇਰ ਲਿਆ ਐ
ਉਹ ਭਰੋਸੇ ਦੇ ਕਾਬਲ ਨਹੀਂ ਹਨ
ਹਰ ਵਾਰ ਉਨ੍ਹਾਂ ਦੀ ਬੋਲੀ
ਸ਼ੱਕ ਦੀ ਬੋਲੀ ਲੱਗਦੀ ਐ

ਇੱਕੋ ਝੂਠ ਦੁਹਰਾਈ ਜਾਂਦਾ ਵਾਰ ਵਾਰ
ਛਲ ਦੀਆਂ ਅੱਖਾਂ 'ਚ ਬੇਹਿਸਾਬ
ਮੋਹ-ਤਰਸ ਐ
ਜਿਸਨੂੰ ਰੋਂਦਾ ਵੇਖਦਾਂ ਸਭ ਦੇ ਸਾਹਮਣੇ
ਓਸ 'ਤੇ ਭਰੋਸਾ ਨਹੀਂ ਹੁੰਦਾ ਹੁਣ

ਆਖਰ ਕੋਈ ਏਨੀ ਮੌਤ ਅਤੇ
ਏਨੀ ਹਾਅ ਦਾ ਬੋਝ ਦਿਲ 'ਤੇ ਰੱਖੀ

ਜਿਊਂਦਾ ਕਿਵੇਂ ਰਹਿ ਸਕਦਾ ਐ!

ਨੀਂਦ 'ਚ ਅੱਗ

ਅਖ਼ਬਾਰ ਵਿਚ ਖ਼ਬਰ ਐ ਕਿ
ਚਾਲੀ ਤੋਂ ਵੱਧ ਲੋਕ
ਅੱਗ ਵਿਚ ਸੜ ਕੇ ਮਰ ਗਏ

ਏਸ ਖ਼ਬਰ ਦੇ ਨਾਲ

ਅੱਗ ਦੀ ਤਸਵੀਰ ਐ
ਰੋਣ ਵਾਲੇ ਸਕਿਆਂ ਦੀ ਤਸਵੀਰ ਐ

ਸਰਕਾਰ ਜਤਾਏ ਦੁੱਖ ਦੀ ਤਸਵੀਰ ਐ

ਐਪਰ

ਉਨ੍ਹਾਂ ਦੀ ਤਸਵੀਰ ਨਹੀਂ ਐ
ਜਿਨ੍ਹਾਂ ਦੀ ਵਜ੍ਹਾ ਨਾਲ ਇਹ ਹਾਦਸਾ ਹੋਇਆ

ਜਿਹੜੇ ਸੜ ਕੇ ਮਰੇ
ਉਹ ਨੀਂਦ ਵਿਚ ਗੁਆਚੇ ਹੋਏ ਸਨ

ਕੰਮ ਦੀ ਥਕਾਵਟ ਦੇ ਬਾਅਦ
ਉਹ ਵੀ ਨੀਂਦ ਵਿਚ ਸਨ

ਜਿਹੜੇ ਜਾਣਦੇ ਸਨ ਕਿ
ਅੱਗ ਲੱਗਣ ਤੋਂ ਬਚਣ ਦਾ

ਨਹੀਂ ਐ ਜੇ ਕੋਈ ਉਪਾਅ ਤਾਂ,
ਇੱਕ ਨਾ ਇੱਕ ਦਿਨ
ਇਹ ਤਬਾਹੀ ਤੈਅ ਐ

ਫ਼ਰਕ ਸਿਰਫ਼ ਨੌਕਰ ਤੇ ਮਾਲਕ ਹੋਣ ਦਾ ਐ
ਜੋ ਮਾਲਕ ਸਨ ਉਹ ਫ਼ੈਕਟ੍ਰੀ ਦੇ ਬਾਹਰ ਸਨ
ਏਸੇ ਲਈ ਬਚ ਗਏ
ਅੱਗ ਲੱਗਣ ਦੇ ਬਾਅਦ

ਉਹ ਫ਼ੈਕਟ੍ਰੀ ਦੀ ਰੰਗਾਈ ਪੁਤਾਈ ਦੇ ਬਾਅਦ
ਫੇਰ ਨੌਕਰਾਂ ਦੀ ਬਹਾਲੀ ਦਾ ਇਸ਼ਤਿਹਾਰ
ਕੱਢਣਗੇ
ਐਨ ਓਸੇ ਤਰ੍ਹਾਂ ਜਿਵੇਂ ਪਿਛਲੀ ਵਾਰ।

ਅਨੁਵਾਦ- ਪੂਨਮ ਸਿੰਘ

ਇਸ਼ਕ ਦਾ ਰੰਗ ਗ੍ਰੇਅ

ਰੰਜਨਾ ਜਾਯਸਵਾਲ
ਅਨੁ: ਨਵਸੰਗੀਤ ਸਿੰਘ

ਸਹਾਇਕ ਪ੍ਰੋਫ਼ੈਸਰ, SIESCOMS, ਠਾਣੇ, ਮਹਾਰਾਸ਼ਟਰ। ਜਨਮ 18 ਮਾਰਚ, 1976. ਹਿੰਦੀ ਵਿਚ ਕਹਾਣੀਆਂ ਲਿਖਦੇ ਹਨ ਜੋ ਔਨਲਾਈਨ ਆਡੀਓ ਰੂਪ ਵਿਚ ਵੀ ਹਾਸਲ ਹਨ।

ਮੋਬਾਈਲ ਦੀ ਘੰਟੀ ਲਗਾਤਾਰ ਵੱਜ ਰਹੀ ਸੀ। ਕਮਰੇ ਵਿੱਚ ਖ਼ਮੋਸ਼ੀ ਛਾਈ ਹੋਈ ਸੀ। ਕਮਰੇ ਦੀ ਮਾਲਕਣ ਮਧੂ ਬਾਥਰੂਮ ਵਿੱਚ ਸੀ। ਘੰਟੀ ਦੀ ਅਵਾਜ਼ ਸੁਣ ਕੇ ਉਹ ਇੱਕ ਪਲ ਲਈ ਘਬਰਾਅ ਗਈ। ਉਸਦੇ ਚਿਹਰੇ 'ਤੇ ਸਾਬਣ ਲੱਗਾ ਹੋਇਆ ਸੀ। ਉਸਦੇ ਹੱਥ ਰੁਕ ਗਏ। ਉਹ ਸੋਚੀਂ ਪੈ ਗਈ, 'ਏਸ ਵੇਲੇ ਕਿਸਦਾ ਫ਼ੋਨ ਹੋਏਗਾ!'

ਮਧੂ ਨੇ ਆਪਣੇ ਚਿਹਰੇ ’ਤੇ ਲੱਗੇ ਫ਼ੇਸਵਾਸ਼ ਨੂੰ ਧੋਤਾ ਅਤੇ ਗਿੱਲੀਆਂ ਅੱਖਾਂ ਅਤੇ ਚਿਹਰੇ ਨੂੰ ਤੌਲੀਏ ਨਾਲ ਪੂੰਝਦੀ ਪੰਝਦੀ ਬਾਥਰੂਮ ਤੋਂ ਬਾਹਰ ਆ ਗਈ।
"ਆ ਰਹੀ ਹਾਂ ਬਈ, ਲੋਕਾਂ ’ਚ ਜ਼ਰਾ ਵੀ ਸਬਰ ਨਹੀਂ।" ਮਧੂ ਨੇ ਆਪਣੇ ਗਿੱਲੇ ਹੱਥ ਤੌਲੀਏ ਨਾਲ ਪੂੰਝਦਿਆਂ ਕਿਹਾ।
ਪਰ ਉਸ ਕਮਰੇ ਵਿੱਚ ਉਸ ਤੋਂ ਇਲਾਵਾ ਹੋਰ ਕੌਣ ਸੀ?... ਨਾਲ ਵਾਲੇ ਕਮਰੇ 'ਚੋਂ ਟੀਵੀ ਦੀ ਉੱਚੀ ਅਵਾਜ਼ ਆ ਰਹੀ ਸੀ। ਅਸ਼ੋਕ ਮੈਚ ਦੇਖਣ ਵਿੱਚ ਰੁੱਝੇ ਹੋਏ ਸਨ। ਡੇਅ-ਨਾਈਟ ਦੇ ਕ੍ਰਿਕਟ ਮੈਚ ਚੱਲ ਰਹੇ ਸਨ। ਕੁਮੈਂਟੇਟਰ ਗਲਾ ਫਾੜ-ਫਾੜ ਕੇ ਖਿਡਾਰੀਆਂ ਅਤੇ ਦਰਸ਼ਕਾਂ ਦਾ ਉਤਸ਼ਾਹ ਵਧਾਅ ਰਿਹਾ ਸੀ। ਤਾੜੀਆਂ ਦੀ ਤੇਜ਼ ਗੜਗੜਾਹਟ ਨਾਲ ਪੂਰਾ ਮਹੌਲ ਬਣਿਆ ਪਿਆ ਸੀ। ਉਦੋਂ ਹੀ ... "ਸ਼ਿ..! ਕੀ ਲੋੜ ਸੀ ਖੇਡਣ ਦੀ? ਸੰਭਲ-ਸੰਭਲ ਕੇ ਖੇਡਣ ਦਾ ਸਮਾਂ ਸੀ। ਦੱਸੋ, ਇੱਕ ਚੰਗੀ-ਖਾਸੀ ਸੈਂਚੁਰੀ ਰਹਿ ਗਈ। ਹੱਤ ਤੇਰੀ ..."
ਮਧੂ ਦਾ ਧਿਆਨ ਮੋਬਾਈਲ ਫ਼ੋਨ ਤੋਂ ਹਟ ਅਸ਼ੋਕ ਦੇ ਪਾਏ ਰੌਲੇ ਵੱਲ ਚਲਾ ਗਿਆ। ਫ਼ੋਨ ਬੰਦ ਹੋ ਚੁੱਕਾ ਸੀ। ਅਸ਼ੋਕ ਦੀ ਅਵਾਜ਼ ਵਿੱਚ ਝੁੰਝਲਾਹਟ ਸੀ। ਉਸ ਗੁੱਸੇ ਵਿੱਚ ਟੀਵੀ ਬੰਦ ਕਰ ਦਿੱਤਾ ਸੀ ਪਰ ਉਸਦੀ ਬੁੜਬੁੜ ਦੀਆਂ ਅਵਾਜ਼ਾਂ ਅਜੇ ਵੀ ਸੁਣ ਰਹੀਆਂ ਸਨ। ਮਧੂ ਨੇ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰ ਲਿਆ ਅਤੇ ਸੋਚਣ ਲੱਗੀ ਕਿ ਇਸਤੋਂ ਚੰਗਾ ਤਾਂ ਮੈਚ ਹੀ ਸੀ।
 ਮਧੂ ਦੀ ਨਜ਼ਰ ਮੇਜ਼ 'ਤੇ ਪਏ ਅੱਜ ਦੇ ਅਖ਼ਬਾਰ 'ਤੇ ਗਈ, ਜੋ ਅਸ਼ੋਕ ਦੇ ਹੱਥਾਂ ਵਿੱਚੋਂ ਲੰਘਣੋਂ ਬਾਅਦ ਹੁਣ ਉਸਦੇ ਹੱਥਾਂ ਵਿੱਚ ਆਇਆ ਸੀ। ਸਫ਼ੇ ਬੇਤਰਤੀਬੇ ਢੰਗ ਨਾਲ ਆਪਸ ਵਿੱਚ ਉਲਝੇ ਪਏ ਸਨ। ਉਹ ਅਖ਼ਬਾਰ ਦੀ ਅਜਿਹੀ ਹਾਲਤ ਤੋਂ ਬੇਚੈਨੀ ਮਹਿਸੂਸ ਕਰ ਰਹੀ ਸੀ। ਆਪਣੀਆਂ ਉਂਗਲਾਂ ਨਾਲ, ਜੋ ਸਮੇਂ ਨਾਲ ਬੁੱਢੀਆਂ ਹੋ ਰਹੀਆਂ ਸਨ, ਉਸਨੇ ਇੱਕ-ਇੱਕ ਕਰਕੇ ਹਰੇਕ ਸਫ਼ੇ ਨੂੰ ਥਾਂ-ਸਿਰ ਕੀਤਾ ਅਤੇ ਬਹਿਈਆਂ ਹੋ ਚੁੱਕੀਆਂ ਖ਼ਬਰਾਂ ਵੱਲ ਚੱਲਵੀਂ ਜਿਹੀ ਨਜ਼ਰ ਮਾਰੀ। ਅਸ਼ੋਕ ਦੇ ਹੱਥਾਂ ਨਾਲ ਦਿਨ ਭਰ ਦੀ ਮਿਹਨਤ ਤੋਂ ਬਾਅਦ ਅਖ਼ਬਾਰ ਥਾਂ-ਥਾਂ ਤੋਂ ਮੁੜ-ਤੁੜ ਗਿਆ ਸੀ। ਮਧੂ ਨੇ ਅਸ਼ੋਕ ਦਾ ਵਿਹਾਰ-ਵਤੀਰਾ ਅਤੇ ਉਸਦੀਆਂ ਉਂਗਲਾਂ ਦਾ ਖੁਰਦਰਾਪਣ ਬੇਤਰਤੀਬੇ ਸਫ਼ਿਆਂ ਵਿੱਚ ਮਹਿਸੂਸ ਕੀਤਾ।
ਵਿਆਹ ਤੋਂ ਪਹਿਲਾਂ ਉਹੀ ਘਰ ਵਿੱਚ ਸਭ ਤੋਂ ਪਹਿਲਾਂ ਅਖ਼ਬਾਰ ਪੜ੍ਹਦੀ ਸੀ। ਹਰ ਪੰਨੇ 'ਚੋਂ ਆਉਂਦੀ ਅਖ਼ਬਾਰ ਦੀ ਤਾਜ਼ੀ ਮਹਿਕ ਉਸਨੂੰ ਬਹੁਤ ਧੂਹ ਪਾਉਂਦੀ ਸੀ, ਪਰ ਪਿਛਲੇ ਤੀਹ ਸਾਲਾਂ ਵਿੱਚ ਅਸ਼ੋਕ ਨਾਲ ਬਿਤਾਏ ਪਲਾਂ ਵਿੱਚ ਉਹ ਮਹਿਕ ਅਲੋਪ ਹੋ ਗਈ ਸੀ। ਏਥੇ ਅਸ਼ੋਕ ਹੀ ਸਭ ਤੋਂ ਪਹਿਲਾਂ ਅਖ਼ਬਾਰ ਪੜ੍ਹਦੇ ਸਨ। ਘਰੇਲੂ ਜ਼ਿੰਮੇਵਾਰੀਆਂ ਅਤੇ ਆਪਣੇ-ਆਪ ਨੂੰ ਇੱਕ ਸਫ਼ਲ ਘਰੇਲੂ ਔਰਤ ਸਾਬਤ ਕਰਨ ਵਿੱਚ ਉਸਦਾ ਸਾਰਾ ਦਿਨ ਖੰਭ ਲਾ ਕੇ ਉੱਡ ਜਾਂਦਾ ਸੀ ਅਤੇ ਅਖ਼ਬਾਰ ਦੀ ਉਹ ਤਾਜ਼ੀ ਮਹਿਕ ਵੀ ਸਮੇਂ ਨਾਲ ਅਲੋਪ ਹੋ ਗਈ ਸੀ। ਪੰਨਿਆਂ ਨੂੰ ਧਿਆਨ ਨਾਲ ਸਮੇਟਦਿਆਂ ਉਸਦੀ ਨਜ਼ਰ ਇੱਕ ਖ਼ਬਰ 'ਤੇ ਖਲੋਅ ਗਈ - "ਬੁਢੇਪਾ ਸ਼ਾਂਤੀ ਨਾਲ ਕੱਟਣ ਦੀ ਮਰਜ਼ੀ ਕਰਕੇ ਵਧ ਰਹੇ ਹਨ -'ਗ੍ਰੇਅ ਤਲਾਕ'..."
'ਗ੍ਰੇਅ ਤਲਾਕ'! ਜਿਉਂ ਹੀ ਮਧੂ ਨੇ ਪੂਰੀ ਖਬਰ ਪੜ੍ਹਨੀ ਸ਼ੁਰੂ ਕੀਤੀ, ਉਸਦੀ ਉਤਾਵਲ ਵਧ ਗਈ... ਇੱਕ ਜੋੜੇ ਨੇ ਵਿਆਹ ਦੇ ਤੇਤੀ ਸਾਲਾਂ ਬਾਅਦ ਆਪਸੀ ਤਲਾਕ ਲਈ ਅਰਜ਼ੀ ਦਿੱਤੀ ਸੀ। ਉਹ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਵਿਆਹ ਲਈ ਇਕੱਠੇ ਰਹਿ ਰਹੇ ਸਨ, ਪਰ ਹੁਣ ਜਦੋਂ ਉਨ੍ਹਾਂ ਦੀਆਂ ਇਹ ਜ਼ਿੰਮੇਵਾਰੀਆਂ ਪੂਰੀਆਂ ਹੋ ਗਈਆਂ ਸਨ, ਉਨ੍ਹਾਂ ਨੂੰ ਅਹਿਸਾਸ ਹੋਇਆ ਸੀ ਕਿ ਉਹ ਇੱਕ ਦੂਜੇ ਲਈ ਬਣੇ ਹੀ ਨਹੀਂ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਉਹ ਪਰਿਵਾਰ ਦੀ ਖੁਸ਼ੀ ਲਈ ਇਕੱਠੇ ਰਹੇ, ਪਰ ਹੁਣ ਉਹ ਆਪਣਾ ਬੁਢੇਪਾ ਸ਼ਾਂਤੀ ਨਾਲ ਬਿਤਾਉਣਾ ਚਾਹੁੰਦੇ ਸਨ...
ਮਧੂ ਨੇ ਇੱਕ ਡੂੰਘਾ ਸਾਹ ਲਿਆ, ਅਖ਼ਬਾਰ ਉੱਥੇ ਹੀ ਛੱਡ ਦਿੱਤਾ ਅਤੇ ਟੀਵੀ ਲਾ ਲਿਆ।
ਮਧੂ ਦੀਆਂ ਅੱਖਾਂ ਟੀਵੀ 'ਤੇ ਟਿਕੀਆਂ ਸਨ। ਉਸ ਦੀ ਮਨਪਸੰਦ ਫ਼ਿਲਮ ਸਟਾਰ ਦਾ ਇੱਕ ਗੀਤ ਚੱਲ ਰਿਹਾ

'ਗ੍ਰੇਅ ਤਲਾਕ'! ਜਿਉਂ ਹੀ ਮਧੂ ਨੇ ਪੂਰੀ ਖਬਰ ਪੜ੍ਹਨੀ ਸ਼ੁਰੂ ਕੀਤੀ, ਉਸਦੀ ਉਤਾਵਲ ਵਧ ਗਈ... ਇੱਕ ਜੋੜੇ ਨੇ ਵਿਆਹ ਦੇ ਤੇਤੀ ਸਾਲਾਂ ਬਾਅਦ ਆਪਸੀ ਤਲਾਕ ਲਈ ਅਰਜ਼ੀ ਦਿੱਤੀ ਸੀ...ਉਨ੍ਹਾਂ ਨੂੰ ਅਹਿਸਾਸ ਹੋਇਆ ਸੀ ਕਿ ਉਹ ਇੱਕ ਦੂਜੇ ਲਈ ਬਣੇ ਹੀ ਨਹੀਂ ਸਨ।

ਇਸ਼ਕ ਦਾ ਰੰਗ ਗ੍ਰੇਅ

ਸੀ। ਉਸਨੇ ਕਮਰੇ ਦੀ ਲਾਈਟ ਬੰਦ ਕਰ ਦਿੱਤੀ ਅਤੇ ਸਾਈਡ ਲੈਂਪ ਜਗਾਅ ਦਿੱਤਾ। ਮੱਧਮ ਰੌਸ਼ਨੀ ਨਾਲ ਕਮਰੇ ਦੇ ਹਨੇਰੇ ਉੱਤੇ ਇੱਕ ਖੁਸ਼ਨੁਮਾ ਅਹਿਸਾਸ ਛਾ ਗਿਆ। ਏ ਸੀ ਦੀ ਠੰਢੀ ਹਵਾ ਉਸਦੇ ਸਰੀਰ ਨੂੰ ਛੋਹ ਰਹੀ ਸੀ। ਉਸਨੇ ਰਿਮੋਟ ਉੱਤੇ ਵਾਲਿਊਮ ਦਾ ਬਟਨ ਦੱਬ ਕੇ ਅਵਾਜ਼ ਘਟਾਅ ਦਿੱਤੀ ਅਤੇ ਗਾਣੇ ਦਾ ਅਨੰਦ ਲੈਣ ਲੱਗੀ। ਸੁਰ-ਲਹਿਰਾਂ ਹਵਾ ਦੇ ਖੰਭਾਂ ਉੱਤੇ ਸਵਾਰ ਹੋ ਪੂਰੇ ਕਮਰੇ ਵਿੱਚ ਛਾ ਗਈਆਂ।
ਸਿਨੇਮਾ ਹਿਰੋਇਨ ਨੇ ਸ਼ੋਖ਼ ਲਾਲ ਸਾੜ੍ਹੀ ਪਹਿਨੀ ਸੀ। ਸਿਰ 'ਤੇ ਉੱਚਾ ਜੂੜਾ, ਤਰਾਸ਼ੀਆਂ ਭਵਾਂ, ਰੰਗੇ ਬੁੱਲ੍ਹ ਅਤੇ ਸਾੜ੍ਹੀ ਨਾਲ ਮੈਚ ਕਰਦਾ ਜੂੜੇ ਵਿੱਚ ਟੰਗਿਆ ਸੁਰਖ਼ ਗੁਲਾਬ ਇੱਕ ਸ਼ਰਾਰਤੀ ਬੱਚੇ ਵਾਂਗ ਤਾਕਾ-ਝਾਕੀ ਕਰ ਰਿਹਾ ਸੀ। ਮਧੂ ਇੱਕ-ਟਕ ਉਸ ਹਿਰੋਇਨ ਨੂੰ ਵੇਖ ਰਹੀ ਸੀ। ਉਸਨੂੰ ਆਪਣੀ ਫ਼ੇਅਰਵੈੱਲ ਪਾਰਟੀ ਯਾਦ ਆ ਗਈ...
''ਚੱਲ ਤੈਨੂੰ ਤੇਰੀ ਮਨਪਸੰਦ ਹੀਰੋਇਨ ਵਾਂਗ ਸਜਾਉਂਦੀ ਹਾਂ। ਸਾਰੇ ਵੇਖਦੇ ਰਹਿ ਜਾਣਗੇ।''
ਸੱਚ ਹੀ ਤਾਂ ਕਿਹਾ ਸੀ ਭੂਆ ਜੀ ਨੇ। ਸਹੇਲੀਆਂ ਨੇ ਤਾਂ ਉਸਦੀ ਜਾਨ ਹੀ ਖਾ ਲਈ ਸੀ।
''ਤੈਨੂੰ ਜ਼ਰੂਰ ਸਾਡੀ ਹੀ ਨਜ਼ਰ ਲੱਗ ਜਾਏਗੀ।''
ਦੂਜੀ ਨੇ ਛੇੜਦਿਆਂ ਕਿਹਾ ਸੀ, ''ਅੱਜ ਤਾਂ ਮੁੰਡਿਆਂ ਦੀ ਖ਼ੈਰ ਨਹੀਂ।''
ਇਹ ਸ਼ਾਇਦ ਪਹਿਲੀ ਅਤੇ ਆਖਰੀ ਵਾਰ ਸੀ ਜਦੋਂ ਉਸ ਜੂੜਾ ਕੀਤਾ ਸੀ। ਅਸ਼ੋਕ ਨੂੰ ਉਸਦਾ ਜੂੜਾ ਕਰਨਾ ਪਸੰਦ ਨਹੀਂ ਸੀ।
''ਰੱਬ ਨੇ ਤੈਨੂੰ ਇੰਨੇ ਸੁਹਣੇ ਵਾਲ਼ ਦਿੱਤੇ ਹਨ, ਕੀ ਇਹ ਜੂੜਾ ਜਿਹਾ ਕੀਤਾ ਹੋਇਐ ਤੂੰ? ਗੁੱਤ ਕਰਿਆ ਕਰ।''

ਮਧੂ ਦਾ ਚਿਹਰਾ ਉਤਰ ਗਿਆ ਸੀ। ਵਿਆਹ ਤੋਂ ਪਹਿਲਾਂ ਉਸਨੂੰ ਸਜਣ-ਸੰਵਰਨ ਦਾ ਕਿੰਨਾ ਸ਼ੌਕ ਸੀ! ਉਸਦੀ ਅਲਮਾਰੀ ਲੇਟੈਸਟ ਫ਼ੈਸ਼ਨਾਂ ਦੇ ਕੱਪੜਿਆਂ ਨਾਲ ਭਰੀ ਰਹਿੰਦੀ ਸੀ। ਆਪਣੇ ਵਿਆਹ ਵਿੱਚ ਵੀ ਉਹ ਵਧੀਆ ਤੋਂ ਵਧੀਆ ਕੱਪੜਿਆਂ ਨਾਲ ਭਰੇ ਦੋ ਅਟੈਚੀ ਲੈ ਕੇ ਆਈ ਸੀ। ਸ਼ੋਖ਼-ਚਮਕਦਾਰ ਰੰਗਾਂ ਦੇ ਕੱਪੜੇ! ਜਿਨ੍ਹਾਂ ਨੂੰ ਵੇਖਦਿਆਂ ਅੱਖਾਂ ਵੀ ਚੁੰਧਿਆਅ ਜਾਣ!

ਉਸਨੂੰ ਅਜੇ ਵੀ ਉਹ ਦਿਨ ਯਾਦ ਹੈ। ਵਿਆਹ ਨੂੰ ਸਿਰਫ਼ ਇੱਕ ਹਫ਼ਤਾ ਹੋਇਆ ਸੀ। ਦੋਸਤਾਂ ਨਵ-ਵਿਆਹੇ ਜੋੜੇ ਲਈ ਇੱਕ ਪਾਰਟੀ ਦਾ ਪ੍ਰਬੰਧ ਕੀਤਾ ਸੀ। ਮਧੂ ਸਵੇਰ ਤੋਂ ਹੀ ਯੋਜਨਾ ਬਣਾਅ ਰਹੀ ਸੀ। ਉਹ ਲਾਲ ਕਾਂਜੀਵਰਮ ਨਾਲ ਇੱਕ ਲੰਮਾ ਸੋਨੇ ਦਾ ਹਾਰ ਅਤੇ ਕੰਨਾਂ ਦੀਆਂ ਵਾਲ਼ੀਆਂ ਪਹਿਨੇਗੀ। ਅਸ਼ੋਕ ਅਜੇ ਦਫ਼ਤਰ ਤੋਂ ਵਾਪਸ ਨਹੀਂ ਸੀ ਮੁੜਿਆ। ਮਧੂ ਤਿਆਰ ਹੋ ਚੁੱਕੀ ਸੀ ਅਤੇ ਅਸ਼ੋਕ ਦੇ ਵਾਪਸ ਆਉਣ ਦੀ ਉਡੀਕ ਵਿੱਚ ਬੈਠੀ ਸੀ। ਮਰਦਾਂ ਦਾ ਕੀ ਹੈ? ਬਸ ਉਹੀਓ ਪੈਂਟ-ਕਮੀਜ਼ ਪਹਿਨ ਹਰ ਥਾਂ ਚਲੇ ਜਾਂਦੇ ਹਨ। ਇਸ ਵਿੱਚ ਮੁਸ਼ਕਿਲ ਨਾਲ ਦਸ ਮਿੰਟ ਲੱਗਦੇ ਹਨ, ਪਰ ਉਸਨੇ ਤਾਂ ਸਹੀ ਢੰਗ ਨਾਲ ਤਿਆਰ ਹੋਣਾ ਸੀ। ਆਖ਼ਰ ਉਹ ਪਹਿਲੀ ਵਾਰ ਅਸ਼ੋਕ ਦੇ ਦੋਸਤਾਂ ਨੂੰ ਮਿਲ ਰਹੀ ਸੀ। ਵਿਆਹ ਵਿੱਚ ਮਿਲਣਾ ਵੀ ਕੋਈ ਮਿਲਣਾ ਹੁੰਦਾ ਹੈ! ਅੱਜ ਸਾਰਿਆਂ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਹੋ ਜਾਵੇਗੀ ਤਾਂ ਜਾਣ-ਪਛਾਣ ਵਧਾਉਣੀ ਸੌਖੀ ਹੋ ਜਾਵੇਗੀ।

ਮਧੂ ਬਹੁਤ ਉਤਸ਼ਾਹ ਵਿਚ ਸੀ। ਅੱਜ ਉਸਨੇ ਆਪਣਾ ਮੇਕਅੱਪ ਪੂਰੀ ਤਸੱਲੀ ਨਾਲ ਕੀਤਾ ਸੀ। ਮੱਥੇ 'ਤੇ ਨਗ ਵਾਲੀ ਬਿੰਦੀ ਅਤੇ ਆਈਬ੍ਰੋਅ ਪੈਨਸਿਲ ਨਾਲ ਆਪਣੇ ਭਰਵੱਟਿਆਂ ਨੂੰ ਗੂੜ੍ਹਾ ਕੀਤਾ ਸੀ। ਉਸਦੀਆਂ ਗੱਲ੍ਹਾਂ ਗੁਲਾਬੀ ਹੋ ਰਹੀਆਂ ਸਨ ਅਤੇ ਸ਼ਰਾਰਤੀ ਝੁਮਕੇ ਵਾਰ-ਵਾਰ ਉਸਦੀਆਂ ਗੱਲ੍ਹਾਂ ਨੂੰ ਚੁੰਮ ਰਹੇ ਸਨ। ਪਤਾ ਨਹੀਂ ਕੀ ਸੋਚ ਮਧੂ ਆਪਣੇ ਰੂਪ ਨੂੰ ਵੇਖ ਕੇ ਸ਼ਰਮਾਅ ਗਈ ਸੀ। ਉਸ ਨੂੰ ਪੂਰਾ ਵਿਸ਼ਵਾਸ ਸੀ ਕਿ ਅਸ਼ੋਕ ਉਸ ਨੂੰ ਦੇਖ ਕੇ ਸਰਪ੍ਰਾਈਜ਼ ਹੋ ਜਾਣਗੇ।
''ਸਰਪ੍ਰਾਈਜ਼!''
''ਇਹ ਕੀ ਹੁਲੀਆ ਬਣਾਇਆ ਹੋਇਐ! ਤੂੰ ਸ਼ਾਇਦ ਭੁੱਲ ਰਹੀ ਹੈਂ ਕਿ ਤੂੰ ਅਸ਼ੋਕ ਗੁਪਤਾ ਦੀ ਪਤਨੀ ਹੈਂ। ਇਹ ਲਾਲ-ਪੀਲੀ ਸਾੜ੍ਹੀ! ਕਿਸੇ ਵਿਆਹ 'ਤੇ ਚੱਲੀ ਹੈਂ?''
''ਸਾਡਾ ਨਵਾਂ-ਨਵਾਂ ਵਿਆਹ ਹੋਇਆ ਹੈ। ਨਵੀਂ ਦੁਲਹਨ ਉੱਤੇ ਇਹੋ ਸਭ ਰੰਗ ਚੰਗੇ ਲੱਗਦੇ ਹਨ।'' ਮਧੂ ਨੇ ਰੋਣਹਾਕੀ ਹੋ ਕੇ ਕਿਹਾ ਸੀ।
''ਨਵਾਂ ਵਿਆਹ ਹੋਇਆ ਹੈ! ਤਾਂ ਕੀ ਢੋਲ ਵਜਾਅ ਕੇ ਸਾਰਿਆਂ ਨੂੰ ਦੱਸੇਂਗੀ? ਉਂਝ ਵੀ ਦੱਸਣਾ ਕਿਸਨੂੰ ਹੈ, ਸਭ ਨੂੰ ਪਤਾ ਹੀ ਹੈ।''
ਇੱਕ ਹਫ਼ਤੇ ਪੁਰਾਣੇ ਲਾੜੇ ਦੇ ਮੂੰਹੋਂ ਅਜਿਹੀ ਗੱਲ ਸੁਣ ਮਧੂ ਹੈਰਾਨ ਰਹਿ ਗਈ।
''ਮੇਰੇ ਕੋਲ ਤਾਂ ਸਾਰੇ ਇਸ ਤਰ੍ਹਾਂ ਦੇ ਹੀ ਕੱਪੜੇ ਹਨ।''
''ਸਾਡੇ ਵੱਲੋਂ ਦਿੱਤੇ ਕੱਪੜੇ ਕਿੱਥੇ ਗਏ?'' ਅਸ਼ੋਕ ਦੀ ਅਵਾਜ਼ ਤਿੱਖੀ ਹੋ ਗਈ ਸੀ।
''ਬਲਾਊਜ਼ ਤੇ ਪੇਟੀਕੋਟ ਅਜੇ ਤਿਆਰ ਨਹੀਂ ਹੋਏ। ਉਂਝ ਵੀ ਕਿਹੜੀ ਦੁਲਹਨ ਏਨੇ ਫਿੱਕੇ ਰੰਗ ਪਹਿਨਦੀ ਹੈ?''
''ਸਭ ਤੋਂ ਪਹਿਲਾਂ ਤਾਂ ਤੂੰ ਆਪਣੇ ਮਨ ਵਿੱਚੋਂ ਇਹ ਨਵੀਂ ਦੁਲਹਨ ਹੋਣ ਦਾ ਭੂਤ ਕੱਢ ਦੇ। ਅਤੇ ਉਹ ਫਿੱਕੇ ਰੰਗ ਨਹੀਂ, ਕਲੱਾਸ ਹੈ। ਯਾਦ ਰੱਖ, ਮੈਂ ਇੱਕ ਚੰਗੀ ਕਲੱਾਸ ਵਾਲਾ ਹਾਂ। ਵੱਡੇ-ਵੱਡੇ ਲੋਕਾਂ ਨਾਲ ਉੱਠਣਾ-ਬੈਠਣਾ ਹੈ ਮੇਰਾ... ਆਪਣੀ ਨਹੀਂ ਤਾਂ ਘੱਟੋ-ਘੱਟ ਮੇਰੀ ਇੱਜ਼ਤ ਦਾ ਹੀ ਧਿਆਨ ਰੱਖ। ਆਪਣੇ ਪੇਕੇ ਜੋ ਚਾਹੇ ਕਰਦੀ ਹੋਵੇਂ, ਪਰ ਮੇਰੇ ਨਾਲ ਰਹਿਣਾ ਹੈ ਤਾਂ ਤੈਨੂੰ ਕਲੱਾਸ ਮੇਨਟੇਨ ਕਰਨੀ ਪਵੇਗੀ।''

ਮਧੂ ਦੇ ਸਾਹਮਣੇ ਅਟੈਚੀ ਵਿੱਚ ਪਈਆਂ ਸੁੰਦਰ ਕਾਂਜੀਵਰਮ ਅਤੇ ਬਨਾਰਸੀ ਸਾੜ੍ਹੀਆਂ ਘੁੰਮ ਗਈਆਂ। ਇੱਕ-ਇੱਕ ਸਾੜ੍ਹੀ ਚੁਣ-ਚੁਣ ਕੇ ਲਈ ਸੀ। ਸਾਰੇ ਭਾਰਤੀ ਰੰਗ- ਗੂੜ੍ਹੇ, ਸ਼ੋਖ਼ ਅਤੇ ਚਮਕੀਲੇ- ''ਨਵੀਂ ਦੁਲਹਨ ਤੇ ਇਹੀ ਸਭ ਰੰਗ ਤਾਂ ਫ਼ਬਦੇ ਹਨ,'' ਭੂਆ ਜੀ ਨੇ ਕਿਹਾ ਸੀ। ਅਸ਼ੋਕ ਨੂੰ ਪੇਸਟਲ ਰੰਗ ਪਸੰਦ ਸਨ, ਹਲਕੇ ਫਿੱਕੇ ਜਿਹੇ ਸਿੰਪਲ ਰੰਗ।

ਮਾਂ ਨੇ ਇੱਕ ਵਾਰ ਟੋਕਿਆ ਵੀ ਸੀ, "ਇਸ ਉਮਰ ਵਿੱਚ ਇਹ ਸਭ ਰੰਗ ਪਹਿਨੇਂਗੀ ਤਾਂ ਬੁਢੇਪੇ ਵਿੱਚ ਕੀ ਪਹਿਨੇਂਗੀ? ਤੂੰ ਤਾਂ ਉਮਰ ਤੋਂ ਪਹਿਲਾਂ ਹੀ ਬੁੱਢੀ ਹੁੰਦੀ ਜਾ ਰਹੀ ਹੈਂ।" ਜਿਨ੍ਹਾਂ ਰੰਗਾਂ ਨੂੰ ਪਹਿਨ ਉਹ ਖੁਸ਼ੀ ਮਹਿਸੂਸ ਕਰਦੀ ਸੀ, ਉਹ ਖੁਸ਼ੀ ਕਿਤੇ ਗ਼ਾਇਬ ਹੋ ਗਈ ਸੀ।

ਉਸਨੂੰ ਉਹ ਦਿਨ ਅੱਜ ਵੀ ਯਾਦ ਹੈ। ਪੰਡਤ ਜੀ ਨੇ ਕੁੰਡਲੀ ਮਿਲਾਈ ਸੀ। 36 ਵਿੱਚੋਂ 32 ਗੁਣ ਮਿਲੇ ਸਨ। ਮਾਂ ਏਨੀ ਖ਼ੁਸ਼ ਸੀ ਕਿ ਉਸਦੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ ਸਨ।
"ਜੋੜੀ ਖ਼ੂਬ ਜਚੇਗੀ।"
ਮਧੂ ਨੇ ਹੱਸ ਕੇ ਕਿਹਾ ਸੀ, "ਮਾਂ, ਤੁਸੀਂ ਕਿਸ ਦੁਨੀਆਂ ਵਿੱਚ ਰਹਿੰਦੇ ਹੋ? ਜੇ ਤੁਹਾਡੇ ਵੱਸ ਹੁੰਦਾ, ਤੁਸੀਂ ਛੱਤੀ ਦੇ ਛੱਤੀ ਗੁਣ ਮਿਲਾਅ ਦਿੰਦੇ। ਸੀਤਾ ਜੀ ਦੇ ਤਾਂ ਸਾਰੇ ਛੱਤੀ ਦੇ ਛੱਤੀ ਗੁਣ ਮਿਲੇ ਸਨ, ਪਰ ਉਨ੍ਹਾਂ ਨੂੰ ਕਿਹੜੀ ਖੁਸ਼ੀ ਮਿਲੀ?"
"ਚੁੱਪ ਕਰ। ਜੋ ਮਰਜ਼ੀ ਬੋਲਦੀ ਰਹਿੰਦੀ ਹੈ। ਚੰਗਾ ਹੈ ਕਿ ਕੁਝ ਘੱਟ ਹੀ ਮਿਲੇ ਨੇ, ਲੋਕਾਂ ਦੀ ਨਜ਼ਰ ਲੱਗ ਜਾਂਦੀ ਹੈ।"

ਮਾਂ ਰਿਸ਼ਤੇਦਾਰਾਂ ਨੂੰ ਦੱਸਦੀ ਫਿਰਦੀ ਸੀ, "ਧੀ ਦੀ ਕੁੰਡਲੀ ਬਹੁਤ ਚੰਗੀ ਮਿਲੀ ਹੈ। ਮਧੂ ਤਾਂ ਰਾਜ ਕਰੇਗੀ, ਰਾਜ ..."
ਉਨ੍ਹਾਂ ਸੱਚ ਹੀ ਕਿਹਾ ਸੀ; ਉਹ ਰਾਜ ਹੀ ਕਰ ਰਹੀ ਸੀ। ਸਮਾਜ ਦੀ ਨਜ਼ਰ ਵਿੱਚ ਸੁਖ ਦੇ ਜੋ ਮਾਪ ਹੁੰਦੇ ਹਨ, ਸਭ ਕੁਝ ਹੈ ਸੀ ਇਸ ਘਰ ਵਿੱਚ। ਕਿਸੇ ਵੀ ਚੀਜ਼ ਦੀ ਕੋਈ ਕਮੀ ਨਹੀਂ ਸੀ। ਪਰ ਕੀ ਵਾਕਈ ਉਸਦੀ ਜ਼ਿੰਦਗੀ ਵਿੱਚ ਕਿਸੇ ਚੀਜ਼ ਦੀ ਕਮੀ ਨਹੀਂ ਸੀ? ਮਧੂ ਅਸ਼ੋਕ ਦੀ ਜ਼ਿੰਦਗੀ ਵਿੱਚ ਘੁਲ ਜਿਹੀ ਗਈ ਸੀ। ਉਸਦੇ ਆਪਣੇ ਸ਼ੌਕ, ਪਸੰਦ, ਸੁਪਨੇ ਅਤੇ ਇੱਛਾਵਾਂ ਕੀ ਸਨ- ਉਹ ਭੁੱਲ ਗਈ ਸੀ, ਪਰ ਕਦੋਂ ਤੱਕ?
ਮਧੂ ਨੂੰ ਅਚਾਨਕ ਯਾਦ ਆਇਆ ਕਿ ਜਦੋਂ ਉਹ ਬਾਥਰੂਮ ਵਿੱਚ ਸੀ, ਤਾਂ ਕਿਸੇ ਦਾ ਫ਼ੋਨ ਆਇਆ ਸੀ। ਸੁਮੀ ਦੀ ਮਿੱਸਡ ਕਾਲ ਚਮਕ ਰਹੀ ਸੀ।
'ਸੁਮੀ! ਇਸ ਸਮੇਂ? ਹਾਂ, ਮੈਂ ਅੱਜ ਸਵੇਰੇ ਉਸ ਨਾਲ ਗੱਲ ਵੀ ਨਹੀਂ ਕੀਤੀ।' ਉਸਨੇ ਆਪਣੇ ਆਪ ਨੂੰ ਕਿਹਾ, 'ਇਸ ਕੁੜੀ ਨੂੰ ਵੀ ਉਦੋਂ ਤੱਕ ਸ਼ਾਂਤੀ ਨਹੀਂ ਮਿਲਦੀ, ਜਦੋਂ ਤੱਕ ਦਿਨ ਵਿੱਚ ਇੱਕ ਵਾਰ ਮੇਰੇ ਨਾਲ ਗੱਲ ਨਹੀਂ ਕਰ ਲੈਂਦੀ।'
ਮਧੂ ਨੇ ਨੰਬਰ ਡਾਇਲ ਕੀਤਾ। ਸ਼ਾਇਦ ਫ਼ੋਨ ਪਹਿਲਾਂ ਹੀ ਉਸਦੇ ਹੱਥ ਵਿੱਚ ਸੀ। ਘੰਟੀ ਵੱਜਦਿਆਂ ਹੀ ਉਸ ਫ਼ੋਨ ਚੁੱਕ ਲਿਆ।
"ਕੀ ਮੰਮੀ, ਕਿੱਥੇ ਰਹਿੰਦੇ ਹੋ? ਮੈਨੂੰ ਸਮਾਂ ਨਹੀਂ ਮਿਲਿਆ ਤਾਂ ਤੁਸੀਂ ਵੀ ਮੈਨੂੰ ਫ਼ੋਨ ਨਹੀਂ ਕੀਤਾ!"ਸੁਮੀ ਗੱਲ ਕਰੀ ਗਈ।
ਮਧੂ ਮੁਸਕਰਾਈ। ਇਹ ਕੁੜੀ ਅੱਜ ਵੀ ਸੁਪਰਫ਼ਾਸਟ ਮੇਲ ਹੈ।
"ਮੈਂ ਧੁੱਪੇ ਕੱਪੜੇ ਸੁਕਾਅ ਰਹੀ ਸੀ। ਅੱਜ ਮੈਂ ਬੂਟੇ ਅਤੇ ਗਮਲੇ ਲੈਣ ਗਈ ਸੀ। ਬਸ ਉਨ੍ਹਾਂ ਨੂੰ ਲਿਆਉਂਦਿਆਂ-ਲਾਉਂਦਿਆਂ ਪਤਾ ਹੀ ਨਹੀਂ ਲੱਗਾ ਕਿ ਕਦੋਂ ਸਮਾਂ ਬੀਤ ਗਿਆ।"
"ਕਿਆ ਬਾਤ ਹੈ! ਤੁਹਾਨੂੰ ਇਹ ਸ਼ੌਕ ਕਦੋਂ ਤੋਂ ਹੋਇਆ? ਮੈਂ ਤਾਂ ਤੁਹਾਨੂੰ ਕਦੇ ਬੂਟੇ ਲਾਉਂਦਿਆਂ ਨਹੀਂ ਦੇਖਿਆ। ਨਾਨੀ ਜੀ ਦੇ ਘਰ ਜ਼ਰੂਰ ਲੱਗੇ ਸਨ, ਪਰ ਇੱਥੇ ਤਾਂ ਇੱਕ ਵੀ ਬੂਟਾ ਨਹੀਂ ਸੀ," ਸੁਮੀ ਕਹਿ ਰਹੀ ਸੀ।
"ਤੇਰੇ ਪਾਪਾ ਸੋਚਦੇ ਸਨ ਕਿ ਇਹ ਬੇਕਾਰ ਚੀਜ਼ਾਂ ਹਨ। ਇਨ੍ਹਾਂ ਨੂੰ ਹਰ ਰੋਜ਼ ਪਾਣੀ ਕੌਣ ਦੇਵੇਗਾ ਅਤੇ ਇਨ੍ਹਾਂ ਦੀ ਦੇਖਭਾਲ ਕੌਣ ਕਰੇਗਾ? ਇਸੇ ਲਈ ਮੈਂ ਇਨ੍ਹਾਂ ਨੂੰ ਕਦੇ ਨਹੀਂ ਲਾਇਆ। ਵਿਆਹ ਤੋਂ ਪਹਿਲਾਂ ਮੈਂ ਆਪ ਲੱਅਨ ਦੀ ਦੇਖਭਾਲ ਕਰਦੀ ਸੀ," ਮਧੂ ਨੇ ਹੌਲੀ ਅਵਾਜ਼ ਵਿੱਚ ਕਿਹਾ।
"ਤੇ ਪਾਪਾ ਨੇ ਤੁਹਾਨੂੰ ਕੁਝ ਨਹੀਂ ਕਿਹਾ?"
ਮਧੂ ਨੇ ਸੁਮੀ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦਿੱਤਾ।
"ਮੰਮੀ, ਤੁਸੀਂ ਆਪਣੀ ਡੀਪੀ ਬਦਲੀ ਹੈ?"
"ਹਾਂ, ਕਈ ਸਾਲਾਂ ਤੋਂ ਇੱਕੋ ਲਾਈ ਹੋਈ ਸੀ" ਮਧੂ ਨੇ ਸਹਿਜ ਹੀ ਕਿਹਾ।
"ਪਾਪਾ ਦੇ ਨਾਲ ਉਹ ਬਹੁਤ ਸੋਹਣੀ ਫ਼ੋਟੋ ਸੀ। ਤੁਸੀਂ ਦੋਵੇਂ ਇਕੱਠੇ ਬਹੁਤ ਵਧੀਆ ਲੱਗ ਰਹੇ ਸੀ। ਮੇਡ ਫ਼ਾਰ ਈਚ-ਅਦਰ।"
ਮਧੂ ਨੇ ਸੁਮੀ ਦੀਆਂ ਗੱਲਾਂ ਦਾ ਕੋਈ ਜਵਾਬ ਨਹੀਂ ਦਿੱਤਾ।
"ਮੰਮੀ! ਤੁਸੀਂ ਡੀਪੀ ਵਿੱਚ ਬਹੁਤ ਵੱਖਰੇ ਜਿਹੇ ਦਿਸਦੇ ਪਏ ਹੋ।"
"ਕਿਹੋ ਜਿਹੀ ਦਿਸਦੀ ਹਾਂ, ਚੰਗੀ ਜਾਂ ਮਾੜੀ?" ਮਧੂ ਨੇ ਪੁੱਛਿਆ। ਸੁਮੀ ਇਸ ਸਵਾਲ ਲਈ ਤਿਆਰ ਨਹੀਂ ਸੀ।
"ਓਅਅ... ਵਧੀਆ, ਬਹੁਤ ਵਧੀਆ। ਮੈਂ ਤੁਹਾਨੂੰ ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਦੇਖਿਆ ਸੀ ਨਾ... ਇਸ ਲਈ ਜ਼ਰਾ ਅਜੀਬ ਲੱਗਾ, ਪਰ ਤੁਸੀਂ ਸੁਹਣੇ ਲੱਗ ਰਹੇ ਹੋ। ਇੱਕ ਗੱਲ ਕਹਾਂ?"
ਸੁਮੀ ਦੀ ਆਵਾਜ਼ ਗੰਭੀਰ ਹੋ ਗਈ।
"ਹਾਂ ਹਾਂ ..."
"ਤੁਹਾਨੂੰ ਹਮੇਸ਼ਾ ਪੇਸਟਲ ਰੰਗ ਦੇ ਸੂਤੀ, ਖਾਦੀ ਜਾਂ ਲਿਨਨ ਕੱਪੜੇ ਪਹਿਨੀ ਹੀ ਵੇਖਿਆ ਹੈ।"
"ਤੇਰੇ ਪਾਪਾ ਨੂੰ ਅਜਿਹੇ ਹੀ ਰੰਗ ਤੇ ਕੱਪੜੇ ਪਸੰਦ ਸਨ।"
"ਤੁਸੀਂ ਗੂੜ੍ਹੇ ਰੰਗ ਦੇ ਕੱਪੜਿਆਂ ’ਚ ਬਹੁਤ ਯੰਗ ਲੱਗ ਰਹੇ ਹੋ। ਤੁਸੀਂ ਇਹ ਸਾੜ੍ਹੀ ਕਦੋਂ ਖਰੀਦੀ?"
"ਇਹ ਬਹੁਤ ਪੁਰਾਣੀ ਹੈ, ਮੇਰੇ ਵਿਆਹ ਦੇ ਸਮੇਂ ਦੀ। ਨਾਲ ਵਾਲੇ ਸ਼ਰਮਾ ਜੀ ਦੀ ਬੇਟੀ ਦੀ ਕੱਲ੍ਹ ਗੋਦ ਭਰਾਈ ਸੀ। ਉੱਥੇ ਹੀ ਪਹਿਨੀ ਸੀ।"
"ਤੁਹਾਨੂੰ ਹਮੇਸ਼ਾ ਗੁੱਤ ਵਿੱਚ ਹੀ ਵੇਖਿਆ ਹੈ, ਜੂੜੇ ਵਿੱਚ ਪਹਿਲੀ ਵਾਰ ਵੇਖ ਰਹੀ ਹਾਂ।"
"ਹੂੰਅ..."
ਸੁਮੀ ਕੁਝ-ਕੁਝ ਸਮਝ ਰਹੀ ਸੀ। ਮਾਂ ਦੀ ਜ਼ਿੰਦਗੀ ਵਿੱਚ ਕੁਝ ਬਦਲ ਰਿਹਾ ਸੀ, ਪਰ ਕੀ... ਮੰਮੀ ਨੇ ਗੂੜ੍ਹੇ ਰੰਗ ਦੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਜੂੜਾ ਕਰਨ ਲੱਗ ਪਏ ਸਨ। ਕੱਲ੍ਹ ਦੀ ਹੀ ਤਾਂ ਗੱਲ ਹੈ, ਉਨ੍ਹਾਂ ਲੰਚ ਵਿੱਚ ਕੜ੍ਹੀ ਬਣਾਈ ਸੀ, ਪਰ ਪਾਪਾ ਨੂੰ ਤਾਂ ਕੜ੍ਹੀ ਬਿਲਕੁਲ ਵੀ ਪਸੰਦ ਨਹੀਂ। ਫਿਰ... ਪਿਛਲੇ ਸੰਡੇ ਉਹ ਆਪਣੀ ਸਹੇਲੀ, ਮੁਕਤਾ ਮਾਸੀ, ਨਾਲ ਫ਼ਿਲਮ ਵੇਖਣ ਗਏ ਸਨ ਅਤੇ ਮੁੜਦੇ ਵੇਲੇ ਚੌਰਾਹੇ ਦੇ ਰੈਸਟੋਰੈਂਟ ਵਿੱਚ ਖਾਣਾ ਖਾ

ਇਸ਼ਕ ਦਾ ਰੰਗ ਗ੍ਰੇਅ

ਕੇ ਆਏ ਸਨ।
ਮੰਮੀ ਵਿੱਚ ਆਈ ਇਹ ਤਬਦੀਲੀ ਚੰਗੀ ਤਾਂ ਸੀ, ਪਰ ਪਾਪਾ? ਪਾਪਾ ਤਾਂ ਚੁੱਪ ਰਹਿਣ ਵਾਲੇ ਨਹੀਂ ਸਨ। ਪਾਪਾ ਹੀ ਹਮੇਸ਼ਾ ਇਹ ਫ਼ੈਸਲਾ ਕਰਦੇ ਸਨ ਕਿ ਘਰ ਵਿੱਚ ਕੀ ਪਕਾਇਆ ਜਾਵੇਗਾ, ਰਿਸ਼ਤੇਦਾਰਾਂ ਨੂੰ ਕੀ ਦਿੱਤਾ ਜਾਵੇਗਾ ਅਤੇ ਵਿਆਹ ਵਿੱਚ ਕੌਣ ਸ਼ਾਮਲ ਹੋਵੇਗਾ। ਮੰਮੀ ਨੂੰ ਫ਼ਿਲਮ ਵੇਖਣ ਦਾ ਬਹੁਤ ਸ਼ੌਕ ਸੀ, ਪਰ ਪਾਪਾ ਘਰੋਂ ਬਾਹਰ ਹੀ ਨਹੀਂ ਲਿਜਾਣਾ ਚਾਹੁੰਦੇ ਸਨ। ਵਿਆਹ ਤੋਂ ਪਹਿਲਾਂ ਮੰਮੀ ਨੂੰ ਘੁੰਮਣ-ਫਿਰਨ ਦਾ ਬਹੁਤ ਸ਼ੌਕ ਸੀ। ਨਾਨਾ ਜੀ ਸਰਕਾਰੀ ਨੌਕਰੀ ਵਿੱਚ ਸਨ, ਉਨ੍ਹਾਂ ਦੀ ਨੌਕਰੀ ਦੌਰਾਨ ਉਨ੍ਹਾਂ ਅਣਗਿਣਤ ਸ਼ਹਿਰ ਵੇਖੇ ਸਨ, ਪਰ ਵਿਆਹ ਤੋਂ ਬਾਅਦ ਉਹ ਆਪਣੇ ਸ਼ਹਿਰ ਤੋਂ ਨਾਨੀ ਦੇ ਘਰ ਤੋਂ ਇਲਾਵਾ ਕਿਤੇ ਵੀ ਨਹੀਂ ਜਾ ਸਕੇ ਸਨ।
ਮੰਮੀ ਨੇ ਕਦੇ ਇਸਦਾ ਵਿਰੋਧ ਨਹੀਂ ਕੀਤਾ। ਉਹ ਪਾਪਾ ਦੇ ਰੰਗ ਵਿੱਚ ਰੰਗਦੇ ਚਲੇ ਗਏ। ਸ਼ਾਇਦ ਵਿਰੋਧ ਕਰਨ ਦਾ ਕੋਈ ਫ਼ਾਇਦਾ ਵੀ ਨਹੀਂ ਸੀ। ਪਾਪਾ ਬੜੇ ਗੁੱਸੇ ਵਾਲੇ ਸਨ। ਘਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਮੰਮੀ ਚੁੱਪ ਹੀ ਰਹਿੰਦੇ ਅਤੇ ਉਨ੍ਹਾਂ ਦੀ ਇਹ ਚੁੱਪ ਰਹਿਣ ਦੀ ਆਦਤ ਉਨ੍ਹਾਂ ਦੇ ਸੁਭਾਅ ਵਿੱਚ ਸ਼ਾਮਲ ਹੋ ਗਈ।

ਪਰ ਸੁਮੀ ਦੇ ਵਿਆਹ ਤੋਂ ਬਾਅਦ ਛੇ ਮਹੀਨਿਆਂ ਵਿੱਚ ਹੀ ਮਧੂ ਦੀ ਜ਼ਿੰਦਗੀ ਕਾਫ਼ੀ ਬਦਲ ਗਈ ਸੀ। ਸੁਮੀ ਇਸ ਨੂੰ ਤੀਬਰਤਾ ਨਾਲ ਮਹਿਸੂਸ ਕਰ ਰਹੀ ਸੀ। ਪਰਸੋਂ ਵੀਡੀਓ ਕਾਲ ਕਰਦੇ ਵੇਲੇ ਮੰਮੀ ਉਸਦੇ ਕਮਰੇ ਵਿੱਚ ਹੀ ਸੌਣ ਲੱਗੇ ਸਨ।
"ਮੰਮੀ, ਪਾਪਾ ਕਿੱਥੇ ਹਨ?"
"ਆਪਣੇ ਕਮਰੇ ਵਿੱਚ..."
"ਤੇ ਤੁਸੀਂ?"
ਮਧੂ ਚੁੱਪ ਸੀ। ਸੁਮੀ ਚੁੱਪਚਾਪ ਉਨ੍ਹਾਂ ਦੇ ਜਵਾਬ ਦੀ ਉਡੀਕ ਕਰ ਰਹੀ ਸੀ। ਉਸਦਾ ਸਬਰ ਟੁੱਟਣ ਲੱਗਾ ਸੀ ਕਿ ਉਦੋਂ ਹੀ ਮੰਮੀ ਬੋਲੇ,
"ਮੈਂ ਤੇਰੇ ਕਮਰੇ ਵਿੱਚ ਹੁੰਦੀ ਹਾਂ।"
"ਕਦੋਂ ਤੋਂ..."
ਮਧੂ ਨੇ ਸੁਮੀ ਦੇ ਸਵਾਲ ਨੂੰ ਅਣਡਿੱਠ ਕਰ ਦਿੱਤਾ।
"ਪਾਪਾ ਮੈਚ ਵੇਖ ਰਹੇ ਹਨ।"
"ਤੇ ਤੁਸੀਂ? ਤੁਸੀਂ ਵੀ ਤਾਂ ਪਾਪਾ ਨਾਲ ਮੈਚ ਵੇਖਦੇ ਹੁੰਦੇ ਸੀ। ਤੁਹਾਨੂੰ ਵੀ ਤਾਂ ਮੈਚ ਵੇਖਣਾ ਪਸੰਦ ਸੀ।"
"ਮੈਨੂੰ ਕਦੇ ਵੀ ਮੈਚ ਵੇਖਣਾ ਪਸੰਦ ਨਹੀਂ ਸੀ ਪਰ ਤੂੰ ਆਪਣੇ ਪਾਪਾ ਨੂੰ ਤਾਂ ਜਾਣਦੀ ਹੈਂ, ਕੋਈ ਵੀ ਉਨ੍ਹਾਂ ਦੇ ਹੱਥੋਂ ਰਿਮੋਟ ਨਹੀਂ ਲੈ ਸਕਦਾ। ਫਿਰ ਉਹ ਜੋ ਵੇਖਦੇ ਸਨ, ਮੈਂ ਵੀ ਉਹੀ ਵੇਖ ਲੈਂਦੀ ਸੀ।"
"ਮੰਮੀ, ਸਭ ਠੀਕ ਹੈ ਨਾ.... ਮੈਂ ਕਈ ਦਿਨਾਂ ਤੋਂ ਵੇਖ ਰਹੀ ਹਾਂ ਕਿ ਤੁਸੀਂ ਕੁਝ ਬਦਲੇ-ਬਦਲੇ ਲੱਗ ਰਹੇ ਹੋ!"
"ਸੁਮੀ, ਕੀ ਇਹ ਤਬਦੀਲੀ ਚੰਗੀ ਹੈ ਜਾਂ ਮਾੜੀ...?"

ਸੁਮੀ ਮਧੂ ਦੇ ਸਵਾਲ ਦਾ ਜਵਾਬ ਨਾ ਦੇ ਸਕੀ। ਸ਼ਾਇਦ ਘਰ ਦੇ ਬੱਚੇ ਵਰ੍ਹਿਆਂ ਤੋਂ ਆਪਣੀ ਮਾਂ ਦੀ ਬੰਨ੍ਹੀ-ਬੰਨ੍ਹਾਈ ਦਿੱਖ ਵਿੱਚ ਆਈ ਤਬਦੀਲੀ ਨੂੰ ਸਹਿਜ ਨਾਲ ਸਵੀਕਾਰ ਨਹੀਂ ਕਰ ਸਕਦੇ।
"ਤੁਸੀਂ ਮੁਕਤਾ ਮਾਸੀ ਨਾਲ ਫ਼ਿਲਮ ਵੇਖਣ ਗਏ ਸੀ। ਫਿਰ ਤੁਸੀਂ ਰਾਤ ਦਾ ਖਾਣਾ ਵੀ ਬਾਹਰ ਹੀ ਖਾ ਕੇ ਆਏ।"
"ਤੈਨੂੰ ਕਿਸਨੇ ਕਿਹਾ?"
"ਪਾਪਾ ਨੇ ਦੱਸਿਆ ਸੀ, ਉਹ ਜ਼ਰਾ ਗੁੱਸੇ 'ਚ ਲੱਗਦੇ ਸਨ।"
ਮਧੂ ਚੁੱਪਚਾਪ ਸੁਣਦੀ ਰਹੀ।
"ਕੀ ਤੇਰੇ ਪਾਪਾ ਨੇ ਕੁਝ ਹੋਰ ਵੀ ਕਿਹਾ?"
"ਕੁਝ ਖਾਸ ਨਹੀਂ ਬੋਲੇ। ਕਹਿੰਦੇ ਸਨ ਇਨ੍ਹੀਂ ਦਿਨੀਂ ਤੇਰੀ ਮਾਂ ਜ਼ਿੱਦੀ ਹੋ ਗਈ ਹੈ ਤੇ ਜੋ ਚਾਹੁੰਦੀ ਹੈ ਉਹੀ ਕਰਦੀ ਹੈ।"
"ਕੀ ਇਹ ਗਲਤ ਹੈ? ਕੀ ਤੈਨੂੰ ਵੀ ਇਸੇ ਤਰ੍ਹਾਂ ਮਹਿਸੂਸ ਹੁੰਦਾ ਹੈ?"
ਮਧੂ ਦੀ ਜੀਭ 'ਤੇ ਕੰਡੇ ਉੱਗ ਆਏ।
"ਨਹੀਂ ਮੰਮੀ, ਮੈਨੂੰ ਬਹੁਤ ਖੁਸ਼ੀ ਅਤੇ ਹੈਰਾਨੀ ਹੋਈ ਸੀ। ਤੁਹਾਡਾ ਇਹ ਰੂਪ ਪਹਿਲਾਂ ਕਦੇ ਨਹੀਂ ਵੇਖਿਆ ਸੀ। ਬਾਗਬਾਨੀ ਲਈ ਬੂਟੇ ਅਤੇ ਅੱਜ ਡੀਪੀ ਤੇ ਤੁਹਾਡੀ ਫ਼ੋਟੋ ਵੇਖ ਮੈਨੂੰ ਬਹੁਤ ਹੈਰਾਨੀ ਹੋਈ। ਮੈਂ ਤੁਹਾਨੂੰ ਕਦੇ ਇਸ ਤਰ੍ਹਾਂ ਨਹੀਂ ਵੇਖਿਆ ਅਤੇ ਨਾ ਹੀ ਸੋਚਿਆ।"
ਸੁਮੀ ਨੂੰ ਅਹਿਸਾਸ ਹੋਇਆ ਕਿ ਦੋਵੇਂ ਭੈਣ-ਭਰਾਵਾਂ ਦਾ ਘਰ ਵੱਸਦਿਆਂ ਹੀ ਮੰਮੀ ਦੀ ਗ੍ਰਹਿਸਥੀ ਉੱਜੜ ਗਈ ਸੀ। ਸ਼ਾਇਦ ਇਹ ਗ੍ਰਹਿਸਥੀ ਬਹੁਤ ਪਹਿਲਾਂ ਹੀ ਉੱਜੜ ਗਈ ਸੀ ਪਰ ਇਸਦਾ ਅਸਲੀ ਰੂਪ ਹੁਣ ਵਿਖਣ ਲੱਗਾ ਸੀ। ਸਮੇਂ ਦੇ ਨਾਲ ਨਾ ਸਿਰਫ਼ ਉਨ੍ਹਾਂ ਦੇ ਘਰ ਵਿੱਚ ਸਗੋਂ ਉਨ੍ਹਾਂ ਦੇ ਰਿਸ਼ਤਿਆਂ ਵਿੱਚ ਵੀ ਦਰਾੜਾਂ ਡੂੰਘੀਆਂ ਹੋ ਗਈਆਂ ਸਨ।
"ਸੁਮੀ, ਤੂੰ ਇੰਨੀ ਵੱਡੀ ਤਾਂ ਹੋ ਹੀ ਗਈ ਹੈਂ ਕਿ ਆਪਣੀ ਮੰਮੀ, ਇੱਕ ਨਾਰੀ, ਦੀ ਗੱਲ ਸਮਝ ਸਕੇਂ। ਬਸ ਹੁਣ ਹੋਰ ਨਹੀਂ, ਮੈਂ ਆਪਣੇ ਆਪ ਨੂੰ ਪਰੂਵ ਕਰਦੀ-ਕਰਦੀ ਥੱਕ ਗਈ ਹਾਂ। ਮੇਰੀ ਮਾਂ ਨੇ ਹਥੇਲੀਆਂ 'ਚ ਦਿੱਸਦੀਆਂ ਰੇਖਾਵਾਂ ਤਾਂ ਵੇਖੀਆਂ, ਪਰ ਮੱਥੇ 'ਚ ਉੱਭਰੀ ਮੇਰੀ ਕਿਸਮਤ 'ਚ ਖਿਚੀਆਂ ਲਕੀਰਾਂ ਕਿੱਥੇ ਪੜ੍ਹ ਸਕੀ ਸੀ! ਮੈਂ ਆਪਣਾ ਬੁਢੇਪਾ ਸ਼ਾਂਤੀ ਨਾਲ ਬਿਤਾਉਣਾ ਚਾਹੁੰਦੀ ਹਾਂ।"
"ਕੀ ਤੁਸੀਂ ਪਾਪਾ ਤੋਂ ਵੱਖ ਹੋਣਾ ਚਾਹੁੰਦੇ ਹੋ?"
ਮਧੂ ਨੇ ਕੋਈ ਜਵਾਬ ਨਹੀਂ ਦਿੱਤਾ।
"ਪਰ ਮੰਮੀ, ਕੀ ਇਸ ਉਮਰ ਵਿੱਚ ਤੁਹਾਡੇ ਦੋਹਾਂ ਦਾ ਵੱਖ ਹੋਣਾ ਸਹੀ ਫ਼ੈਸਲਾ ਹੈ? ਕੀ ਤੁਸੀਂ ਕਦੇ ਸੋਚਿਆ ਕਿ ਸਾਡੇ ਸਹੁਰੇ-ਪਰਿਵਾਰ ਵਾਲੇ ਕੀ ਸੋਚਣਗੇ? ਭਰਾ-ਭਾਬੀ, ਉਨ੍ਹਾਂ ਦੇ ਬੱਚੇ, ਸਾਰੇ ਤੁਹਾਡੇ 'ਤੇ ਹੱਸਣਗੇ ... ਕੀ ਇਸ ਉਮਰ ਵਿੱਚ ਕੋਈ ਤਲਾਕ ਦਿੰਦਾ ਹੈ? ਕੀ ਤੁਸੀਂ ਸੋਚਿਐ ਕਿ ਸਮਾਜ ਕੀ ਕਹੇਗਾ?" ਸੁਮੀ ਨੇ ਖਿਝ ਕੇ ਕਿਹਾ।
"ਬਹੁਤ ਸੋਚਿਐ! ਮੈਂ ਸਾਰੀ ਉਮਰ ਸਮਾਜ, ਪਰਿਵਾਰ ਅਤੇ ਬੱਚਿਆਂ ਬਾਰੇ ਸੋਚਦਿਆਂ-ਸੋਚਦਿਆਂ ਹੀ ਬਿਤਾਈ ਹੈ। ਕੀ ਸਾਨੂੰ ਆਪਣੇ ਬਾਰੇ ਸੋਚਣ ਦਾ ਕੋਈ ਹੱਕ ਨਹੀਂ? ਕੀ ਅਸੀਂ ਆਪਣੀ ਜ਼ਿੰਦਗੀ ਦੇ ਇਸ ਪੜਾਅ 'ਤੇ ਵੀ ਆਪਣੇ ਬਾਰੇ ਨਹੀਂ ਸੋਚ ਸਕਦੇ?"
"ਪਰ ਮੰਮੀ..?" ਸ਼ਬਦ ਸੁਮੀ ਦੇ ਗਲੇ ਵਿੱਚ ਹੀ ਅਟਕ ਗਏ।
"ਆਪਣੇ ਹਿੱਸੇ ਦਾ ਅਸਮਾਨ ਬੁਣਨ ਦਾ ਹੱਕ ਤਾਂ ਕਦੇ ਨਾ ਕਦੇ ਸਭ ਨੂੰ ਮਿਲਣਾ ਚਾਹੀਦਾ ਹੈ। ਸੁਮੀ, ਇਸ਼ਕ ਦਾ ਰੰਗ ਹਮੇਸ਼ਾ ਲਾਲ ਨਹੀਂ ਹੁੰਦਾ... ਕਦੇ-ਕਦੇ ਇਹ ਗ੍ਰੇਅ ਵੀ ਹੁੰਦਾ ਹੈ।"

#ਮਿਰਜ਼ਾਪੁਰ (ਯੂਪੀ)
94154 79796

ਬਸ਼ੀਰਾ

ਨਵਤੇਜ ਸਿੰਘ

100 ਵਾਂ ਜਨਮਦਿਨ 8 ਜਨਵਰੀ 1925 – 12 ਅਗਸਤ 1981

ਬਸ਼ੀਰਾ ਤੇ ਮੈਂ ਚੰਗੇ ਬੇਲੀ ਸਾਂ। ਲੁਕਣ-ਮੀਟੀ ਜਾਂ ਹੋਰ ਕਿਸੇ ਖੇਡ ਵਿਚ ਜਦੋਂ ਹਾਣੀ ਬਣਨਾ ਹੁੰਦਾ, ਤਾਂ ਅਸੀਂ ਦੋਵੇਂ ਜਤਨ ਕਰਦੇ ਕਿ ਅਸੀਂ ਈ ਹਾਣੀ ਬਣੀਏ। ਜੇ ਕਿਤੇ ਬੰਟਿਆਂ ਤੋਂ, ਦਵਾਤ ਡੁੱਲ੍ਹਣ ਤੋਂ ਜਾਂ ਬਾਲ ਉਮਰ ਦੇ ਹੋਰ ਸੈਆਂ ਪੱਜਾਂ ਤੋਂ ਮੇਰੇ ਨਾਲ ਕੋਈ ਲੜ ਪੈਂਦਾ ਤਾਂ ਉਹ ਨਿੱਤ ਮੇਰੀ ਮਦਦ ਕਰਦਾ। ਜਮਾਤ ਵਿਚ ਜੇ ਉਹਨੂੰ ਕੁਝ ਸਮਝ ਨਾ ਪੈਂਦਾ, ਤਾਂ ਮੈਂ ਸਮਝਾ ਦੇਂਦਾ। ਇਮਤਿਹਾਨ ਲਈ ਅਸੀਂ ਇਕੱਠੇ ਤਿਆਰੀ ਕਰਦੇ, ਤੇ ਜਿੰਨਾਂ ਕੁਝ ਮੈਨੂੰ ਆਉਂਦਾ ਹੁੰਦਾ ਮੈਂ ਉਹਨੂੰ ਪੜ੍ਹਾ ਦੇਂਦਾ। ਅਸੀਂ ਇਕ ਦੂਜੇ ਦੀ ਬਾਂਹ ਸਾਂ।

ਮੈਂ ਛੋਟੇ ਹੁੰਦਿਆਂ ਤੋਂ ਬਹੁਤ ਈ ਘੱਟ ਕਦੇ ਰੋਇਆ ਹੋਵਾਂਗਾ– ਹਾਂ, ਇਕ ਵਾਰ ਦਾ ਚੇਤਾ ਹੈ, ਮੈਂ ਫਰਨ ਫਰਨ ਰੋਈ ਜਾਂਦਾ ਸਾਂ, ਤੇ ਬੱਸ ਈ ਨਹੀਂ ਸੀ ਕਰਦਾ। ਖੇਡਦਿਆਂ ਖੇਡਦਿਆਂ ਬਸ਼ੀਰੇ ਨੂੰ ਮੱਥੇ ਦੇ ਵਿਚਕਾਰ ਵੱਡਾ ਸਾਰਾ ਕਾਬਲੀ ਭੂੰਡ ਲੜ ਗਿਆ ਸੀ, ਤੇ ਉਹਦੇ ਨੱਕ ਵਿਚੋਂ ਲਹੂ ਦੀ ਤਤੀਰੀ ਛੁੱਟ ਪਈ ਸੀ। ਤੇ ਮੈਂ ਬੇਵੱਸਾ ਜਿਹਾ ਹੋ ਕੇ ਰੋਣ ਲੱਗ ਪਿਆ ਸਾਂ— ਮੈਨੂੰ ਆਪਣੇ ਮੱਥੇ ਵਿਚ ਸੋਜ ਚੜ੍ਹਦੀ ਜਾਪੀ ਸੀ…

ਕਈ ਮੁੰਡੇ ਸਾਡੀ ਯਾਰੀ ਤੋਂ ਸੜਦੇ ਹੁੰਦੇ ਸਨ।

ਮੈਂ ਜਮਾਤ ਵਿਚ ਪੜ੍ਹਾਈ ਵਿਚ ਸਭ ਤੋਂ ਚੰਗਾ ਸਾਂ—ਤੇ ਬਸ਼ੀਰਾ ਖੇਡਾਂ ਤੇ ਦੌੜਾਂ ਵਿਚ। ਨਾਲੇ ਬਸ਼ੀਰਾ ਗੌਂਦਾ ਬੜਾ ਚੰਗਾ ਸੀ, ਤੇ ਸਵੇਰੇ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ ਜਿਹੜੀ 'ਪਰੇਅਰ' ਹੁੰਦੀ ਸੀ, ਉਹਦੇ ਵਿਚ ਅਗਵਾਈ ਕਰਦਾ ਹੁੰਦਾ ਸੀ।

ਬਸ਼ੀਰਾ ਮੇਰੇ ਤੋਂ ਪਹਿਲਾਂ ਦਾ ਏਸ ਸਕੂਲ ਵਿਚ ਪੜ੍ਹਦਾ ਸੀ।

ਪਹਿਲੋਂ ਸੁਣਿਆ ਹੈ ਉਹ ਪੜ੍ਹਾਈ ਵਿਚ ਬੜਾ ਨਲਾਇਕ ਹੁੰਦਾ ਸੀ। ਮੈਨੂੰ ਆਪਣੇ ਪਿਛਲੇ ਸਕੂਲ ਵਿਚ ਡਰਿਲ ਮਾਸਟਰ ਕੋਲੋਂ ਬੜਾ ਡਰ ਲੱਗਦਾ ਹੁੰਦਾ ਸੀ। ਹਾਕੀ, ਫੁੱਟਬਾਲ ਤੇ ਹੋਰਨਾਂ ਖੇਡਾਂ ਵਿਚੋਂ ਕੁਝ ਵੀ ਮੈਨੂੰ ਨਹੀਂ ਸੀ ਔਂਦਾ। ਪਰ ਜਦੋਂ ਦਾ ਮੈਂ ਇਸ ਸਕੂਲੇ ਆਇਆ ਸਾਂ, ਮੇਰਾ ਇਹ ਡਰ ਹਟ ਗਿਆ ਸੀ, ਤੇ ਮੈਂ ਖੇਡਾਂ ਵਿਚ ਚੰਗਾ ਹੋ ਗਿਆ ਸਾਂ, ਤੇ ਬਸ਼ੀਰਾ ਪੜ੍ਹਾਈ ਵਿਚ। ਅਜਿਹਾ ਜਾਦੂ ਸੀ ਸਾਡੀ ਯਾਰੀ ਦਾ।

ਬਸ਼ੀਰੇ ਦੀ ਫੁੱਟਬਾਲ ਵਿਚ ਕਿੱਕ ਬੜੀ ਮਸ਼ਹੂਰ ਹੁੰਦੀ ਸੀ। ਜਦੋਂ ਸਾਡਾ ਮੈਚ ਕਿਸੇ ਹੋਰ ਸਕੂਲ ਨਾਲ ਪੈਂਦਾ ਤਾਂ ਉਨ੍ਹਾਂ ਦੇ ਖਿਡਾਰੀ ਬਸ਼ੀਰੇ ਦੇ ਗੋਡੇ-ਗਿੱਟੇ ਭੰਨਣ ਦੀ ਉਡੀਕ ਵਿਚ ਈ ਰਹਿੰਦੇ— ਪਰ ਘੱਟ ਈ ਕਦੇ ਉਹਨੂੰ ਸੱਟ-ਫੇਟ ਲੱਗਦੀ। ਤੇ ਉਹ ਫੁੱਟਬਾਲ ਨੂੰ ਇੰਝ ਘੁਮਾਉਂਦਾ ਕਿ ਤੱਕਣ ਵਾਲੇ ਹੈਰਾਨ ਰਹਿ ਜਾਂਦੇ, ਤੇ ਉੱਚੀ-ਉੱਚੀ ਉਹਦਾ ਨਾਂ ਲੈ-ਲੈ ਕੇ ਤਰੀਫ਼ਾਂ ਕਰਦੇ। ਇਹ ਤਰੀਫ਼ਾਂ ਮੈਨੂੰ ਜਾਪਦੀਆਂ ਜਿਵੇਂ ਲੋਕ ਮੇਰੀਆਂ ਕਰ ਰਹੇ ਹੋਣ, ਤੇ ਮੈਂ ਫੁੱਟਬਾਲ ਦੇ ਮੈਚ ਵਾਲੇ ਦਿਨ ਆਪਣੇ ਆਪ ਵਿਚ ਮਿਉਂਦਾ ਨਹੀਂ ਸਾਂ ਹੁੰਦਾ।

ਮੇਰੇ ਘਰ ਦੇ ਮੇਰਾ ਜਨਮ-ਦਿਨ ਮਨਾਂਦੇ ਹੁੰਦੇ ਸਨ। ਇਸ ਦਿਨ ਸਾਡੇ ਕਈ ਰਿਸ਼ਤੇਦਾਰ ਮੁੰਡਿਆਂ ਕੁੜੀਆਂ ਨੂੰ ਸ਼ਹਿਰੋਂ ਮੇਰੇ ਮਾਤਾ ਜੀ ਬੁਲਾਂਦੇ। ਬੜੇ ਸੁਹਣੇ ਕਪੜੇ ਪਾਈ ਇਹ ਸੁਹਣੇ ਮੁੰਡੇ ਤੇ ਇਹ ਸੁਹਣੀਆਂ ਕੁੜੀਆਂ ਔਂਦੀਆਂ, ਸੁਹਣੀਆਂ ਸੁਗਾਤਾਂ ਲਈ— ਖਿਡੌਣੇ, ਜਿਹੜੇ ਮੇਰੇ ਬਾਲ-ਮਨ ਨੂੰ ਲਲਚਾਂਦੇ ਸਨ, ਟਾਫ਼ੀਆਂ ਤੇ ਚਾਕਲੇਟ ਜਿਨ੍ਹਾਂ ਦੀ ਅਨੋਖੀ ਮਿਠਾਸ ਜੀਭ ਤੇ ਗਲੇ ਵਿਚ ਕਿੰਨੀ-ਕਿੰਨੀ ਦੇਰ ਜਿਉਂਦੀ ਰਹਿੰਦੀ ਸੀ, ਤੇ ਪਰੀ-ਦੇਸ਼ਾਂ ਦੀ ਸੈਰ ਕਰਾਂਦੀਆਂ ਮੂਰਤਾਂ ਵਾਲੀਆਂ ਕਿਤਾਬਾਂ। ਸੁਹਣੀਆਂ ਕੁੜੀਆਂ ਅੱਖਾਂ ਮਟਕਾ-ਮਟਕਾ ਕੇ ਅੰਗਰੇਜ਼ੀ ਵਿਚ ਗੌਣ ਗੌਂਦੀਆਂ। ਬਸ਼ੀਰਾ ਝੱਕਦਿਆਂ-ਝੱਕਦਿਆਂ ਸ਼ਰਮ ਨਾਲ ਦੂਹਰਾ ਹੋਇਆ ਇਕ ਨੁੱਕਰੇ ਬੈਠਾ ਰਹਿੰਦਾ। ਉਹਨੇ ਗੌਣਾ ਤਾਂ ਕੀ ਸੀ, ਉਹਦੇ ਮੂੰਹੋਂ ਗੱਲ ਵੀ ਨਹੀਂ ਸੀ ਇਨ੍ਹਾਂ ਸਾਹਮਣੇ ਨਿਕਲਦੀ। ਇਨ੍ਹਾਂ ਸਾਹਮਣੇ ਉਹ ਕੁਝ ਨਾ ਖਾਂਦਾ, ਮਤੇ ਉਹਦੀ ਕਿਸੇ ਗ਼ਲਤੀ ਉਤੇ ਵਲੈਤੀ ਮਠਿਆਈ ਵਾਂਗ ਸੁਹਣੇ ਕਾਗਜ਼ਾਂ ਵਿਚ ਵਲ੍ਹੇਟੇ ਇਹ ਸਾਰੇ ਹੱਸ

ਇਹ ਕਹਾਣੀ ਕਦੋਂ ਦੀ ਸਕੂਲਾਂ ਵਿੱਚ ਪੜ੍ਹਾਈਜਾ ਰਹੀ ਹੈ। ਇੱਕ ਸਿਖਰ ਦੇ ਕਸਟਮ ਅਧਿਕਾਰੀ, ਹੁਣ ਸੇਵਾਮੁਕਤ, ਇਸ ਨੂੰ ਬਹੁਤ ਪਿਆਰ ਕਰਦੇ ਹਨ। ਕਹਿੰਦੇ ਹੁੰਦੇ ਹਨ- ਪ੍ਰੀਤ ਲੜੀ ਤੇ ਇਹੋ ਜਿਹੀ ਕਹਾਣੀ ਨਾ ਪੜ੍ਹੀ ਹੁੰਦੀ ਤਾਂ ਮੈਂ ਤਾਂ ਡੰਗਰ ਹੀ ਚਾਰਦੇ ਹੋਣਾ ਸੀ -ਵੱਧ ਤੋਂ ਵੱਧ ਟ੍ਰੱਕ ਡ੍ਰਾਈਵਰ ਹੁੰਦਾ! ਪਿਛਲੇ ਦਿਨਾਂ ਵਿਚ ਉਨ੍ਹਾਂ ਦਾ ਫ਼ੋਨ ਆਇਆ ਕਿ ਉਹ ਬੜੇ ਖ਼ੁਸ਼ ਹੋਏ ਵੇਖਕੇ ਕਿ ਉਨ੍ਹਾਂ ਦੇ ਨਿੱਕੇ ਜਿਹੇ ਪੋਤਰੇ ਨੂੰ ਵੀ ਇਹ ਬਹੁਤ ਪਸੰਦ ਆਈ ਹੈ, ਓਸੇ ਤਰ੍ਹਾਂ! ਇਸ ਦਾ ਜ਼ਿਕਰ ਸੁਣ ਕੇ ਇੱਕ ਸੇਵਾਮੁਕਤ ਕਰਨਕ ਕਹਿੰਦੇ, ਇਸ ਤੋਂ ਮੈਨੂੰ ਪਤਾ ਲੱਗਾ ਸੀ ਕਿ ਦੋਸਤੀ ਕੀ ਹੁੰਦੀ ਹੈ।

ਬਸ਼ੀਰਾ

ਔਨਲਾਈਨ ਲੱਭੀ "Basheera" ਨਾਂ ਦੀ ਨਿੱਕੀ ਫ਼ਿਲਮ, ਕਹਾਣੀ ਤੋਂ ਅੱਗੇ ਚੱਲਦੀ; ਪੋਤਰੀ Ratika Singh ਵੱਲੋਂ ਬਣਾਈ) ਦਾ ਇੱਕ ਦ੍ਰਿਸ਼।। -ਸੰ.

ਨਾ ਪੈਣ!
ਤੇ ਮੈਨੂੰ ਇਹ ਸਾਰੇ—ਅੰਗਰੇਜ਼ੀ ਗੀਤ ਗੌਂਦੀਆਂ ਸੁਹਣੀਆਂ ਕੁੜੀਆਂ ਤੇ ਸੁਗਾਤਾਂ ਲੱਦੇ ਮੁੰਡੇ ਚੰਗੇ ਨਾ ਲੱਗਦੇ, ਕਿਉਂਕਿ ਬਸ਼ੀਰਾ ਇਨ੍ਹਾਂ ਸਾਹਮਣੇ ਹੱਸਦਾ ਨਹੀਂ ਸੀ,
ਹਾਸਾ— ਜਿਦ੍ਹੇ ਵਿਚੋਂ ਮੈਨੂੰ ਬਾਸਮਤੀ ਦੇ ਖੇਤਾਂ ਦੀ ਮਹਿਕ ਔਂਦੀ ਹੁੰਦੀ ਸੀ, ਕਿਉਂਕਿ ਬਸ਼ੀਰਾ ਇਨ੍ਹਾਂ ਸਾਹਮਣੇ ਗੌਂਦਾ ਨਹੀਂ ਸੀ, ਗੀਤ-ਜਿਨ੍ਹਾਂ ਦੀ ਹੇਕ ਲੰਮ ਸਲੰਮੇ ਰੁੱਖਾਂ ਵਰਗੀ ਸੀ। ਇਨ੍ਹਾਂ ਸਾਹਮਣੇ ਬਸ਼ੀਰਾ ਇੰਝ ਸੁੰਗੜ ਕੇ ਬਹਿੰਦਾ ਕਿ ਉਹਦਾ ਕੱਦ ਵੀ ਛੋਟਾ ਹੋ ਗਿਆ ਜਾਪਦਾ।

ਇਨ੍ਹਾਂ ਮੁੰਡੇ-ਕੁੜੀਆਂ ਵਿਚੋਂ ਮੈਨੂੰ ਇਕ ਕੁੜੀ ਕਾਂਤੀ ਚੰਗੀ ਲੱਗਦੀ ਸੀ, ਕਿਉਂਕਿ ਉਹ ਬਸ਼ੀਰੇ ਨਾਲ ਗੱਲ ਕਰਦੀ ਸੀ। ਉਹ ਜਦੋਂ ਉਹਦੇ ਨਾਲ ਗੱਲ ਕਰਦੀ ਸੀ ਤਾਂ ਉਹਦੇ ਮੂੰਹ ਤੇ ਮੱਥੇ ਤੇ ਕੋਈ ਅਮੀਰੀ ਦੇ ਵੱਟ ਨਹੀਂ ਸਨ ਪੈਂਦੇ, ਤੇ ਉਹਦੇ ਦਿਲ ਵਿਚ ਅੰਗ੍ਰੇਜ਼ੀ ਨਹੀਂ ਸੀ ਫਸੀ ਹੁੰਦੀ। ਉਹਨੇ ਮੇਰੇ ਲਈ ਲਿਆਂਦੀਆਂ ਸੁਗਾਤਾਂ ਵਿਚੋਂ ਇਕ ਰੰਗ-ਬਰੰਗੀ ਜਰਸੀ ਬਸ਼ੀਰੇ ਨੂੰ ਵੀ ਦਿੱਤੀ ਸੀ। ਕਾਂਤੀ ਇਸ ਤੋਂ ਮਗਰੋਂ ਜਦੋਂ ਵੀ ਹੱਸਦੀ— ਉਹਦੇ ਹਾਸੇ ਵਿਚੋਂ ਵੀ ਮੈਨੂੰ ਬਾਸਮਤੀ ਦੇ ਖੇਤਾਂ ਦੀ ਮਹਿਕ ਆਣ ਲੱਗ ਪੈਂਦੀ ਸੀ।

ਮੇਰਾ ਕਮਰਾ, ਮੇਰੀ ਅਲਮਾਰੀ, ਮੇਰਾ ਸੰਦੂਕ— ਸਭ ਕੁਝ ਜਨਮ-ਦਿਨ ਦੀਆਂ ਸੁਗਾਤਾਂ ਨਾਲ ਭਰ ਜਾਂਦੇ। ਪਰ ਮੈਨੂੰ ਇਸ ਲੈਣ ਤੋਂ ਕਿਤੇ ਵੱਧ ਆਪਣੇ ਜਨਮ-ਦਿਨ ਤੇ ਬਸ਼ੀਰੇ ਨੂੰ ਕੁਝ ਯਾਰੀ ਦੀ ਨਿਸ਼ਾਨੀ ਵਜੋਂ ਦੇਣ ਦਾ ਸੁਆਦ ਔਂਦਾ। ਮੈਂ ਇਕ ਵਾਰੀ ਉਹਨੂੰ ਇਕ ਬੜਾ ਵਧੀਆ ਫ਼ੁੱਟਬਾਲ ਦਿੱਤਾ। ਫ਼ੁੱਟਬਾਲ ਦਾ ਤਾਂ ਉਹ ਮਦਾਰੀ ਸੀ ਤੇ ਇਹ ਲੈ ਕੇ ਉਹ ਬੜਾ ਖ਼ੁਸ਼ ਹੋਇਆ ਸੀ।
ਇਹ ਪਹਿਲਾ ਫ਼ੁੱਟਬਾਲ ਸੀ ਜਿਹੜਾ ਨਿਰੋਲ ਉਹਦਾ ਆਪਣਾ ਸੀ।
ਅਸੀਂ ਬਾਲ-ਮਨ ਦੀਆਂ ਉਡਾਰੀਆਂ ਵਿਚ ਕਈ ਥਾਂ, ਕਈ ਸ਼ਹਿਰ, ਕਈ ਧਰਤੀਆਂ ਉੱਡ ਚੁੱਕੇ ਸਾਂ।
"ਬਸ਼ੀਰਿਆ, ਅਸੀਂ ਕਾਲਜ ਵਿਚ ਵੀ ਕੱਠੇ ਪੜ੍ਹਾਂਗੇ— ਤੇ ਤੂੰ ਫ਼ੁਟਬਾਲ ਦੀ ਯੂਨੀਵਰਸਿਟੀ ਟੀਮ ਵਿਚ ਚੁਣਿਆ ਜਾਏਂਗਾ…।"
"ਤੇ ਤੇਜ, ਤੂੰ ਬੜੀਆਂ ਕਿਤਾਬਾਂ ਲਿਖਾਂਗਾ। ਮੇਰਾ ਹਾਲ ਵੀ ਲਿਖੀਂ। ਤੇਰੀਆਂ ਕਿਤਾਬਾਂ ਸਾਰੇ ਲੋਕੀਂ ਪੜ੍ਹਿਆ ਕਰਨਗੇ। ਕਿਸੇ ਕੋਲ ਤੇਰੀ ਲਿਖੀ ਕਿਤਾਬ ਤੱਕ ਕੇ ਮੈਂ ਮਾਣ ਨਾਲ ਕਿਹਾ ਕਰਾਂਗਾ, "ਇਹੀ ਮੇਰੇ ਯਾਰ ਨੇ ਲਿਖੀ ਏ।"…

ਫੇਰ ਅਸੀਂ ਪ੍ਰਦੇਸਾਂ ਦੀ ਇਕੱਠੀ ਸੈਰ ਬਾਰੇ ਸੋਚਦੇ, ਸਮੁੰਦਰ ਦੀਆਂ ਛੱਲਾਂ ਸੁਣਨ ਲੱਗ ਪੈਂਦੀਆਂ। ਤੇ ਫੇਰ ਉਹ ਮੈਨੂੰ ਛੇੜਦਾ:

"ਜਦੋਂ ਅਸੀ ਵਾਪਸ ਪਰਤਦਿਆਂ ਜਹਾਜ਼ ਤੋਂ ਉਤਰਾਂਗੇ ਤਾਂ ਅੱਗੇ ਉਹ ਕੁੜੀ ਕਾਂਤੀ ਖਲੋਤੀ ਹੋਏਗੀ। ਉਹ ਤੈਨੂੰ ਹਾਰ ਪਾਏਗੀ ਤੇ ਮੈਨੂੰ ਵੀ, ਕਿਉਂਕਿ ਮੈਂ ਤੇਰਾ ਬੇਲੀ ਵਾਂ। ਫੇਰ ਤੂੰ ਉਹਦੇ ਨਾਲ ਵਿਆਹ ਕਰ ਲਏਂਗਾ।"
ਤੇ ਸ਼ਰਮ ਨਾਲ ਮੇਰੀਆਂ ਗੱਲ੍ਹਾਂ ਸੂਹੀਆਂ ਹੋ ਜਾਂਦੀਆਂ ਸਨ, ਤੇ ਮੈਂ ਉਹਨੂੰ ਉਤੋਂ-ਉਤੋਂ ਝਿੜਕਦਾ, "ਅਜਿਹੀਆਂ ਗੱਲਾਂ ਨਹੀਂ ਕਰੀਦੀਆਂ…ਮੈਂ ਤੇਰੇ ਨਾਲ ਨਹੀਂ ਬੋਲਣਾ" ਪਰ ਅੰਦਰੋਂ ਮੈਨੂੰ ਇਹ ਗੱਲ ਬੜਾ ਨਿੱਘ ਦੇਂਦੀ ਤੇ ਚੰਗੀ ਚੰਗੀ ਲੱਗਦੀ ਹੁੰਦੀ ਸੀ…

ਇਕ ਦਿਨ ਬਸ਼ੀਰਾ ਸਕੂਲੇ ਨਾ ਆਇਆ, ਫੇਰ ਦੂਜੇ ਦਿਨ ਵੀ ਨਾ। ਮਲੇਰੀਏ ਬੁਖ਼ਾਰ ਦਾ ਮੌਸਮ ਸੀ, ਮੈਂ ਜਾਤਾ ਤਾਪ ਚੜ੍ਹ ਗਿਆ ਹੋਏਗਾ। ਉਹਦਾ ਪਿੰਡ ਮੇਰੇ ਘਰ ਤੋਂ ਤਿੰਨ ਕੋਹ ਤੇ ਸੀ, ਤੇ ਨਾਲੇ ਮੈਂ ਵੀ ਕੁਝ ਢਿੱਲਾ-ਮੱਠਾ ਸਾਂ, ਆਪੀ ਪਤਾ ਕਰਨ ਨਾ ਜਾ ਸਕਿਆ।
ਹੋਰ ਪੰਜ-ਸੱਤ ਦਿਨ ਲੰਘ ਗਏ। ਮੈਂ ਉਡੀਕਦਾ ਰਿਹਾ, ਪਰ ਬਸ਼ੀਰਾ ਫੇਰ ਵੀ ਨਾ ਆਇਆ। ਮੈਨੂੰ ਬੜਾ ਫ਼ਿਕਰ ਹੋਇਆ, ਨਾਲੇ ਮੈਂ ਓਸ ਬਾਝੋਂ ਕੁਝ ਓਦਰ ਵੀ ਗਿਆ ਸਾਂ। ਮੈਂ ਉਹਦੇ ਪਿੰਡ ਚਲਿਆ ਗਿਆ।

ਬਾਹਰਵਾਰ ਚਰਾਂਦ ਵਿਚ ਈ ਬਸ਼ੀਰਾ ਇਕ ਮੱਝ ਚਰਾਂਦਾ ਮਿਲ ਪਿਆ।
ਮੈਂ ਉਹਨੂੰ ਪੁੱਛਿਆ, "ਬਸ਼ੀਰਿਆ ਤੂੰ ਸਕੂਲੇ ਕਿਉਂ ਨਹੀਂ ਔਂਦਾ?"
ਤੇ ਉਹਨੇ ਜੁਆਬ ਦਿੱਤਾ, "ਮੇਰੇ

ਮੀਏਂ ਨੇ ਮੱਝ ਖਰੀਦ ਲਈ ਏ।"

ਮੈਨੂੰ ਓਦੋਂ ਉਹਦੀ ਗੱਲ ਸਮਝ ਨਹੀਂ ਸੀ ਆਈ।
"ਮੀਏਂ ਨੇ ਮੱਝ ਖਰੀਦ ਲਈ ਏ।" ਮੱਝ ਦਾ ਜੋੜ ਮੇਰੀ ਦੁਨੀਆਂ ਵਿਚ ਦੁੱਧ, ਲੱਸੀ ਨਾਲ ਸੀ।
ਪਰ ਬਸ਼ੀਰੇ ਦੀ ਦੁਨੀਆਂ ਵਿਚ, ਤੇ ਕਿੰਨੇ ਹੀ ਲੋਕ ਇਸ ਦੁਨੀਆਂ ਵਿਚ ਵਸਦੇ ਸਨ, ਮੱਝ ਦਾ ਜੋੜ ਦੁੱਧ ਪੀਣ ਨਾਲ ਨਹੀਂ, ਘਰ ਦੇ ਗੁਜ਼ਾਰੇ ਖ਼ਾਤਰ ਠੇਕੇਦਾਰ ਕੋਲ ਸਾਰਾ ਦੁੱਧ ਵੇਚ ਦੇਣ ਨਾਲ ਸੀ, ਸਿਪੀ-ਸਿਪੀ ਦੁੱਧ ਲਈ ਤਰਸਣ ਨਾਲ ਸੀ, ਸਕੂਲੋਂ ਹਟਣ ਤੇ ਬੇਲੀਆਂ ਤੋਂ ਵਿਛੜਨ ਨਾਲ ਸੀ।

...ਬਸ਼ੀਰਿਆ! ਉਹ ਫੁੱਟਬਾਲ ਜਿਹੜਾ ਮੈਂ ਤੈਨੂੰ ਦਿੱਤਾ ਸੀ, ਉਹ ਤੇਰਾ ਪਹਿਲਾ ਤੇ ਅਖੀਰਲਾ ਫ਼ੁਟਬਾਲ ਸੀ। ਸ਼ੈਦ ਹਾਲੀ ਵੀ ਉਹ ਸੁੰਗੜਿਆ ਹੋਇਆ ਤੇਰੇ ਦਿਲ ਦੀ ਕਿਸੇ ਨੁਕਰੇ ਅਡੋਲ ਪਿਆ ਹੋਣਾ ਹੈ, ਤੇ ਤੇਰੇ ਪੈਰਾਂ ਵਿਚ ਕਿੱਕ ਮਾਰਨ ਦੀ ਸੱਧਰ ਕੜਵੱਲ ਪਾਂਦੀ ਹੋਵੇਗੀ!

ਬਸ਼ੀਰਿਆ! ਮੈਂ ਤੈਨੂੰ ਫ਼ੁਟਬਾਲ ਤਾਂ ਦਿੱਤਾ, ਪਰ ਮੈਂ ਇਕੱਲਾ ਤੈਨੂੰ ਇਹਦੇ ਨਾਲ ਖੇਡਣ ਦੀ ਵਿਹਲ ਨਹੀਂ ਸਾਂ ਦੇ ਸਕਦਾ। ਤੂੰ ਕਾਲਜ ਨਾ ਜਾ ਸਕਿਆ, ਯੂਨੀਵਰਸਿਟੀ ਦੀ ਟੀਮ ਵਿਚ ਨਾ ਜਾ ਸਕਿਆ। ਪਰ ਮੈਂ, ਤੇਰਾ ਯਾਰ ਤੇਜ, ਲਿਖਣ ਲੱਗ ਪਿਆ ਹਾਂ। ਚੇਤੇ ਈ ਤੂੰ ਕਿਹਾ ਸੀ, "ਮੇਰਾ ਹਾਲ ਲਿਖੀਂ।" ਮੈਂ ਤੇਰਾ ਹਾਲ ਲਿਖਾਂਗਾ, ਤੇ ਸਿਰਫ਼ ਲਿਖਾਂਗਾ ਈ ਨਹੀਂ, ਮੈਂ ਆਪਣੀ ਲੇਖਣੀ ਰਾਹੀਂ ਉਹ ਜ਼ਿੰਦਗੀ ਲਿਆਣ ਲਈ ਸੰਗਰਾਮ ਕਰਾਂਗਾ ਜਿਸ ਵਿਚ ਠੇਕੇਦਾਰ ਸਾਰਾ ਦੁੱਧ ਨਹੀਂ ਚੁੱਕ ਲਿਜਾਣਗੇ, ਸਗੋਂ ਬਸ਼ੀਰ ਦੁੱਧ ਪੀਣਗੇ; ਜਿੱਥੇ ਕਿੱਕ ਮਾਰਨ ਦੀ ਸੱਧਰ ਸਾਰੀ ਉਮਰ ਕਿਸੇ ਦੇ ਪੈਰਾਂ ਨੂੰ ਕੜਵੱਲ ਨਹੀਂ ਪਾਂਦੀ ਰਹੇਗੀ; ਤੇ ਜਿੱਥੇ ਬਸ਼ੀਰੇ ਦੇ ਬਾਲ-ਮਨ ਦੀਆਂ ਉਡਾਰੀਆਂ ਨੂੰ ਇਕ ਸੰਗਲ ਪਾ ਕੇ ਮੱਝ ਦੇ ਕਿੱਲੇ ਨਾਲ ਕੋਈ ਨਹੀਂ ਬੰਨ੍ਹ ਸਕੇਗਾ...

(1950)

ਬਾਸਮਤੀ ਦੀ ਮਹਿਕ — ਨਵਤੇਜ ਸਿੰਘ

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਸਾਡਾ ਵਤਨ ਨਵਾਂ-ਨਵਾਂ ਵੰਡਿਆ ਗਿਆ ਸੀ— ਤੇ ਇਹਦੇ ਦੋਵਾਂ ਹਿੱਸਿਆਂ ਵਿਚ ਭੂਤਾਂ ਨੇ ਉਧੜ-ਧੁੰਮੀ ਮਚਾਈ ਹੋਈ ਸੀ।
ਰਣਧੀਰ ਅੰਮ੍ਰਿਤਸਰ ਵਿਚ ਫਸਿਆ ਹੋਇਆ ਸੀ। ਉਹਨੇ ਦਿੱਲੀ ਆਪਣੇ ਮਾਪਿਆਂ ਕੋਲ ਪੁਜਣਾ ਸੀ, ਪਰ ਗੱਡੀਆਂ ਰੁਕੀਆਂ ਹੋਈਆਂ ਸਨ, ਜਾਂ ਕਦੇ ਕਦੇ ਸ਼ਰਨਾਰਥੀਆਂ ਨਾਲ ਤੂੜੀਆਂ ਚਲਦੀਆਂ ਸਨ।
ਹਾਰ ਕੇ ਅਖੀਰ ਉਹ ਆਪਣੇ ਦੋਸਤ ਬਲਬੀਰ ਨਾਲ ਉਹਦੇ ਮੋਟਰ ਸਾਈਕਲ ਉਤੇ ਹੀ ਜਲੰਧਰ ਵਲ ਤੁਰ ਪਿਆ। ਬਲਬੀਰ ਨੇ ਵੀ ਦਿੱਲੀ ਕਿਸੇ ਬੜੇ ਜ਼ਰੂਰੀ ਕੰਮ ਲਈ ਜਾਣਾ ਸੀ। "ਫ਼ੌਜੀ ਟਰੱਕਾਂ ਅੱਜਕੱਲ੍ਹ ਜਲੰਧਰੋਂ ਆਮ ਦਿੱਲੀ ਜਾਂਦੀਆਂ ਨੇ," ਬਲਬੀਰ ਨੇ ਉਹਨੂੰ ਦੱਸਿਆ ਸੀ, "ਟਰੱਕਾਂ ਦਾ ਇਨਚਾਰਜ ਮੇਜਰ ਮੇਰਾ ਚੰਗਾ ਵਾਕਫ਼ ਏ— ਉਹਦੇ ਰਾਹੀਂ ਦਿੱਲੀ ਜਾਣ ਦਾ ਕੋਈ ਰਾਹ ਨਿਕਲ ਹੀ ਆਏਗਾ।"

ਭਾਵੇਂ ਅੱਜਕਲ ਤਾਂ ਜਲੰਧਰ ਅੰਮ੍ਰਿਤਸਰੋਂ ਇਕ ਦੁਰਾਡੇ ਮਹੱਲੇ ਵਾਂਗ ਜਾਪਦਾ ਹੈ— ਪਰ ਉਹਨੀਂ ਦਿਨੀਂ ਇਨ੍ਹਾਂ ਦੋਵਾਂ ਸ਼ਹਿਰਾਂ ਵਿਚਾਲੇ ਲਾਸ਼ਾਂ ਨਾਲ ਹੜੇ ਹੋਏ ਨਾਲੇ ਵਗਦੇ ਸਨ, ਤੇ ਸੜਕਾਂ ਕਾਫ਼ਲਿਆਂ ਨਾਲ ਡੱਕੀਆਂ ਹੋਈਆਂ ਸਨ।
ਕਾਫ਼ਲਾ-ਸਾਲਾਰ ਊਠਾਂ ਉਤੇ ਨਹੀਂ ਸਨ, ਟੈਂਕਾਂ ਵਿਚ ਸਨ, ਤੇ ਕਾਫ਼ਲੇ ਵਾਲੇ ਆਪਣੀ ਮੰਜ਼ਲ ਵੱਲ ਨਹੀਂ ਸਨ ਵਧ ਰਹੇ, ਮੰਜ਼ਲੋਂ ਭਟਕਾਏ ਔਝੜਾਂ ਨੂੰ ਹਿਕੇ ਜਾ ਰਹੇ ਸਨ। ਰਾਹ ਵਿਚ ਟੈਂਕਾਂ ਦੇ ਹੁੰਦਿਆਂ ਸੁੰਦਿਆਂ ਆਪਣੇ ਹੀ ਵਤਨੀ, ਆਪਣੇ ਹੀ ਹਮਸਾਇਆਂ ਦੇ ਮੁਹਾਂਦਰੇ ਵਾਲੇ ਲੋਕ, ਧਾੜਵੀ ਬਣ ਕੇ ਟੁੱਟ ਪੈਂਦੇ ਸਨ, ਤੇ ਚੀਕਾਂ ਸਨ, ਕੁਰਲਾਹਟਾਂ ਸਨ, ਅੱਖਾਂ ਸਨ। ਰਾਹ ਸਨ ਜਿਵੇਂ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਹੋਵੇ, ਤੇ ਡੰਗਰ ਤੇ ਉਨ੍ਹਾਂ ਦੇ ਮਨੁੱਖ ਮਾਲਕ ਇਕੱਠੇ ਮੋਏ ਪਏ ਸਨ, ਤੇ ਰਜ਼ਾਈਆਂ ਦੇ ਡਕਰੇ ਕੀਤੇ ਹੋਏ ਸਨ, ਸੜਕ-ਕੰਢੇ ਦੇ ਰੁਖ ਰੁੰਡ ਮੁੰਡ ਸਨ— ਕੁਰੁੱਤੀ ਪਤਝੜ...
ਰਣਧੀਰ ਤੇ ਉਹਦਾ ਦੋਸਤ ਛੇ ਘੰਟਿਆਂ ਵਿਚ ਜਲੰਧਰ ਸ਼ਹਿਰ ਪੁੱਜੇ। ਸ਼ਹਿਰੋਂ ਬਲਬੀਰ ਨੇ ਛਾਉਣੀ ਆਪਣੇ ਵਾਕਫ਼ ਮੇਜਰ ਨੂੰ ਫ਼ੋਨ ਕੀਤੀ। ਮੇਜਰ ਨੇ ਅਗੋਂ ਦੱਸਿਆ ਕਿ ਸਬੱਬ ਨਾਲ ਕੱਲ੍ਹ ਸਵੇਰ ਸਾਰ ਚਾਰ ਵਜੇ ਦਿੱਲੀ ਜਾਣ ਵਾਲੀ ਟਰੱਕ ਵਿਚ ਦੋ ਜਣਿਆਂ
ਦੀ ਥਾਂ ਹੋਰ ਸੀ। ਉਹਨੇ ਬੜੇ ਖੁਲ੍ਹੇ ਦਿਲ ਨਾਲ ਬਲਬੀਰ ਨੂੰ ਦੋਸਤ ਸਣੇ ਰਾਤ ਛਾਉਣੀ ਉਨ੍ਹਾਂ ਦੇ ਘਰ ਹੀ ਰਹਿਣ ਲਈ ਕਿਹਾ,
"ਏਨੀ ਸਵੇਰੇ ਤੁਸੀਂ ਸ਼ਹਿਰੋਂ ਪੁਜ ਨਹੀਂ ਸਕਣ ਲਗੇ।"

ਦੋਵੇਂ ਕਿਸੇ ਹੋਟਲ ਵਿਚੋਂ ਰੋਟੀ ਖਾ ਕੇ ਛਾਉਣੀ ਵੱਲ ਹੋ ਪਏ। ਮੇਜਰ ਸਾਹਿਬ ਦੀ ਕੋਠੀ ਛੇਤੀ ਹੀ ਲਭ ਪਈ। ਸਡੌਲ
ਤਕੜੇ ਸਰੀਰ ਵਾਲੇ ਮੇਜਰ ਸਾਹਬ ਬੜੇ ਖਿੜੇ ਮੱਥੇ ਅਗੋਵਾਲੀ ਮਿਲੇ, ਅਰਦਲੀ ਨੂੰ ਮੋਟਰ ਸਾਈਕਲ ਦੀ ਸੌਂਪਣਾ ਕਰ, ਦੋਵਾਂ ਪਰਾਹੁਣਿਆਂ ਨੂੰ

ਕਿਤਾਬ ਦਾ ਸਰਵਰਕ

ਬਾਸਮਤੀ ਦੀ ਮਹਿਕ

ਆਪਣੇ ਡਰਾਇੰਗ-ਰੂਮ ਵਿਚ ਲੈ ਗਏ।
ਅੰਦਰ ਉਨਾਂ ਦੇ ਹੋਰ ਦੋਸਤ ਵਰਦੀਆਂ ਪਾਈ ਬੈਠੇ ਸਨ। ਸ਼ਰਾਬ ਦੀਆਂ ਬੋਤਲਾਂ ਸਨ। ਊਣੇ ਤੇ ਭਰੇ ਬਲੌਰੀ ਗਲਾਸ ਸਨ।
ਬੜੇ ਬਰੀਕ ਸੁਹਜ ਨਾਲ ਕਮਰਾ ਸਜਾਇਆ ਹੋਇਆ ਸੀ। ਤੇ ਇਕ ਇਸਤ੍ਰੀ ਸੀ...
"ਮੇਰੀ ਵਾਈਫ਼ ਸੁਖਵੰਤ— ਤੇ ਡਾਰਲਿੰਗ ਇਹ ਬਲਬੀਰ ਜੀ ਨੇ। ਮੈਂ ਜ਼ਿਕਰ ਕੀਤਾ ਸੀ ਨਾ ਇਨ੍ਹਾਂ ਦਾ, ਜਿਹੜੇ ਮੈਨੂੰ ਗੁਲਮਰਗ ਮਿਲੇ ਸਨ ਤੇ ਬੜੀਆਂ ਸੁਹਣੀਆਂ ਤਸਵੀਰਾਂ ਖਿਚਦੇ
ਸਨ, —ਤੇ ਇਹ ਨੇ ਇਨ੍ਹਾਂ ਦੇ ਦੋਸਤ..."
"ਰਣਧੀਰ ਜੀ, ਸ਼ੈਦ ਤੁਸੀਂ ਇਨ੍ਹਾਂ ਦੀਆਂ ਕਵਿਤਾਵਾਂ..."
ਬਲਬੀਰ ਨੇ ਕਿਹਾ।
"ਰਣਧੀਰ ਜੀ— ਜੀਅ ਆਇਆਂ ਨੂੰ। ਕਿਹਾ ਚੰਗਾ ਇਤਫ਼ਾਕ ਏ!... ਡਾਰਲਿੰਗ, ਇਨ੍ਹਾਂ ਤੋਂ ਤਾਂ ਮੈਂ ਚੰਗੀ ਤਰ੍ਹਾਂ ਜਾਣੂ ਹਾਂ। ਅਸੀਂ ਕਾਲਜ ਵਿਚ ਇਕੱਠੇ ਪੜ੍ਹਦੇ ਰਹੇ ਹਾਂ। ਇਨ੍ਹਾਂ ਦੇ ਪਿਤਾ ਜੀ ਮੇਰੇ ਪਿਤਾ ਜੀ ਦੇ ਬੜੇ ਦੋਸਤ ਨੇ!—ਹਾਂ, ਰਣਧੀਰ ਜੀ, ਸੁਣਾਓ ਕੀ ਹਾਲ ਏ ਤੁਹਾਡਾ।"
ਕੁਝ ਰਸਮੀਆਂ ਗੱਲਾਂ ਪਿਛੋਂ ਮੇਜਰ ਸਾਹਿਬ ਤੇ ਬਲਬੀਰ ਪੀਣ ਵਾਲਿਆਂ ਵਿਚ ਜਾ ਸ਼ਾਮਲ ਹੋਏ।

ਰਣਧੀਰ ਪੀਂਦਾ ਨਹੀਂ ਸੀ, ਉਹਨੂੰ ਸੁਖਵੰਤ ਨੇ ਮਹਿਫ਼ਲ ਤੋਂ ਦੁਰੇਡੇ ਆਪਣੇ ਕੋਲ ਬਿਠਾ ਲਿਆ।
ਸੁਖਵੰਤ ਤੇ ਰਣਧੀਰ ਜਿਥੇ ਬੈਠੇ ਸਨ, ਓਥੇ ਇਕ ਅਜੀਬ ਜਿਹੀ ਚੁਪ ਸੀ।
ਕਦੇ ਕਦੇ ਚੁਪ ਟੁਟਦੀ:
"ਤੁਹਾਡੇ ਮਾਤਾ ਜੀ ਰਾਜ਼ੀ ਨੇ? ਕਿਥੇ ਹੁੰਦੇ ਨੇ ਅੱਜਕੱਲ੍ਹ?"
"ਹਾਂ, ਬੜੇ ਰਾਜ਼ੀ— ਤੇ ਤੁਹਾਡੇ ਮਾਤਾ ਜੀ ਠੀਕ ਨੇ?"
"ਹਾਂ— ਤੇ ਤੁਹਾਡੀਆਂ ਕਵਿਤਾਵਾਂ ਦਾ ਕੀ ਹਾਲ ਏ?"
"ਕਵਿਤਾਵਾਂ— ਉਹ ਰਾਜ਼ੀ ਨਹੀਂ! ਤੇ ਤੁਹਾਡੇ ਗੌਣ ਦਾ ਕੀ ਹਾਲ ਏ?"
"ਉਹ ਵੀ ਰਾਜ਼ੀ ਨਹੀਂ..."
ਰਣਧੀਰ ਤੇ ਸੁਖਵੰਤ ਦੋਵੇਂ ਹੱਸ ਪਏ— ਪਰ ਜਿਵੇਂ ਕਈ ਵਾਰ ਕਿਸੇ ਚਿੱਟੀ ਸ਼ੈ ਵਿਚ ਚਿਟਿਆਈ ਘੱਟ ਤੇ ਹੋਰ ਕੋਈ ਭਾਅ ਹੁੰਦੀ ਹੈ, ਇੰਜ ਹੀ ਦੋਵਾਂ ਦੇ ਹਾਸੇ ਵਿਚ ਹਾਸਾ ਘੱਟ ਤੇ ਹੋਰ ਕਿਸੇ ਜਜ਼ਬੇ ਦੀ ਭਾਅ ਸੀ।
ਦੂਜੇ ਪਾਸੇ ਮਹਿਫ਼ਲ ਜੰਮਦੀ ਜਾ ਰਹੀ ਸੀ, ਗਲਾਸ ਖਣਕ ਰਹੇ ਸਨ, ਕੋਈ ਵਲੈਤੀ ਸੁਰ ਟੁਣਟੁਣਾ ਰਿਹਾ ਸੀ।

ਸੁਖਵੰਤ ਤੇ ਰਣਧੀਰ ਵਿਚਾਲੇ ਫੇਰ ਕੁਝ ਚਿਰ ਪਿਛੋਂ ਚੁੱਪ ਟੁਟੀ:
"ਧੀਰ— ਤੂੰ ਮੇਰੇ ਨਾਲ ਨਾਰਾਜ਼ ਏਂ?" ਸੁਖਵੰਤ ਦੇ ਬੁਲ੍ਹ ਬੇਮਲੂਮੇ ਕੰਬ ਰਹੇ ਸਨ।
ਜਦੋਂ ਦਾ ਉਹ ਆਇਆ ਸੀ, ਓਦੂੰ ਪਿਛੋਂ ਹੁਣ ਕਿਤੇ ਰਣਧੀਰ ਨੇ ਪਹਿਲੀ ਵਾਰ ਪੂਰੀ ਤਰ੍ਹਾਂ ਸੁਖਵੰਤ ਨਾਲ ਆਪਣੀਆਂ ਅੱਖਾਂ ਭਰ ਲਈਆਂ...ਭਰੇ ਭਾਂਡੇ ਬੇਆਵਾਜ਼ ਹੁੰਦੇ ਹਨ।
"ਧੀਰ— ਤੂੰ ਮੈਨੂੰ ਮੁਆਫ਼ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਏਨਾ ਦੁਖ ਦਿੱਤਾ ਏ।"
"...ਤੂੰ, ਮੈਨੂੰ ਅਨੰਤ ਬਣਾ ਦਿੱਤਾ, ਅਜਿਹਾ ਹੈ ਤੇਰਾ ਆਨੰਦ," ਟੈਗੋਰ ਦੀਆਂ ਇਹ ਸਤਰਾਂ ਕਦੇ ਰਣਧੀਰ ਨੇ
ਆਪਣੇ ਪਹਿਲੇ ਕਾਵਿ-ਸੰਗ੍ਰਹਿ ਉਤੇ ਲਿਖ ਕੇ ਸੁਖਵੰਤ ਨੂੰ ਦਿੱਤੀਆਂ ਸਨ...
"ਧੀਰ— ਮੈਨੂੰ ਮੁਆਫ਼..."

ਮੇਜਰ ਸਾਹਿਬ ਆ ਗਏ,
"ਐਕਸਯੂਜ਼ ਮੀ, ਡਾਰਲਿੰਗ। ਡਾਕਟਰ ਕਹਿ ਰਿਹਾ ਏ ਹੋਰ ਲੇਟ ਤੁਹਾਨੂੰ ਨਹੀਂ ਜਾਗਣਾ ਚਾਹੀਦਾ। ਤੇ ਬੇਬੀ ਦੇ ਫ਼ੀਡ ਦਾ ਵੀ ਵਕਤ ਹੋ ਗਿਆ ਏ— ਆਯਾ ਬੁਲਾਣ ਆਈ ਸੀ।"
ਮੇਜਰ ਸਾਹਿਬ ਦੇ ਬੋਲ ਕੁਝ ਥਥਲਾ ਰਹੇ ਸਨ, ਲੱਤਾਂ ਵਿਚ ਬੇਮਲੂਮੀ ਕੰਬਣੀ ਸੀ, ਹੱਥ ਵਿਚ ਫੜਿਆ ਗਲਾਸ ਵੀ ਕੰਬ ਰਿਹਾ ਸੀ।
"ਚੰਗਾ ਰਣਧੀਰ ਜੀ, ਮੁਆਫ਼ ਕਰਨਾ— ਬੇਬੀ ਛੋਟਾ ਏ, ਤੇ ਨਾਲੇ ਮੈਂ ਹੁਣੇ ਹੁਣੇ ਟਾਈਫ਼ਾਈਡ ਤੋਂ ਉੱਠੀ ਹਾਂ..."
ਤੇ ਸੁਖਵੰਤ ਚਲੀ ਗਈ।

ਇਕਦਮ ਰਣਧੀਰ ਨੂੰ ਜਾਪਿਆ ਕਿ ਕਮਰੇ ਵਿਚ ਹੁਣ ਸ਼ਰਾਬ ਦੀ ਬੂ ਹੀ ਬਾਕੀ ਰਹਿ ਗਈ ਸੀ।
"ਤੁਸੀਂ ਸਾਡੇ ਵਿਚ ਤਾਂ ਮਿਕਸ ਨਹੀਂ ਹੁੰਦੇ! ਉਨ੍ਹਾਂ ਕਿਤਾਬਾਂ ਨਾਲ ਹੀ ਦਿਲ ਲਾ ਲਓ। ਹੈਰਾਨ ਕਿਉਂ ਹੁੰਦੇ ਹੋ— ਉਹ ਸੁਖਵੰਤ ਦੀਆਂ ਕਿਤਾਬਾਂ ਦੀ ਅਲਮਾਰੀ ਏ। ਅਸੀਂ ਫ਼ੌਜੀ ਆਦਮੀ ਕਿਥੇ ਲਿਟਰੇਚਰ ਨਾਲ ਮਗਜ਼ ਮਾਰਦੇ ਹਾਂ। ...ਉਮੀਦ ਏ ਕੁਝ ਇੰਟਰੈਸਟਿੰਗ ਤੁਹਾਨੂੰ ਉਸ ਅਲਮਾਰੀ ਵਿਚੋਂ ਲੱਭ ਪਏਗਾ। ਵੈਸੇ ਤੁਹਾਡੇ ਸੌਣ ਲਈ ਬਾਹਰ ਵਰਾਂਡੇ ਵਿਚ ਤੁਹਾਡੇ ਦੋਵਾਂ ਦੇ ਬਿਸਤਰ ਲੁਆਏ ਹੋਏ ਨੇ। ਜਦੋਂ ਵੀ ਸੌਣਾ ਚਾਹੋ— ਯੂ ਆਰ ਵੈਲਕਮ! ..ਆਪਣਾ ਘਰ ਸਮਝੋ ਜੀ।...ਹਾਂ, ਤੇ ਬਲਬੀਰ ਤਾਂ ਯਾਰ ਬਾਸ਼ ਬੰਦਾ ਏ, ਉਹ ਤਾਂ ਸਾਡੇ ਕੋਲ ਦੋ ਪੈੱਗ ਲਾਏਗਾ। ਅੱਛਾ— ਐਕਸਯੂਜ਼ ਮੀ," ਮੇਜਰ ਸਾਹਿਬ ਆਪਣੀ ਮਹਿਫ਼ਲ ਵਿਚ ਜਾ ਰਲੇ।

ਸੁਖਵੰਤ ਦੀਆਂ ਕਿਤਾਬਾਂ ਕੋਲ ਰਣਧੀਰ ਇਕੱਲਾ ਖੜੋਤਾ ਰਿਹਾ। ਕਿੰਨੀਆਂ ਕਿਤਾਬਾਂ ਉਹਦੀਆਂ ਜਾਣੀਆਂ-ਪਛਾਣੀਆਂ ਸਨ।
ਉਹ ਟੈਗੋਰ ਦੀ ਚੋਣਵੀਂ ਰਚਨਾ ਸੀ, ਕਾਲੀਦਾਸ ਦੀ 'ਸ਼ਕੁੰਤਲਾ', ਉਹ ਚੇਖ਼ੋਵ ਦੀਆਂ ਕਹਾਣੀਆਂ ਸਨ—ਤੇ ਉਹ ਗੋਰਕੀ ਨਾਵਲ 'ਮਾਂ'...।
ਤੇ ਕੋਲ ਉਹਦਾ ਆਪਣਾ ਪਹਿਲਾ ਕਾਵਿ-ਸੰਗ੍ਰਹਿ ਪਿਆ ਸੀ।
ਉਹਨੇ ਚੁਪਾਸੀਂ ਝਾਤੀ ਮਾਰੀ, ਤੇ ਚੋਰਾਂ ਵਾਂਗ ਆਪਣੇ ਸੰਗ੍ਰਹਿ ਦਾ ਪਹਿਲਾ ਪੰਨਾ ਫੋਲਿਆ, ਉਹਨੂੰ

ਨਵਤੇਜ ਸਿੰਘ

ਦਿਸਿਆ:
ਸੁਖਵੰਤ!
ਤੂੰ ਮੈਨੂੰ ਅਨੰਤ ਬਣਾ ਦਿੱਤਾ,
ਅਜਿਹਾ ਹੈ ਤੇਰਾ ਅਨੰਦ— ਰਣਧੀਰ ਤੇ ਉਹਦਾ ਦੂਜਾ ਸੰਗ੍ਰਹਿ ਵੀ ਹੈ ਸੀ, ਤੇ ਤੀਜਾ ਵੀ, ਤੇ ਉਹਦੀਆਂ ਕਵਿਤਾਵਾਂ ਤੇ ਰਿਸਾਲੇ...
ਹੁਣ ਸੁਖਵੰਤ ਚਲੀ ਗਈ ਸੀ। ਸਵੇਰੇ ਚਾਰ ਵਜੇ ਉਹਦੇ ਉੱਠਣ ਤੋਂ ਪਹਿਲਾਂ ਉਸ ਨੇ ਚਲੇ ਜਾਣਾ ਸੀ। ਹੁਣੇ ਸੁਖਵੰਤ ਨੇ ਦੋ ਵਾਰ ਕਿਹਾ ਸੀ, "ਧੀਰ, ਤੂੰ ਮੈਨੂੰ ਮੁਆਫ਼ ਕਰ ਦੇ, ਮੇਰੀ ਕਮਜ਼ੋਰੀ ਨੇ ਤੈਨੂੰ ਏਨਾ ਦੁਖ ਦਿੱਤਾ ਏ।"
ਤੇ ਰਣਧੀਰ ਚੁੱਪ ਰਿਹਾ ਸੀ, ਪਿਛਲੇ ਸਾਰੇ ਵਰ੍ਹੇ ਉਹਦੀ ਚੁੱਪ ਤੇ ਉਹਦੇ ਬੋਲਾਂ ਵਿਚਾਲੇ ਆਣ ਖੜੋਤੇ ਸਨ। ਨਾਰਾਜ਼ ਤਾਂ ਉਹ ਕਦੇ ਵੀ ਸੁਖਵੰਤ ਨਾਲ ਨਹੀਂ ਸੀ ਹੋਇਆ, ਤੇ ਜਦੋਂ ਵੀ ਸੁਖਵੰਤ ਨੇ ਉਹਦੇ ਕੋਲੋਂ ਕੁਝ ਮੰਗਿਆ ਸੀ, ਰਣਧੀਰ ਨੇ ਉਹਨੂੰ ਉਹੀ ਦਿੱਤਾ ਸੀ। ਤੇ ਅੱਜ ਸੁਖਵੰਤ ਨੇ ਮੁਆਫ਼ੀ ਮੰਗੀ ਸੀ! ਤੇ ਉਹ ਚੁੱਪ ਰਹਿ ਗਿਆ ਸੀ— ਤੇ ਹੁਣ ਸੁਖਵੰਤ ਚਲੀ ਗਈ ਸੀ ਤੇ ਸਵੇਰੇ ਉਹਦੇ ਉੱਠਣ ਤੋਂ ਪਹਿਲਾਂ ਰਣਧੀਰ ਨੇ ਚਲੇ ਜਾਣਾ ਸੀ। ਉਹਦੀ ਇਹ ਮੰਗ ਹੁਣ ਉਹ ਕਿਸ ਤਰ੍ਹਾਂ ਪੂਰੀ ਕਰ ਸਕੇਗਾ! ਕਿਸ ਤਰ੍ਹਾਂ...

ਰਣਧੀਰ ਉਨ੍ਹਾਂ ਕਿਤਾਬਾਂ ਨਾਲ ਬੋਲਣਾ ਚਾਹਦਾ ਸੀ, ਸੁਖਵੰਤ ਦੀਆਂ ਕਿਤਾਬਾਂ ਨਾਲ, ਕਿਤਾਬਾਂ— ਜਿਹੜੀਆਂ ਬੜਾ ਚਿਰ ਹੋਇਆ, ਉਹਦੇ ਤੇ ਸੁਖਵੰਤ ਦੇ ਦਿਲ ਵਿਚਾਲੇ ਪੁਲ ਬਣੀਆਂ ਸਨ।
ਉਹ ਕਿਵੇਂ ਲੋਚਦਾ ਸੀ ਕਿ ਕਦੇ ਜ਼ਿੰਦਗੀ ਦੇ ਇਨ੍ਹਾਂ ਵਿਸ਼ਾਲ ਰਾਹਾਂ ਉਤੇ ਉਹਨੂੰ ਸੁਖਵੰਤ ਪਲ ਦੀ ਪਲ ਮਿਲ ਪਏ!
ਉਹਨੇ ਇਕ ਵਾਰੀ ਏਸ ਤਾਂਘ ਨੂੰ ਬਿਆਨ ਕਰਦਿਆਂ ਲਿਖਿਆ ਸੀ:
"ਫੋਲ ਕੇ ਦਿਲ ਦੀ ਜੰਤ੍ਰੀ,
ਮੈਂ ਢੂੰਡਦਾ ਹਾਂ ਮਿਲਣ-ਵਾਰ"
ਤੇ ਕਿਹੋ ਜਿਹੀ ਰੁੱਤੇ ਮਿਲਣ-ਵਾਰ ਆਇਆ ਸੀ ਅੱਜ!"
ਇਹਨੀਂ ਦਿਨੀਂ ਜਦੋਂ ਧਰਤੀਆਂ ਤੋੜੀਆਂ ਵਿਛੋੜੀਆਂ ਜਾ ਰਹੀਆਂ ਸਨ, ਜਦੋਂ ਉਹ ਉਨ੍ਹਾਂ ਰਾਹਾਂ ਉਤੋਂ ਲੰਘ ਕੇ ਆਇਆ ਸੀ, ਜਿਨ੍ਹਾਂ ਉਤੇ ਲਹੂ ਦੀ ਵਾਛੜ ਹੁਣੇ ਪੈ ਕੇ ਹਟੀ ਸੀ!
ਇਕ ਬਿੰਦ ਦੀ ਬਿੰਦ ਉਹ ਮਿਲੇ ਸਨ। ਇਕ ਸੰਗਦੀ- ਸੰਗਦੀ ਖੁਸ਼ਬੋਆਂ ਦੀ ਨਦੀ ਉਹਦੇ ਵਲ ਵਗਣ ਲੱਗੀ ਸੀ — ਤੇ ਸ਼ਰਾਬ ਦੀ ਹਵਾੜ ਨੇ ਬੰਨ੍ਹ ਮਾਰ ਦਿੱਤਾ ਸੀ... ਰਣਧੀਰ ਵਰਾਂਡੇ ਵਿਚ ਚਲਿਆ ਗਿਆ। ਬਿਸਤਰੇ ਉੱਤੇ ਲੇਟ ਗਿਆ। ਨੀਂਦ ਨਾ ਆਈ, ਪਰ ਬੀਤੇ ਵਰ੍ਹੇ ਪੋਲੇ-ਪਬੀਂ ਉਹਦੇ ਕੋਲ ਆਉਂਦੇ ਰਹੇ।

...ਉਨ੍ਹਾਂ ਦੇ ਪਿੰਡ ਦੇ ਨੇੜੇ ਇਕ ਬੜਾ ਰਮਣੀਕ ਨਾਲਾ ਵਗਦਾ ਸੀ। ਸਾਲ ਦੇ ਅਖ਼ੀਰ ਉਤੇ ਰਣਧੀਰ ਦੇ ਘਰ ਵਾਲੇ ਸ਼ਹਿਰੋਂ ਆਪਣੇ ਦੋਸਤਾਂ ਸਬੰਧੀਆਂ ਨੂੰ ਬੁਲਾ ਏਸ ਨਾਲੇ ਉਤੇ ਪਿਕਨਿਕ ਕਰਨ ਜਾਂਦੇ ਹੁੰਦੇ ਸਨ। ਅੱਠ ਵਰ੍ਹੇ ਹੋਏ ਪਿਕਨਿਕ ਵਿਚ ਪਹਿਲੀ ਵਾਰ ਸੁਖਵੰਤ ਆਈ ਸੀ। ਓਥੇ ਰਣਧੀਰ ਨੇ ਇਕ ਕਵਿਤਾ ਸੁਣਾਈ ਸੀ, ਜਿਸ ਵਿਚ ਉਦਾਸੀ ਦਾ ਰੰਗ ਹਦੋਂ ਗੂਹੜਾ ਸੀ।
ਸਭਨਾਂ ਨੇ ਪ੍ਰਸ਼ੰਸਾ ਵਿਚ ਜ਼ੋਰ-ਜ਼ੋਰ ਨਾਲ ਤਾੜੀਆਂ ਵਜਾਈਆਂ ਸਨ — ਪਰ ਸੁਖਵੰਤ ਅਡੋਲ ਰਹੀ ਸੀ। ਪਿਕਨਿਕ ਦੀ ਗਹਿਮਾ-ਗਹਿਮੀ ਵਿਚ ਇਕੱਲੇ ਕਿਸੇ ਪਲ ਸੁਖਵੰਤ ਨੇ ਰਣਧੀਰ ਨੂੰ ਅਡੋਲ ਪੁਛਿਆ ਸੀ, "ਕੀ ਤੁਸੀਂ ਸੱਚੀ-ਮੁੱਚੀ ਏਨੇ ਹੀ ਉਦਾਸ ਹੋ ਜਿੰਨੀ ਤੁਹਾਡੀ ਕਵਿਤਾ ਏ? ਮੇਰਾ ਜੀਅ ਨਹੀਂ ਕਰਦਾ ਕਿ ਤੁਸੀਂ ਏਨੇ ਉਦਾਸ ਹੋਵੋ।"
ਤੇ ਰਣਧੀਰ ਨੇ ਵੇਖਿਆ ਸੁਖਵੰਤ ਦੀਆਂ ਅੱਖਾਂ ਨਿਸੰਗ, ਪੂਰੀਆਂ ਖੁਲ੍ਹੀਆਂ, ਉਹਦੇ ਵਲ ਉਤਾਂਹ ਨੂੰ ਤੱਕ ਰਹੀਆਂ ਸਨ; ਤੇ ਇਹ ਮਮੋਲੇ-ਨੈਣ, ਇਕ ਦੁਨੀਆਂ ਆਪਣੇ ਅੰਦਰ ਸਾਂਭੀ ਰਣਧੀਰ ਵੱਲੋਂ ਓਵੇਂ ਦੇ ਓਵੇਂ ਤੱਕੀ ਜਾ ਰਹੇ ਸਨ। ਓਦੋਂ ਵੀ ਰਣਧੀਰ ਅੱਜ ਵਾਂਗ ਹੀ ਚੁੱਪ ਰਿਹਾ ਸੀ। ਏਸ ਤੱਕਣੀ ਤੇ ਏਸ ਚੁੱਪ ਤੋਂ ਉਨ੍ਹਾਂ ਦੋਵਾਂ ਦੀ ਜ਼ਿੰਦਗੀ ਸ਼ੁਰੂ ਹੁੰਦੀ ਸੀ।
ਆਦਿ ਚੁੱਪ...।
ਅੰਤ ਚੁੱਪ...।

...ਤੇ ਫੇਰ ਉਹ ਦੋਵੇਂ ਬੀ. ਏ. ਕਰ ਕੇ ਐਮ. ਏ. ਵਿਚ ਇਕੱਠੇ ਇਕੋ ਕਾਲਜ ਵਿਚ ਪੜ੍ਹੇ ਸਨ। ਵੰਨ-ਸੁਵੰਨੀਆਂ ਕਿਤਾਬਾਂ ਨੇ ਦੋਵਾਂ ਦਿਲਾਂ ਵਿਚਾਲੇ ਬੜਾ ਪਿਆਰਾ ਤੇ ਨਿਗਰ ਪੁਲ ਉਸਾਰ ਲਿਆ ਸੀ। ਰਣਧੀਰ ਦੀ ਕਵਿਤਾ ਸੁਖਵੰਤ ਨੂੰ ਬੜੀ ਚੰਗੀ ਲੱਗਦੀ ਸੀ। ਹੁਣ ਉਹਦੀ ਕਵਿਤਾ ਵਿਚ ਪਹਿਲਿਆਂ ਵਾਂਗ ਉਦਾਸੀ ਦਾ ਹੀ ਇਕ-ਰੰਗਾਪਣ ਨਹੀਂ ਸੀ ਰਿਹਾ। ਮਮੋਲੇ-ਨੈਣਾਂ ਅੰਦਰ ਸਾਂਭੀ ਦੁਨੀਆਂ ਨੇ ਜਜ਼ਬਿਆਂ ਦੀ ਸਾਰੀ ਸਤਰੰਗੀ ਉਹਦੀ ਕਵਿਤਾਵਾਂ ਵਿਚ ਰਚਾ ਦਿੱਤੀ ਸੀ। ਰਣਧੀਰ ਨੂੰ ਸੰਗੀਤ ਬੜਾ ਪਿਆਰਾ ਲੱਗਦਾ ਸੀ, ਸੁਖਵੰਤ ਦਾ ਕੋਈ ਗਲਾ ਸੀ!

...ਤੇ ਫੇਰ ਉਹ ਦੋਵੇਂ ਸਾਰੇ ਕਾਲਜ ਵਿਚ ਟੈਨਿਸ ਦੇ ਜੇਤੂ ਖਿਡਾਰੀ ਹੋ ਗਏ।

...ਕਿਤਾਬਾਂ ਪੜ੍ਹਦਿਆਂ ਉਨ੍ਹਾਂ ਦੇ ਹੱਥ ਗੋਰਕੀ ਦਾ ਨਾਵਲ 'ਮਾਂ' ਆ ਗਿਆ। ਦੋਵਾਂ ਨੇ ਰਲ ਕੇ ਕਈ ਵਾਰ ਪੜ੍ਹਿਆ, ਤੇ ਖਿਆਲਾਂ ਵਿਚ ਤੂਫ਼ਾਨ ਆ ਗਿਆ। ਦੋਵਾਂ ਦੀ ਜਵਾਨੀ ਦੇ ਪਵਿੱਤਰ ਜਜ਼ਬਿਆਂ ਨੂੰ ਸੂਝ ਦੀ ਟੋਹਣੀ ਲੱਭ ਪਈ। ਉਨ੍ਹਾਂ ਮਨੁੱਖ ਦੀ ਸਾਂਝੀ ਖੁਸ਼ੀ ਸੰਗਰਾਮ ਤੇ ਇਸ ਸੰਗਰਾਮ ਵਿਚ ਸਾਥੀਆਂ ਵਿਚਾਲੇ ਪੁੰਗਰਦੀ ਮੁਹੱਬਤ ਦੇ ਰੰਗ ਆਪਣੇ ਵਿਚ ਰਚਾ ਲਏ।
...ਹੁਣ ਰਣਧੀਰ ਤੇ ਸੁਖਵੰਤ ਟੈਨਿਸ ਕੋਰਟ ਵਿਚ ਘੱਟ ਦਿਸਦੇ ਸਨ ਤੇ ਮੀਟਿੰਗਾਂ, ਬਹਿਸਾਂ, ਜਲਸਿਆਂ ਵਿਚ ਵੱਧ। ਰਣਧੀਰ ਦੀਆਂ ਕਵਿਤਾਵਾਂ ਵਿਚ ਲੋਕ ਪੀੜ

ਬਾਸਮਤੀ ਦੀ ਮਹਿਕ

ਦੀ ਚੀਸ, ਤੇ ਸਾਂਝੀਆਂ ਖੁਸ਼ੀਆਂ ਦੀ ਆਸ ਵੀ ਰਲ ਗਈ। ਸੁਖਵੰਤ ਉਹਦੇ ਲਿਖੇ ਗੀਤ ਬੜੇ ਜੋਸ਼ ਨਾਲ ਗਾਉਂਦੀ। "ਇਹ ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਸਾਡਾ ਦੋਗਾਣਾ ਏ", ਸੁਖਵੰਤ ਨੇ ਇਕ ਵਾਰ ਰਣਧੀਰ ਨੂੰ ਕਿਹਾ ਸੀ।

…ਕਾਲਜ ਦੀ ਪੜ੍ਹਾਈ ਮੁਕਾ ਲੈਣ ਪਿਛੋਂ ਇਕ ਵਾਰ ਸੁਖਵੰਤ ਰਣਧੀਰ ਦੇ ਪਿੰਡ ਆਈ ਸੀ। ਉਹ ਇਕੱਠੇ ਸੈਰ ਕਰਨ ਲਈ ਬਾਹਰ ਪੈਲੀਆਂ ਵੱਲ ਦੂਰ ਨਿਕਲ ਗਏ ਸਨ।

ਇਕ ਪੈਲੀ ਕੋਲ ਸੁਖਵੰਤ ਰੁਕ ਗਈ ਤੇ ਉਹਨੇ ਬੜੀ ਹੈਰਾਨੀ ਨਾਲ ਪੁੱਛਿਆ ਸੀ, "ਇਥੇ ਤੇ ਇੰਜ ਏ ਜਿਵੇਂ ਬੜੇ ਸੁਹਣੇ ਪੁਲਾਅ ਦੀ ਖੁਸ਼ਬੋ ਆ ਰਹੀ ਹੋਵੇ। ਬੜੀ ਹੈਰਾਨੀ ਦੀ ਗੱਲ ਏ, ਵਸੋਂ ਤਾਂ ਏਥੋਂ ਬੜੀ ਦੂਰ ਏ।"

ਤੇ ਰਣਧੀਰ ਨੇ ਦੱਸਿਆ ਸੀ, "ਇਹ ਬਾਸਮਤੀ ਦੀ ਈ ਤਾਂ ਪੈਲੀ ਏ। ਝੱਲੀਏ ਸ਼ਹਿਰਨੇ, ਇਹਦੀ ਖੁਸ਼ਬੋ ਈ ਤਾਂ ਪੁਲਾਵਾਂ ਵਿਚ ਹੁੰਦੀ ਏ।"

ਤੇ ਸੁਖਵੰਤ ਜਿਦ੍ਹਾ ਪਿਓ ਚੌਲਾਂ ਦਾ ਉੱਘਾ ਵਪਾਰੀ ਸੀ, ਆਪਣੇ ਅਣਜਾਣਪੁਣੇ ਉਤੇ ਬੜੀ ਸ਼ਰਮਾਈ। ਉਹਦੀਆਂ ਪੁਸ਼ਾਕਾਂ, ਉਹਦੀ ਪੜ੍ਹਾਈ, ਉਹਦਾ ਸੰਗੀਤ ਬਾਸਮਤੀ ਵਿਚੋਂ ਹੀ ਉਪਜੇ ਸਨ, ਪਰ ਉਹਨੇ ਬਾਸਮਤੀ ਦੀ ਪੈਲੀ ਕਦੇ ਨਹੀਂ ਸੀ ਤੱਕੀ।

ਆਥਣ ਦੇ ਮਟਕ ਚਾਨਣੇ ਵਿਚ ਸੁਖਵੰਤ ਤੇ ਰਣਧੀਰ ਬਾਸਮਤੀ ਦੀ ਪੈਲੀ ਦੇ ਇਕ ਬੰਨੇ ਬਹਿ ਗਏ ਸਨ। ਸੁਖਵੰਤ ਨੇ ਬੜੇ ਲਾਡ ਨਾਲ ਬਾਸਮਤੀ ਦੀਆਂ ਮੁੰਜਰਾਂ ਨੂੰ ਦੁਲਾਰਿਆ। ਉਹਨੇ ਉਨ੍ਹਾਂ ਸੁਬਕ ਲੜੀਆਂ ਵਿਚੋਂ ਦੁਧੀਆ ਦਾਣੇ ਕੱਢੇ, ਰਣਧੀਰ ਦੇ ਮੂੰਹ ਵਿਚ ਪਾਏ ਤੇ ਫੇਰ ਆਪਣੇ ਮੂੰਹ ਵਿਚ।

"ਮੈਂ ਬਾਸਮਤੀ ਦੀ ਪੂੰਜੀ ਉਤੇ ਪਲ ਕੇ ਏਡੀ ਹੋਈ ਹਾਂ, ਪਰ ਮੈਂ ਬਾਸਮਤੀ ਹੁਣ ਤੋਂ ਪਹਿਲਾਂ ਕਦੇ ਨਹੀਂ ਵੇਖੀ।

ਤੇ ਜਿਹੜੇ ਨਿੱਤ ਬਾਸਮਤੀਆਂ ਉਗਾਣ ਲਈ ਏਨੀ ਮਿਹਨਤ ਕਰਦੇ ਨੇ, ਸ਼ਾਇਦ ਉਨ੍ਹਾਂ ਪੂੰਜੀ ਕਦੇ ਨਹੀ ਦੇਖੀ।"

ਤੇ ਫੇਰ ਇੰਜ ਸੀ ਜਿਵੇਂ 'ਮਾਂ' ਦਾ ਲੇਖਕ ਗੋਰਕੀ ਉਨ੍ਹਾਂ ਦੋਵਾਂ ਕੋਲ ਇਸ ਪੈਲੀ ਦੇ ਬੰਨੇ ਆਣ ਬੈਠਾ ਹੋਵੇ, ਤੇ ਜਵਾਨੀ ਨੇ ਬੜੇ ਇਰਾਦੇ ਬਣਾਏ, ਨਵੀਂ ਦੁਨੀਆਂ ਸਾਜਣ ਦੇ, ਸੰਗਰਾਮ ਵਿਚ ਰਲਣ ਦੇ, ਇਕੱਠੇ ਇਸ ਰਾਹ ਉਤੇ ਤੁਰਨ ਦੇ, ਸੁਹਣੇਰੀ ਜ਼ਿੰਦਗੀ ਦੇ ਸੰਗਰਾਮ ਲਈ ਆਪਣਾ ਦੋਗਾਣਾ ਸਦਾ ਗਾਉਂਦੇ ਰਹਿਣ ਦੇ।

ਤੇ ਦੋਵਾਂ ਨੇ ਇਕ ਦੂਜੇ ਦੇ ਹੱਥ ਘੁੱਟ ਲਏ, ਇਕ ਦੂਜੇ ਦੁਆਲੇ ਬਾਹਵਾਂ ਘੁੱਟ ਲਈਆਂ।

ਬਾਸਮਤੀ ਦੀ ਮਹਿਕ ਤੇ ਜ਼ਿੰਦਗੀ ਦੇ ਨਵੇਂ ਇਰਾਦਿਆਂ ਵਿਚ ਅਜਿਹਾ ਨਸ਼ਾ ਸੀ ਕਿ ਦੋਵਾਂ ਦੇ ਬੁੱਲ੍ਹ ਜੁੜ ਗਏ। ਦੁਧੀਆ ਦਾਣਿਆਂ ਦਾ ਸਵਾਦ ਦੁਵੱਲੀਂ ਰਲ ਗਿਆ।

ਉਹ ਬਾਸਮਤੀ ਦੀ ਪੈਲੀ ਤੋਂ ਬੜੇ ਨਰੋਏ ਹੋ ਕੇ ਪਰਤੇ ਸਨ। ਇਨ੍ਹੀਂ ਦਿਨੀਂ ਹੀ ਰਣਧੀਰ ਦਾ ਪਹਿਲਾ ਕਾਵਿ ਸੰਗ੍ਰਹਿ ਛਪਿਆ ਸੀ।

"ਸੁਖਵੰਤ! ਤੂੰ ਮੈਨੂੰ ਅਨੰਤ ਬਣਾ ਦਿੱਤਾ ਏ,
ਅਜਿਹਾ ਹੈ ਤੇਰਾ ਅਨੰਦ।"

…ਤੇ ਫੇਰ ਬੁੱਢੀਆਂ ਕਾਲੀਆਂ ਕੀਮਤਾਂ ਨੇ ਜਵਾਨੀ ਨੂੰ ਪੱਛਣਾ ਸ਼ੁਰੂ ਕੀਤਾ।

ਸੁਖਵੰਤ ਦੇ ਘਰ ਦੇ ਬੜੇ ਖੁੱਲ੍ਹੇ ਦਿਲ ਦੇ ਸਨ — ਪਰ ਕੋਈ ਹੱਦ ਹੁੰਦੀ ਹੈ! ਏਡੇ ਚੰਗੇ ਘਰ ਦੀ ਕੁੜੀ ਕਿਸੇ ਕਵੀ ਨਾਲ ਕਿਵੇਂ ਵਿਆਹੀ ਜਾ ਸਕਦੀ ਹੈ! ਤੇ ਉਹ ਵੀ ਇਨਕਲਾਬ ਦਾ
ਜਨੂਨੀ ਕਵੀ।

ਫੇਰ ਮੇਲ-ਜੋਲ ਬੰਦ।
ਚਿੱਠੀ-ਪੱਤਰ ਬੰਦ।
ਇਕ-ਦੂਜੇ ਦੀ ਸੋਅ ਬੰਦ।

ਮਾਪਿਆਂ ਨੇ ਸੁਖਵੰਤ ਨੂੰ ਦੂਰ ਬੰਬਈ ਉਹਦੇ ਵੱਡੇ ਭਰਾ ਕੋਲ ਭੇਜ ਦਿੱਤਾ। ਪਹਿਰੇ ਤਣ ਗਏ।

ਇਕ ਸਾਲ ਬੀਤ ਗਿਆ, ਹੋਰ ਸਾਲ ਤੇ ਇਕ ਹੋਰ।

ਅਵਾਈਆਂ ਆਉਂਦੀਆਂ ਰਹੀਆਂ — ਸੁਖਵੰਤ ਡਟੀ ਰਹੀ, ਜਦੋਂ ਕੋਈ ਰਣਧੀਰ ਦਾ ਨਾਂ ਲਏ, ਉਹਦੀ ਮਾਂ ਨੂੰ ਗਸ਼ ਪੈ ਜਾਂਦੀ; ਉਹਦਾ ਪਿਓ ਉਹਦੇ ਨਾਲ ਬੋਲਦਾ ਨਾ; ਉਹਦਾ ਭਰਾ ਕਿਸੇ
ਫ਼ੌਜੀ ਅਫ਼ਸਰ ਨਾਲ ਉਹਨੂੰ ਵਿਆਹੁਣ ਦਾ ਆਹਰ-ਪਾਹਰ ਕਰ ਰਿਹਾ ਹੈ…।

…ਅਖੀਰਲੀ ਮਿਲਣੀ ਤੋਂ ਚਾਰ ਵਰ੍ਹਿਆਂ ਪਿਛੋਂ, ਇਕ ਦਿਨ 'ਇਲਸਟਰੇਟਿਡ ਵੀਕਲੀ' ਵਿਚ ਵਿਆਹੇ ਜੋੜਿਆਂ ਦੀਆਂ ਕਿੰਨੀਆਂ ਸਾਰੀਆਂ ਤਸਵੀਰਾਂ ਵਿਚ ਰਣਧੀਰ ਨੇ ਸੁਖਵੰਤ ਦੀ ਤਸਵੀਰ ਤੱਕੀ।

ਅੱਜ ਜ਼ਿੰਦਗੀ ਦੇ ਵਿਸ਼ਾਲ ਰਾਹਾਂ ਉਤੇ ਰਣਧੀਰ, ਸੁਖਵੰਤ ਨੂੰ ਮਿਲ ਪਿਆ ਸੀ। ਪਲ ਦੇ ਪਲ ਲਈ ਮਿਲਣ-ਵਾਰ
ਚੜ੍ਹਿਆ ਸੀ। ਏਨੀ ਦੇਰ ਮਗਰੋਂ ਉਹ ਮਿਲੇ ਸਨ, ਤੇ ਏਨੀ ਕੁ ਦੇਰ ਲਈ! ਰਾਹ ਜੂ ਵੱਖ ਹੋ ਗਏ ਹੋਏ ਸਨ ਉਨ੍ਹਾਂ ਦੇ।

ਬਾਸਮਤੀ ਦੀ ਪੈਲੀ ਦੇ ਕੰਢੇ ਜਿਸ ਰਾਹ ਉਤੇ ਚੱਲਣ ਦਾ ਪ੍ਰਣ ਉਨ੍ਹਾਂ ਦੋਵਾਂ ਕੀਤਾ ਸੀ, ਓਸੇ ਰਾਹ ਉਤੇ ਰਣਧੀਰ ਸਾਬਤ-ਕਦਮੀਂ ਚੱਲ ਰਿਹਾ ਸੀ—
ਪਰ ਸੁਖਵੰਤ — ਸੁਖਵੰਤ…!

ਲੜਖੜਾਂਦੇ ਬਲਬੀਰ ਨੂੰ ਮੇਜਰ ਸਾਹਿਬ ਨਾਲ ਦੇ ਬਿਸਤਰੇ ਉਤੇ ਛੱਡਣ ਆਏ। ਦੂਰ ਦੂਰ ਤੱਕ ਸ਼ਰਾਬ ਦੀ ਹਵਾੜ ਖਿੱਲਰ ਗਈ।

ਬਾਸਮਤੀ ਦੀ ਮਹਿਕ ਕਿੰਨੀ ਦੂਰ ਸੀ—ਕਿੰਨੀ ਦੂਰ!

(1957)

ਕਵਿਤਾਵਾਂ

ਸਾਹ ਦਾ ਰਿਣ

ਨਵਤੇਜ ਭਾਰਤੀ

ਇਹ ਸਾਹ
ਜੋ ਮਿਲਿਆ ਹੈ ਮੈਨੂੰ
ਜੇ ਪੰਛੀ ਨੂੰ ਮਿਲਦਾ
ਉਸਨੇ ਗਾਉਣਾ ਸੀ
ਜੇ ਪੁਸ਼ਪ ਨੂੰ ਮਿਲਦਾ
ਉਸਨੇ ਖਿੜਨਾ ਸੀ
ਜੇ ਜੁਗਨੂੰ ਨੂੰ ਮਿਲਦਾ
ਉਸਨੇ ਜਗਣਾ ਸੀ
ਇਸ ਇਕ ਸਾਹ ਦਾ
ਮੇਰੇ ਸਿਰ ਤੇ ਕਿੰਨਾਂ ਰਿਣ ਹੈ

"ਲੀਲਾ" ਵਿਚੋਂ

ਤੇਰੀ ਤਲਾਸ਼ ਵਿੱਚ

ਜਨਮਾਂ ਜਨਮਾਂ ਦੀ
ਔੜ ਤੋਂ ਬਾਅਦ
ਜਦੋਂ
ਉਮਰਾਂ ਦਾ ਮਾਰੂਥਲ
ਟੱਪ ਕੇ
ਬੇ-ਆਸ ਹੋ ਕੇ
ਡਿੱਗਣ ਲਗਦਾ ਹਾਂ
ਤਾਂ ਤੇਰੀ ਮੁਸਕਰਾਹਟ ਦਾ
ਉਨਾਬੀ ਪੱਤਾ
ਮੇਰੇ ਸਾਹਵੇਂ
ਝੂਲਦਾ ਹੈ
ਤੇ ਮੈਂ
ਆਸਵੰਦ ਹੋ
ਟੁਰ ਪੈਂਦਾ ਹਾਂ
ਤੇਰੀ ਤਲਾਸ਼ ਵਿੱਚ...

ਚਰਨਜੀਤ ਸਮਾਲਸਰ
98144-0087

ਮਾਂ ਦੀਆਂ ਦੁਆਵਾਂ ਤਾਂ (ਲਕੀਰਾਂ ਵੀ ਬਦਲ ਦਿੰਦੀਆਂ ਨੇ)

ਪਹਿਲਾ ਪਿਆਰ, ਪੰਛੀ, ਪੈਸਾ,
ਪੜ੍ਹਾਈ, ਪਰਿਵਾਰ
ਜਿਸ ਨੇ ਸੀ ਸਮਝਾਇਆ
ਸਬਰ, ਸੰਤੋਖ, ਸੱਚੇ ਸਲੂਕ,
ਸਹੀ ਸੋਚਣਾ- ਜਿਸ ਨੇ ਸੀ ਸਿਖਾਇਆ
ਮੰਗ ਮੁਰਾਦ, ਮਗਰੋਂ ਮੁਸਕਰਾਅ,
ਮਜਬੂਰ ਮਾਵਾਂ
ਮੁੜ ਕੀ ਲੈਂਦੀਆਂ ਨੇ
ਹਾਂ, ਹੋਣਾ ਓਹੀ ਐ ਜੋ ਰੱਬ ਲਿਖਿਆ
ਪਰ ਮਾਂ ਦੀਆਂ ਦੁਆਵਾਂ ਤਾਂ
ਲਕੀਰਾਂ ਵੀ ਬਦਲ ਦਿੰਦੀਆਂ ਨੇ

ਰਾਤੀਂ ਰੋਣਾ, ਰਾਜ਼ ਰੱਖ,
ਰਿਸ਼ਤਾ ਰੰਗਦਾਰ ਰੱਖਣਾ
- ਕੋਈ ਮਾਂ ਤੋਂ ਸਿੱਖੇ
ਰੂਹਾਨੀ ਰਚਨਾ ਰੱਬ ਰਚੀ,
ਰਾਮ, ਰਾਧਾ
ਸਭ ਉਹਦੇ ਚਿਹਰੇ ਤੋਂ ਦਿੱਖੇ
ਰੁਪਿਆ, ਰਤਨ, ਰੱਖ, ਰੀਝ, ਰੂਹ,
ਰਾਗ, ਰਿਸ਼ਵਤ, ਰੱਬ ਨੂੰ ਰੌਲੀ ਪਾ ਪਾ
ਕੀ ਕੀ ਕਹਿੰਦੀਆਂ ਨੇ
ਹਾਂ, ਹੋਣਾ ਓਹੀ ਐ ਜੋ ਰੱਬ ਲਿਖਿਆ
ਪਰ ਮਾਂ ਦੀਆਂ ਦੁਆਵਾਂ ਤਾਂ
ਲਕੀਰਾਂ ਵੀ ਬਦਲ ਦਿੰਦੀਆਂ ਨੇ

ਤੇਰੀ ਤਾਰੀਫ਼, ਤੇਰੀ ਤਰੱਕੀ,
ਤੇਰੀ ਤਾਕਤ ਤੇ ਤੰਦਰੁਸਤੀ
ਲਈ ਹੀ
ਝੋਲੀਆਂ ਅੱਡੇ
ਤੇਰੀ ਤਨਖਾਹ, ਤੇਰੀ ਤਾਲੀਮ,
ਤੇਰੇ ਤਰਫ਼ੀ
ਤੇ ਤੇਰੀ ਤਸੱਲੀ
ਲਈ ਆਪਣੇ ਸਭ ਛੱਡੇ
ਤੰਗੀ ਤੇ ਤਰਸਦੀ, ਤਕਲੀਫ਼
ਤਰ੍ਹਾਂ ਤਰ੍ਹਾਂ ਤੁਰਦੀ
ਤਪੱਸਿਆ, ਤਲਾਸ਼
ਤੁਹਾਡੀਆਂ ਤੱਤੀਆਂ ਹਵਾਵਾਂ ਵੀ
ਖੁਦ ਸਹਿੰਦੀਆਂ ਨੇ

ਹਾਂ, ਹੋਣਾ ਓਹੀ ਐ ਜੋ ਰੱਬ ਲਿਖਿਆ
ਪਰ ਮਾਂ ਦੀਆਂ ਦੁਆਵਾਂ ਤਾਂ
ਲਕੀਰਾਂ ਵੀ ਬਦਲ ਦਿੰਦੀਆਂ ਨੇ

ਮੇਜਰ (ਡਾ.)
ਭਵਨੀਤ ਸਿੰਘ ਧਾਲੀਵਾਲ
ਸਮਰਾਲਾ

ਅਚਾਰ ਦੀ ਤਾਂਘ

ਜਸਵੀਰ ਤਿਆਗੀ (ਡਾ.)

ਅਚਾਰ ਦੀਆਂ ਅਨੇਕਾਂ ਕਿਸਮਾਂ ਸਨ
ਪਰ ਅੰਬ ਤੇ ਨਿੰਬੂ ਦੇ ਅਚਾਰ ਹੀ ਬਹੁਤਾ ਚੱਲਦੇ ਸਨ
ਭਾਵੇਂ ਅੰਬ ਦਾ ਅਚਾਰ ਵਧੇਰੇ ਆਮ ਸੀ

ਮਾਂ ਗਰਮੀਆਂ ਵਿਚ ਘਰ ਹੀ ਅਚਾਰ ਪਾਉਂਦੀ
ਅੰਬ ਮੁੱਲ ਲੈਣ, ਧੋਣ, ਕੱਟਣ, ਸੁਕਾਉਣ ਤੋਂ ਲੈ ਕੇ
ਬੜੀ ਅਹਿਤਿਆਤ ਨਾਲ ਤੇਲ ਤੇ ਮਸਾਲਿਆਂ ਰਲਾਉਂਦੀ
ਵਿੱਚ ਵਿੱਚ ਧੁੱਪ ਦੇ ਦਰਸ਼ਨ ਕਰਾਉਂਦੀ
ਫਿਰ ਕਿਤੇ ਜਾ ਕੇ ਬੜੀ ਮਿਹਨਤ ਨਾਲ ਅਚਾਰ ਬਣਦਾ

ਅਸੀਂ ਬੱਚੇ ਦੋਪਹਿਰ ਦੇ ਖਾਣੇ ਲਈ
ਸਬਜ਼ੀ ਘੱਟ, ਅਚਾਰ ਵੱਧ ਲੈ ਕੇ ਸਕੂਲ ਜਾਂਦੇ
ਪਿਤਾ ਜੀ ਜਦੋਂ ਖੇਤ 'ਤੇ ਜਾਂਦੇ
ਕਦੇ ਗੁੜ-ਸ਼ੱਕਰ, ਕਦੇ ਮਿਰਚ-ਪਿਆਜ਼
ਤੇ ਕਦੇ ਅਚਾਰ ਇਕੱਲਾ ਹੀ ਉਨ੍ਹਾਂ ਨਾਲ ਖੇਤਾਂ ਨੂੰ ਜਾਂਦਾ

ਪ੍ਰਾਹੁਣਿਆਂ ਦਾ ਆਣ ਜਾਣ ਹੁੰਦਾ ਰਹਿੰਦਾ
ਪ੍ਰਾਹੁਣਿਆ ਦੇ ਖਾਣ ਨੂੰ ਘਿਓ-ਦੁੱਧ, ਬੂਰਾ-ਖੰਡ,
ਦਾਲ-ਆਲੂ ਨਾਲ ਅਚਾਰ ਵੀ ਹੁੰਦਾ

ਪ੍ਰਾਹੁਣੇ ਦੇ ਸਵੇਰੇ ਨਾਸ਼ਤੇ ਵਿਚ
ਪਰਾਉਂਠੇ ਨਾਲ ਅਚਾਰ ਹੀ ਪ੍ਰੇਮ ਨਾਲ ਹਾਜ਼ਰ ਹੁੰਦਾ

ਜਦੋਂ ਕਦੇ ਯਾਤਰਾ 'ਤੇ ਜਾਣਾ ਹੁੰਦਾ
ਅਤੇ ਬਹੁਤਾ ਕਰਕੇ ਸਬਜ਼ੀਆਂ
ਯਾਤਰਾ 'ਤੇ ਨਾਲ ਜਾਣੋਂ ਇਨਕਾਰ ਕਰ ਦਿੰਦੀਆਂ
ਓਦੋਂ ਅਚਾਰ ਹੀ ਬਿਨਾ ਕਿਸੇ ਨਾਜ਼-ਨਖ਼ਰੇ ਦੇ
ਯਾਤਰਾ ਵਿਚ ਨਾਲ ਤੁਰ ਪੈਂਦਾ

ਘਰ ਵਿਚ ਜਦੋਂ ਵੀ ਕੋਈ ਤੀਜ-ਤਿਓਹਾਰ ਹੁੰਦਾ
ਹਰ ਤਰ੍ਹਾਂ ਦੇ ਪਕਵਾਨ ਸਜ-ਧਜ ਕੇ ਅੱਗੇ ਆ ਜਾਂਦੇ
ਹਰ ਕੋਈ ਉਨ੍ਹਾਂ ਨੂੰ ਹੀ ਇੱਜ਼ਤ ਦਿੰਦਾ
ਉਨ੍ਹਾਂ ਦੀ ਹੀ ਤਰੀਫ਼ ਵਿਚ ਪੜ੍ਹੇ ਜਾਂਦੇ ਕਸੀਦੇ

ਕਦੇ ਕਦੇ ਲੋਕ ਆਪਸ 'ਚ ਵੱਧ-ਘੱਟ ਬੋਲ ਜਾਂਦੇ
ਕੋਈ ਮੁੰਡਾ ਦੂਜੇ ਨੂੰ ਕਹਿੰਦਾ- ਤੇਰਾ ਅਚਾਰ ਪਾ ਦਿਆਂਗਾ
ਕੋਈ ਨਾ ਕਹਿੰਦਾ- ਤੇਰਾ ਕੜਾਹ ਜਾਂ ਖੀਰ ਬਣਾਅ ਦਿਆਂਗਾ
ਤੇ ਨਾ ਹੀ ਕਹਿੰਦਾ ਕਿ ਤੇਰੀ ਸਬਜ਼ੀ ਬਣਾਅ ਦੇਣੀ ਹੈ

ਅਚਾਰ ਨੇ ਫਲ, ਸਬਜ਼ੀ, ਮਠਿਆਈਆਂ ਨੂੰ ਵੇਖ ਵੇਖ
ਕਦੇ ਕਈ ਈਰਖਾ-ਸਾੜਾ ਨਹੀਂ ਕੀਤਾ
ਤੇ ਨਾ ਹੀ ਕਿਸੇ ਨੂੰ ਮਾਰਿਆ ਦੁਤਕਾਰਿਆ
ਅਚਾਰ ਇੱਕ ਨੁੱਕਰੇ ਖੜ੍ਹਾ
ਸਭ ਵੇਖਦਾ-ਸੁਣਦਾ ਖ਼ਮੋਸ਼ ਰਹਿੰਦਾ
ਅਤੇ ਮਨ ਹੀ ਮਨ ਦੁਆ-ਅਰਜੋਈ ਕਰਦਾ
ਕਿ ਹਰ ਘਰ ਵਿਚ ਬਣੀ ਰਹੇ ਅਚਾਰ ਦੀ ਹੋਂਦ
ਉਸਦੀ ਬੱਸ ਇਹੀ ਤਾਂਘ ਹੁੰਦੀ
ਕਿ ਜੀਵਨ
ਚਾਹੇ ਕਿੰਨੇ ਵੀ ਸੁੱਖ-ਦੁਖ ਦਿਖਾਵੇ
ਬੱਸ ਉਸਦੇ ਰਹਿੰਦਿਆਂ
ਘਰੋਂ ਕੋਈ
ਬਿਨ ਕੁਝ ਖਾਧਿਆਂ ਨਾ ਜਾਵੇ।

98183 89571

ਅਨੁ: ਪੂਨਮ ਸਿੰ

ਅਨੁਪਰਣਾ ਰਾਇ ਸਿਰਫ਼ ਭਾਰਤੀ ਸਿਨੇਮੇ ਦਾ ਇਤਿਹਾਸ ਨਹੀਂ ਲਿਖ ਰਹੀ ਹਨ ਉਹ ਇਸ ਗੱਲ ਦੀ ਜਿਉਂਦੀ ਜਾਗਦੀ ਮਿਸਾਲ ਹੈ ਕਿ ਹੌਂਸਲਾ ਕੀ ਕੀ ਕਰ ਸਕਦਾ ਹੈ। ਪੱਛਮੀ ਬੰਗਾਲ ਦੇ ਪੁਰੂਲੀਆ ਜ਼ਿਲ੍ਹੇ ਦੇ ਨਿੱਕੇ ਜਿਹੇ ਪਿੰਡ ਨਾਰਾਇਣਪੁਰ ਤੋਂ ਆਈ ਅਨੁਪਰਣਾ ਨੇ ਬਰਦਵਾਨ ਯੂਨਿਵਰਸਿਟੀ ਤੋਂ ਬ੍ਰਿਟਿਸ਼ ਇੰਗਲਿਸ਼ ਸਾਹਿਤ ਵਿਚ ਬੀ ਏ ਕੀਤੀ। ਬਾਕੀ ਸੁਫ਼ਨੇ ਵੇਖਣ ਵਾਲੇ ਨੌਜਵਾਨਾਂ ਵਾਂਗ ਉਸ ਦਿੱਲੀ ਅਤੇ ਮੁੰਬਈ ਵਿਚ ਕਾਰਪੋਰੇਟ ਨੌਕਰੀਆਂ ਕੀਤੀਆਂ, ਇੱਥੋਂ ਤੱਕ ਕਿ ਆਈ ਟੀ ਸੇਲਜ਼ ਅਫ਼ਸਰ ਵੀ ਬਣੀ- ਪਰ ਦਿਲ ਚਾਹੁੰਦਾ ਸੀ ਕਹਾਣੀਆਂ ਸੁਨਾਉਣਾ, ਨਾ ਕਿ ਸੇਲਜ਼ ਕਰਨਾ। ਸਿਨੇਮਾ ਦੇ ਇਸ ਜਨੂੰਨ ਨੇ ਉਸ ਨੂੰ ਪਹੁੰਚਾਅ ਦਿੱਤਾ ਮੁੰਬਈ, ਅਨੂਪਮ ਖੇੜ ਦੀ "ਐਨ ਐਕਟਰ ਪ੍ਰਿਪੇਅਰਜ਼" ਦੀ ਕਾਰਜਸ਼ਾਲਾ ਤੱਕ। ਓਥੋਂ ਹੀ ਸ਼ੁਰੂ ਹੋਇਆ ਸਫ਼ਰ, ਜਿਸ ਨੇ ਜਨਮ ਦਿੱਤਾ "SONGS OF FORGOTTEN TREES" (ਭੁਲਾਏ ਰੁੱਖਾਂ ਦੇ ਗੀਤ) ਨੂੰ- ਅਤੇ ਬਣਾਅ ਦਿੱਤਾ ਇੱਕ ਨਵਾਂ ਇਤਿਹਾਸ! 82ਵੇਂ ਵੇਨਿਸ ਫ਼ਿਲਮ ਫ਼ੈਸਟੀਵਲ ਵਿਚ ਅਨੁਪਰਣਾ ਉਹ ਪਹਿਲੀ ਭਾਰਤੀ ਫ਼ਿਲਮਕਾਰ ਬਣੀ ਜਿਸ ਨੇ BEST DIRECTOR (ORIZZONTI) ਇਨਾਮ ਜਿੱਤ ਲਿਆ।

ਨਿੱਕੇ ਜਿਹੇ ਪਿੰਡ ਨਾਰਾਇਣਪੁਰ ਦੀਆਂ ਸ਼ਾਂਤ ਗਲੀਆਂ ਤੋਂ ਲੈ ਕੇ ਵੇਨਿਸ ਦੇ ਗਰੈਂਡ ਰੈੱਡ ਕਾਰਪੇਟ ਤੱਕ ਉਨ੍ਹਾਂ ਦੀ ਇਹ ਕਹਾਣੀ ਹਿੰਮਤ, ਲਗਨ ਅਤੇ ਆਪਣੇ ਅਸਲੀ ਸੁਫ਼ਨਿਆਂ ਨੂੰ ਜਿਉਣ ਦੀ ਤਾਕਤ ਦੀ ਮਿਸਾਲ ਹੈ।

ਅਨੁਪਰਣਾ ਰਾਇ ਦਾ ਬਿਆਨ: "ਮੈਂ ਅਜਿਹੇ ਪਿੰਡ ਤੋਂ ਆਈ ਹਾਂ ਜਿੱਥੇ ਕੁੜੀਆਂ ਬਹੁਤ ਛੇਤੀ ਵਿਆਹ ਦਿੱਤੀਆਂ ਜਾਂਦੀਆਂ ਹਨ, ਸਰਕਾਰੀ ਸੰਸਥਾਵਾਂ ਤੋਂ ਉਨ੍ਹਾਂ ਨੂੰ ਰਾਸ਼ਨ ਦਿੱਤਾ ਜਾਂਦਾ ਹੈ ਨਾ ਕਿ ਕਿਤਾਬਾਂ। ਮੇਰੀ ਸਹੇਲੀ ਝੂਮਾ ਵੀ 13 ਸਾਲ ਦੀ ਉਮਰੇ ਵਿਆਹੀ ਗਈ ਸੀ, ਇੱਕ ਰਾਜ ਸਰਕਾਰ ਦੀ ਸਕੀਮ ਹੇਠ ਹੀ, ਫੇਰ ਉਹ ਗ਼ਾਇਬ ਹੋ ਗਈ। ਉਸਦੀ ਚੁੱਪੀ ਮੇਰੇ ਨਾਲ ਨਾਲ ਤੁਰਦੀ ਆ ਰਹੀ ਹੈ। Songs of Forgotten Trees ਅਜਿਹੀਆਂ ਯਾਦਾਂ ਤੋਂ ਹੀ ਬਣੀ ਹੈ- ਇਹ ਨਾਰੀ ਦੇ ਅਜਿਹੇ ਢਾਂਚਿਆਂ ਤੋਂ ਬਚ ਨਿਕਲਣ ਬਾਰੇ ਹੈ ਕਿ ਜਿਹੜੇ ਵਿਓਂਤੇ ਹੀ ਇਸ ਤਰ੍ਹਾਂ ਗਏ ਹਨ ਕਿ ਨਾਰੀ ਦੀ ਹੋਂਦ ਨਾ ਰਹੇ। ਦੋ ਪਰਵਾਸਣਾਂ ਦੀ ਪੈੜ ਨੱਪਦੀ ਫ਼ਿਲਮ ਹੈ ਜਿਨ੍ਹਾਂ ਦੀਆਂ ਜ਼ਿੰਦਗੀਆਂ ਇੱਕ ਅਜਿਹੇ ਸ਼ਹਿਰ ਵਿਚ ਟਕਰਾਅ ਜਾਂਦੀਆਂ ਹਨ ਕਿ ਜਿਹੜਾ ਕਦੇ ਵੀ ਨਹੀਂ ਰੁਕਦਾ। ਮੈਂ ਬਿਨਾ ਕੋਈ ਫ਼ਤਵਾ ਦਿੱਤਿਆਂ ਜਾਂ ਕੋਈ ਅਲੰਕਾਰ, ਬੱਸ ਵਿਖਾਣਾ ਚਾਹਿਆ ਹੈ। ਮੇਰੀ ਫ਼ਿਲਮ ਹੈ -ਅਣਦਿਸਦੇ, ਗੁੰਝਲਾਏ, ਅਤੇ ਚੁੱਪਚਾਪ ਲੜਾਈ ਦੇ ਰਹੇ ਲੋਕਾਂ ਲਈ ਆਪਣੀ ਗੱਲ ਕਹਿਣ ਜੋਗੀ ਥਾਂ ਨੂੰ ਵਾਪਸ ਲੈਣ ਬਾਰੇ।

ਮੈਂ ਤੈਨੂੰ ਐਵੇਂ ਸਮਝਦੀ ਸੀ   ਹਰੀ ਕ੍ਰਿਸ਼ਨ ਮਾਇਰ

lorraine.simonds.watercolour

ਮੈਂ ਅਤੇ ਮਹਿੰਦਰ ਸਿੰਘ, ਇੱਕੋ ਸਕੂਲ ਵਿੱਚ ਪੜ੍ਹਾਉਂਦੇ ਸੀ ਅਤੇ ਇਕੋ ਸ਼ਹਿਰ ਦੇ ਸਾਂ। ਮੈਨੂੰ ਸੇਵਾ ਮੁਕਤ ਹੋਏ ਨੂੰ ਸਾਲ ਕੁ ਹੋ ਗਿਆ। ਮਹਿੰਦਰ ਸਿੰਘ ਅਜੇ ਕੁਝ ਦਿਨ ਪਹਿਲਾਂ ਹੀ ਰਿਟਾਇਰ ਹੋ ਕੇ ਘਰ ਆਇਆ ਸੀ। ਸਕੂਲ ਵੱਲੋਂ ਮਿਲੇ ਮੋਮੈਂਟੋ, ਸ਼ੀਸ਼ੇ ਵਿੱਚ ਜੜਿਆ ਸਨਮਾਨ ਪੱਤਰ, ਕਿਤਾਬਾਂ ਅਤੇ ਹੋਰ ਤੋਹਫ਼ੇ ਉਸ ਨੇ ਡਰਾਇੰਗ ਰੂਮ ਵਿਚ ਸਾਂਭ ਲਏ ਸਨ। ਉਹ ਸੋਚਦਾ ਕਿ ਹੁਣ ਉਹ ਮਨ ਮੁਤਾਬਕ ਕੰਮ ਕਰੇਗਾ- ਲਿਖਣ ਪੜ੍ਹਨ ਦਾ ਸ਼ੌਕ ਪੂਰਾ ਕਰੇਗਾ।

ਦਿਨ ਲੰਘਣ ਲੱਗੇ। ਉਸ ਨੂੰ ਰਿਟਾਇਰ ਹੋਏ ਨੂੰ ਪੂਰਾ ਇਕ ਮਹੀਨਾ ਬੀਤ ਗਿਆ ਸੀ। ਮਹਿੰਦਰ ਸਿੰਘ ਦਾ ਹਾਲ-ਚਾਲ ਜਾਨਣ ਦੀ ਇੱਛਾ ਨਾਲ ਮੈਂ ਇੱਕ ਦਿਨ ਉਸਦੇ ਘਰ ਵੱਲ ਤੁਰ ਪਿਆ। ਸੋਚਿਆ ਸਵੇਰੇ ਸਵੇਰੇ ਉਸਨੂੰ ਸੈਰ 'ਤੇ ਨਾਲ ਲੈ ਚਲਾਂਗਾ; ਥੋੜ੍ਹੀ ਗੱਲਬਾਤ ਵੀ ਹੋ ਜਾਵੇਗੀ; ਘਰ ਹੋ ਸਕਦਾ ਹੈ ਖੁੱਲ੍ਹ ਕੇ ਗੱਲ ਨਾ ਹੋਵੇ।

ਮਹਿੰਦਰ ਸਿੰਘ ਦੇ ਘਰ ਦਾ ਬੂਹਾ ਖੜਕਾਇਆ। ਅੰਦਰੋਂ ਆਵਾਜ਼ ਸੁਣ ਰਹੀ ਸੀ, "ਉੱਠ ਪੈ ਹੁਣ, ਰਿਟਾਇਰ ਹੋ 'ਗੇ ਤਾਂ ਸੁੱਤੇ ਹੀ ਪਏ ਰਹਿਣਾ। ਨ੍ਹਾ ਧੋ, ਪੂਜਾ ਪਾਠ ਕਰ।"

ਮਹਿੰਦਰ ਸਿੰਘ ਦੀ ਪਤਨੀ ਨੇ ਬੂਹਾ ਖੋਲ੍ਹਿਆ। ਦੁਆ ਸਲਾਮ ਪਿੱਛੋਂ ਉਸਨੇ ਮੈਨੂੰ ਡਰਾਇੰਗ ਰੂਮ ਵਿੱਚ ਬੈਠਣ ਲਈ ਕਿਹਾ। ਮਹਿੰਦਰ ਸਿੰਘ ਅਜੇ ਚੁਬਾਰੇ ਤੋਂ ਥੱਲੇ ਨਹੀਂ ਸੀ ਉਤਰਿਆ। ਮਹਿੰਦਰ ਸਿੰਘ ਦੇ ਥੱਲੇ ਆਉਣ ਤੋਂ ਪਹਿਲਾਂ ਹੀ ਉਸਦੀ ਪਤਨੀ ਆਪਣਾ ਢਿੱਡ ਫੋਲ ਗਈ, "ਭਾਅ ਜੀ! ਤੁਸੀਂ ਵੀ ਰਿਟਾਇਰ ਹੋ ਕੇ ਐਨਾ ਈ ਸੌਂਦੇ ਹੋ?"

"ਕੀ ਗੱਲ ਹੋ ਗਈ?"

"ਇਹ ਤਾਂ, ਬੱਸ, ਪੁੱਛੋ ਈ ਨਾ !..."

ਏਨੇ ਨੂੰ ਮਹਿੰਦਰ ਸਿੰਘ ਚੁਬਾਰਿਓਂ ਹੇਠਾਂ ਉਤਰ ਆਇਆ। ਮੇਰੇ ਕੋਲ ਕੁਰਸੀ 'ਤੇ ਆ ਬੈਠਾ। ਮੈਂ ਪੈਂਦੀ ਸੱਟੇ ਉਸਨੂੰ ਕਿਹਾ, "ਤੁਸੀਂ ਸਵੇਰੇ ਮੇਰੇ ਨਾਲ ਸੈਰ 'ਤੇ ਚੱਲਿਆ ਕਰੋ। ਗੱਪ ਸ਼ੱਪ ਵੀ ਕਰ ਲਿਆ ਕਰਾਂਗੇ। ਹੱਡ ਵੀ ਮੋਕਲੇ ਰਹਿਣਗੇ।"

ਉਸ ਚਾਹ ਲਈ ਜ਼ੋਰ ਪਾਇਆ, ਪਰ ਮੈਂ ਮਨ੍ਹਾ ਕਰ ਦਿੱਤਾ। ਅਗਲੇ ਦਿਨ ਉਸਨੂੰ ਸੈਰ 'ਤੇ ਜਾਣ ਲਈ ਤਿਆਰ ਰਹਿਣ ਲਈ ਕਿਹਾ ਅਤੇ ਥੋੜ੍ਹੇ ਸਮੇਂ ਪਿੱਛੋਂ ਉਸਤੋਂ ਵਿਦਾ ਲਈ।

ਦੂਜੇ ਦਿਨ ਸਵੇਰੇ ਹੀ ਮੈਂ ਮਹਿੰਦਰ ਸਿੰਘ ਦੇ ਘਰ ਪਹੁੰਚ ਗਿਆ। ਬੂਹਾ ਖੜਕਾਇਆ। ਅੱਜ ਵੀ ਅੰਦਰੋਂ ਅਵਾਜ਼ਾਂ ਆ ਰਹੀਆਂ ਸਨ, "ਦਫ਼ਤਰ ਵੀ ਨਹੀਂ, ਕੋਈ ਨੌਕਰੀ ਵੀ ਨਹੀਂ, ਭਲਾ-ਮਾਣਸ ਤੜਕੇ ਸਾਢੇ ਪੰਜ ਵਜੇ ਦਾ ਉੱਠਿਆ ਫਿਰਦਾ, ਬੁੜ ਬੁੜ ਕਰੀ ਜਾਂਦਾ। ਪਤਾ ਨਹੀਂ ਕੀ ਕਰਨਾ, ਇਸ ਨੇ!"

ਮਹਿੰਦਰ ਸਿੰਘ ਨੇ ਬੂਹਾ ਖੋਲ੍ਹਿਆ।ਉਹ ਤਿਆਰ ਬੈਠਾ ਸੀ। ਉਸ ਨੇ ਪਤਨੀ ਨੂੰ ਅਵਾਜ਼ ਮਾਰੀ, "ਬੂਹਾ ਢੋਅ ਲਈਂ, ਮੈਂ ਸੈਰ 'ਤੇ ਚੱਲਿਆਂ।" ਅਸੀਂ ਦੋਵੇਂ ਸੈਰ ਲਈ ਨਿਕਲਣ ਲੱਗੇ ਸੀ।

"ਲੈ ਹੁਣ ਸੈਰ 'ਤੇ ਤੁਰ ਪਿਆ- ਕੂੜੇ ਦਾ ਡਰੰਮ ਈ ਬਾਹਰ ਰੱਖ ਦਿੰਦਾ। ਪੋਤੇ ਦਾ ਹੋਮਵਰਕ ਕਾਪੀ 'ਤੇ ਉਤਾਰ ਦਿੰਦਾ। ਕੋਈ ਪੁੱਛੇ ਬਈ ਸੈਰ ਕਰ ਕੇ ਤੂੰ ਕਿਹੜਾ ਮਿਲਖਾ ਸਿੰਘ ਬਣਨਾ?"

ਬੂਹਾ ਬੰਦ ਕਰਨ ਆਈ, ਉਹ ਪਤਾ ਨਹੀਂ ਕੀ ਕੀ ਬੋਲਦੀ ਰਹੀ! ਥੋੜ੍ਹੀਆਂ ਗੱਲਾਂ ਸਾਡੇ ਕੰਨੀਂ ਵੀ ਪੈ ਗਈਆਂ ਸਨ।

ਸੈਰ ਤੋਂ ਵਾਪਸ ਘਰ ਮੁੜਿਆ ਤਾਂ ਪਤਨੀ ਦਾ ਮੂੰਹ ਮੋਟਾ ਦੇਖ ਕੇ ਮਹਿੰਦਰ ਸਿੰਘ ਨੇ ਅਗਲੇ ਦਿਨ ਸੈਰ 'ਤੇ ਨਾ ਜਾਣ ਲਈ ਮੈਨੂੰ ਫ਼ੋਨ ਕਰ ਦਿੱਤਾ ਸੀ।

ਅਗਲੇ ਦਿਨ ਉਹ ਪੂਰਾ ਦਿਨ ਘਰ ਬੈਠਾ ਰਿਹਾ। ਸਵੇਰੇ ਮੋਬਾਇਲ 'ਤੇ ਪਾਠ ਲਾ ਲਿਆ। ਫਿਰ ਹੋਰ ਵੀਡੀਓ ਦੇਖਦਾ ਰਿਹਾ।

ਉਸ ਤੋਂ ਅਗਲੇ ਦਿਨ ਮੈਂ ਸਵੇਰੇ ਸਵੇਰੇ ਫੇਰ ਮਹਿੰਦਰ ਸਿੰਘ ਦਾ ਬੂਹਾ ਖੜਕਾਅ ਦਿੱਤਾ। ਅੰਦਰੋਂ ਅਵਾਜ ਆ ਰਹੀ ਸੀ, "ਕੱਲ੍ਹ ਪੂਰਾ ਦਿਨ ਪਤਾ ਨਹੀਂ ਮੋਬਾਇਲ ਵਿੱਚੋਂ ਕੀ ਲੱਭਦਾ ਰਿਹਾ, ਪਿਓ ਦਾ ਪੁੱਤ! ਐਵੇਂ ਉਂਗਲਾਂ ਘੁਮਾਈ ਗਿਆ। ਜੇ ਘਰੇ ਡੱਕਾ ਨਹੀਂ ਤੋੜਨਾ, ਇਸ ਨਾਲ਼ੋਂ ਤਾਂ ਸੈਰ 'ਤੇ ਗਿਆ ਚੰਗਾ। ਘਰ ਸ਼ਾਂਤੀ ਤਾਂ ਰਹਿੰਦੀ ਆ।"

ਪਤਨੀ ਨੇ ਬੂਹਾ ਖੋਲ੍ਹਿਆ। ਏਨੇ ਨੂੰ ਮਹਿੰਦਰ ਸਿੰਘ ਵੀ ਆ ਗਿਆ। ਅਸੀਂ ਸੈਰ 'ਤੇ ਚੱਲ ਪਏ। ਅੱਜ ਤਾਂ ਉਹ ਝੱਟ ਹੀ ਦੁੱਖ ਫਰੋਲਣ ਲੱਗਾ! ਕਹਿੰਦਾ, "ਅੱਜ ਆਪਾਂ ਸੈਰ ਪੰਦਰਾ ਕੁ ਮਿੰਟ ਹੀ ਕਰਾਂਗੇ।"

"ਕਿਉਂ?" ਮੈਂ ਪੁੱਛਿਆ।

"ਐਵੇਂ ਯਾਰ, ਘਰਵਾਲੀ ਦਾ ਫ਼ੋਨ ਆ ਜੂ," ਉਸ ਨੇ ਕਿਹਾ।

ਸਾਨੂੰ ਆਇਆਂ ਨੂੰ ਵੀਹ ਮਿੰਟ ਹੋ ਗਏ ਸਨ। ਸੱਚਮੁਚ ਮਹਿੰਦਰ ਸਿੰਘ ਦੀ ਪਤਨੀ ਦਾ ਫ਼ੋਨ ਆ ਗਿਆ। ਬੋਲੀ, "ਦੋਸਤਾਂ ਨਾਲ ਰੋਜ਼ ਹੀ ਸਲਾਹਾਂ ਬਣਾਅ ਲੈਨਾਂ ਘੁੰਮਣ ਫਿਰਨ ਦੀਆਂ! ਘਰ ਬੈਠ ਕੇ ਰੱਬ ਦਾ ਨਾਂ ਲੈ ਲਿਆ ਕਰ, ਅੱਗਾ ਸੁਧਾਰ ਆਪਣਾ।"

ਉਸ ਨੇ ਫ਼ੋਨ ਕੱਟ ਦਿੱਤਾ। ਉਹ ਸੋਚੀਂ ਪੈ ਗਿਆ- "ਅੱਗਾ ਕੀਹਨੇ ਦੇਖਿਆ? ਉਹ ਅਗਲੇ ਜਨਮ ਨੂੰ ਸੁਧਾਰਨ ਦੀ ਚਿੰਤਾ ਕਰ ਰਹੀ ਹੈ, ਮੇਰਾ ਆਹ ਜਨਮ ਨਰਕ ਬਣਦਾ ਜਾਪਦਾ।"

ਲੰਬੀ ਪੁਲਾਂਘ ਪੁੱਟਦਾ ਉਹ ਮੇਰੇ ਨਾਲ ਆ ਰਲਿਆ। ਫ਼ੋਨ ਦੀ ਗੱਲ ਸੰਖੇਪ 'ਚ ਸਾਂਝੀ ਕੀਤੀ। ਮੈਂ ਸੁਝਾਅ ਦਿੱਤਾ- "ਕਿਸੇ ਦਿਨ ਬੱਚਿਆਂ ਤੇ ਭਾਗਵਾਨ ਨੂੰ ਨਾਲ ਲੈ ਕੇ ਦੇਹਰਾਦੂਨ ਮਸੂਰੀ ਘੁੰਮ ਆਓ, ਸਾਰੇ ਖੁਸ਼ ਹੋ ਜਾਣਗੇ। ਉਨ੍ਹਾਂ ਨੂੰ ਵੀ ਤੇਰੇ ਤੋਂ ਕਈ ਉਮੀਦਾਂ ਹਨ।"

ਮੇਰੇ ਆਖੇ ਲੱਗ ਮਹਿੰਦਰ ਸਿੰਘ

ਮੈਂ ਤੈਨੂੰ ਐਵੇਂ ਸਮਝਦੀ ਸੀ

ਪਰਵਾਰ ਨੂੰ ਮਸੂਰੀ ਲੈ ਗਿਆ। ਰਾਤੀਂ ਉੱਥੇ ਹੋਟਲ 'ਚ ਰੁਕੇ। ਗੱਲਾਂ ਕਰਦੀ ਪਤਨੀ ਕਹਿੰਦੀ, "ਜੋ ਸੁੱਖ ਛੱਜੂ ਦੇ ਚੁਬਾਰੇ, ਨਾ ਬਲਖ਼ ਨਾ ਬੁਖਾਰੇ!" ਉਸਨੂੰ ਘਰ ਚੇਤੇ ਆਉਣ ਲੱਗਾ! ਬੋਲੀ, "ਪੈਸੇ ਬਰਬਾਦ ਕਰਨ ਨਾਲ਼ੋਂ ਸੰਗਰਾਂਦ ਪੁੰਨਿਆਂ ਨੂੰ ਹੀ ਕਿਤੇ ਨੇੜੇ ਤੇੜੇ ਘੁੰਮ ਆਇਆ ਕਰੋ।"

ਵਕਤ ਅੱਗੇ ਤੁਰ ਪਿਆ।

ਕਦੀ ਕਦੀ ਮਹਿੰਦਰ ਸਿੰਘ ਯੂ ਟਿਊਬ ਤੋਂ ਪੁਰਾਣੇ ਗੀਤ ਸੁਨਣ ਬੈਠ ਜਾਂਦਾ। ਪਤਨੀ ਰੋਸ ਜਤਾਉਂਦੀ: "ਬੁੱਢੇ ਵਾਰੇ ਤੈਨੂੰ ਇਹ ਗੀਤ ਸੁਣਨੇ ਸੋਭਦੇ ਹਨ? ਆਹ ਸਮਾਂ ਰੱਬ ਦਾ ਨਾਂ ਲੈਣ ਦਾ ਹੁੰਦਾ। ਮੈਂ ਐਸ ਮੱਸਿਆ ਤੈਨੂੰ ਲਿਜਾਅ ਕੇ, ਬਾਬਿਆਂ ਕੋਲੋਂ ਨਾਮ ਹੀ ਦੁਆ ਦੇਣਾ।"

ਜੇ ਕਿਤੇ ਸਾਫ਼ ਸੁਥਰੇ ਕੱਪੜੇ ਪਾ, ਸ਼ਰਟ, ਪੈਂਟ ਵਿੱਚ ਦੇ ਕੇ, ਘਰੋਂ ਬਾਹਰ ਨਿਕਲਦਾ, ਪਤਨੀ ਕਹਿੰਦੀ, "ਗ਼ੁੱਸਾ ਨਾ ਕਰੀਂ, ਲਾਲ ਹਰੇ ਕੱਪੜੇ ਬੁੱਢੇ ਵਾਰੇ ਚੰਗੇ ਨਹੀਂ ਲੱਗਦੇ। ਸਾਦਗੀ ਦੀ ਰੀਸ ਕਿੱਥੇ?"

ਅੱਕ ਕੇ ਮਹਿੰਦਰ ਸਿੰਘ ਨੇ ਕਿਸੇ ਦਫ਼ਤਰ ਵਿੱਚ ਪਾਰਟ ਟਾਇਮ ਨੌਕਰੀ ਕਰ ਲਈ। ਉਸਨੇ ਸੋਚਿਆ–ਪਤਨੀ ਖ਼ੁਸ਼ ਹੋ ਜਾਵੇਗੀ। ਉਸਦੀ ਵਿਹਲੇ ਬੰਦੇ ਨਾਲ ਮਗਜ਼ ਖਪਾਈ ਵੀ ਘਟ ਜਾਵੇਗੀ; ਚਾਰ ਪੈਸੇ ਵੀ ਘਰ ਆਉਣਗੇ।

ਪਰ ਹੋਇਆ ਸੋਚਣ ਤੋਂ ਉਲਟ। ਪਤਨੀ ਇਕ ਦਿਨ ਬੋਲ ਪਈ, "ਅਸੀਂ ਤਾਂ ਤੈਨੂੰ ਰਾਤ ਤੱਕ ਪਹਿਲਾਂ ਵੀ ਉਡੀਕਦੇ ਸੀ। ਹੁਣ ਫੇਰ ਉਡੀਕਣ ਲੱਗ ਪਏ ਹਾਂ। ਕੰਮ ਦਾ ਨਾਟਕ ਕਰ ਕੇ ਸਾਰਾ ਦਿਨ ਬਾਹਰ ਬਤੀਤ ਕਰਦੇ ਹੋ। ਮੈਂ ਤਾਂ ਥੋਡੀ ਜ਼ਿੰਦਗੀ ਭਰ ਦੀ ਨੌਕਰ ਹੋ ਗਈ।"

ਇਕ ਦਿਨ ਮਹਿੰਦਰ ਸਿੰਘ ਨੌਕਰੀ ਛੱਡ ਕੇ ਘਰ ਆ ਗਿਆ। ਪਤਨੀ ਨੇ ਪੁੱਛਿਆ, "ਅੱਜ ਕੰਮ 'ਤੇ ਨਹੀਂ ਗਿਆ?"

"ਛੱਡ ਤਾ।"

"ਕਿਉਂ?"

"ਤੇਰੇ ਨਾਲ ਹੱਥ ਵੰਡਾਇਆ ਕਰਾਂਗਾ।"

"ਮੇਰੇ ਨਾਲ ਤੂੰ ਹੱਥ ਕੀ ਵੰਡਾਉਣਾ? ਮੈਂ ਤਾਂ ਖ਼ੁਸ਼ ਹਾਂ, ਘਰ 'ਚ ਕਲੇਸ਼ ਘਟ ਗਿਆ ਹੈ। ਨਾਲੇ ਗਵਾਂਢਣ ਗੇਲੋ ਘੰਟਾ ਦੁਪਹਿਰੇ ਮੇਰੇ ਕੋਲ ਆ ਜਾਂਦੀ ਆ। ਘੰਟੇ 'ਚ ਪੂਰੇ ਮਹੱਲੇ ਦੀਆਂ ਹੋਈਆਂ ਬੀਤੀਆਂ ਸੁਣਾਅ ਜਾਂਦੀ ਆ। ਲੋਕਾਂ ਨਾਲ਼ੋਂ ਟੁੱਟ ਕੇ ਵੀ ਕੋਈ ਜ਼ਿੰਦਗੀ ਨਹੀਂ ਹੁੰਦੀ!"

"ਲੈ ਕੇ ਵੀ ਕੁਝ ਜਾਂਦੀ ਹੋਊ?" ਮਹਿੰਦਰ ਸਿੰਘ ਨੇ ਪੁੱਛਿਆ।

"ਇਹ ਤਾਂ ਮੈਂ ਕਦੀ ਸੋਚਿਆ ਹੀ ਨਹੀਂ," ਪਤਨੀ ਬੋਲੀ।

"ਮੈਨੂੰ ਮੇਰੇ ਦੋਸਤ ਨੇ ਦੱਸਿਆ ਕਿ ਗੇਲੋ ਘਰ ਘਰ ਇਹ ਕਹਿੰਦੀ ਫਿਰਦੀ ਆ ਕਿ ਮਹਿੰਦਰ ਮਾਸਟਰ ਘਰ ਵਿੱਚ ਤੰਗੀ ਤੁਰਸ਼ੀ ਕਰਕੇ ਕੰਮ ਉੱਤੇ ਜਾ ਲੱਗਾ! ਉਸਨੂੰ ਕਿੱਥੋਂ ਪਤਾ ਚੱਲ ਗਿਆ ਕਿ ਮੈਂ ਕੰਮ 'ਤੇ ਜਾਂਦਾਂ?" ਮਹਿੰਦਰ ਸਿੰਘ ਨੇ ਪੁੱਛਿਆ।

"ਮੈਂ ਹੀ ਦੱਸਿਆ ਸੀ, ਮੈਂ ਘਰੋਂ ਤੰਗੀ ਦੀ ਤਾਂ ਕੋਈ ਗੱਲ ਨਹੀਂ ਕਹੀ।" ਪਤਨੀ ਨੇ ਸਪਸ਼ਟ ਕੀਤਾ।

"ਚੁਗ਼ਲਖ਼ੋਰ ਭੋਰਾ ਖੰਭ ਚੁੱਕਦੇ ਹਨ, ਅੱਗੇ ਖੰਭਾਂ ਦੀਆਂ ਡਾਰਾਂ ਬਣਾਅ ਦੇਂਦੇ ਹਨ। ਚੁਗ਼ਲਖੋਰ ਕਲਾਕਾਰ ਹੁੰਦੇ ਨੇ," ਮਹਿੰਦਰ ਸਿੰਘ ਬੋਲਿਆ, "ਮੈਂ ਪੈਂਤੀ ਚਾਲੀ ਸਾਲ ਦੀ ਨੌਕਰੀ ਕਰ ਕੇ ਅੱਛੀ ਖਾਸੀ ਪੈਨਸ਼ਨ ਲੈਦਾਂ।ਮੈਂ ਆਪਣੀ ਸਿਹਤ, ਮਨ, ਬੱਚਿਆਂ ਦੀ ਖ਼ੁਸ਼ੀ ਲਈ ਸੇਵਾਮੁਕਤੀ ਪਿੱਛੋਂ ਆਪਣੀ ਮਰਜ਼ੀ ਨਾਲ ਨੌਕਰੀ ਨਹੀਂ ਕੀਤੀ। ਤੂੰ ਕਿਵੇਂ ਸੋਚ ਲਿਆ ਕਿ ਉਮਰ ਭਰ ਵਿਗਿਆਨ ਦਾ ਵਿਸ਼ਾ ਪੜ੍ਹਾਉਂਦਾ ਰਿਹਾ ਬੰਦਾ, ਕਿਸੇ ਦਕੀਆਨੂਸੀ ਫ਼ਰੇਬੀ ਬਾਬੇ ਕੋਲ਼ੋਂ ਨਾਮ ਲੈ ਲਵੇਗਾ? 'ਕੱਲੇ ਰੱਬ ਦੇ ਨਾਂ ਨਾਲ ਗ਼ਰੀਬਾਂ ਨੂੰ ਪੈਸੇ ਨਹੀਂ ਜੁੜਦੇ। ਬਿਰਲੇ, ਟਾਟੇ– ਤੂੰ ਸਮਝਦੀ ਐਂ ਬਈ ਹਰ ਵੇਲੇ ਭਜਨ ਬੰਦਗੀ ਕਰਦੇ ਰਹਿੰਦੇ ਹੋਣਗੇ? ਯੋਜਨਾਵਾਂ ਬਣਾਅ ਕੇ, ਮੁਹਾਰਤ ਹਾਸਲ ਕਰ ਕੇ, ਮਿਹਨਤ ਕਰਨ ਨਾਲ ਰਿਜ਼ਕ ਜੁੜਦਾ ਹੈ। ਮੈਂ ਮੰਨਦਾ ਹਾਂ ਕਿ ਪੂਜਾ ਪਾਠ ਕਿਸੇ ਕੰਮ ਵਿੱਚ ਤੁਹਾਡਾ ਫ਼ੋਕਸ ਜ਼ਰੂਰ ਬਣਾਉਂਦੇ ਹੋਣਗੇ; ਤੁਹਾਡੇ ਅੰਦਰ ਪਹਿਲਾਂ ਹੀ ਮੌਜੂਦ ਖਿੰਡੀਆਂ ਊਰਜਾਵਾਂ ਨੂੰ ਇਕੱਤਰ ਕਰ ਦਿੰਦੇ ਹੋਣਗੇ; ਸੂਰਜ ਦੀਆਂ ਕਿਰਣਾਂ ਨੂੰ ਇਕੱਤਰ ਕਰ ਕੇ ਇਕ ਉੱਤਲ ਲੈਂਸ ਜਿਵੇਂ ਅੱਗ ਪੈਦਾ ਕਰ ਦਿੰਦਾ ਹੈ।"

ਮਹਿੰਦਰ ਸਿੰਘ ਦੀ ਪੜ੍ਹਾਈ – ਵਿਗਿਆਨ– ਅੱਜ ਉਸਦੀ ਪਤਨੀ ਦੇ ਪੱਲੇ ਪਈ ਸੀ। ਉਸ ਨੇ ਮਹਿੰਦਰ ਸਿੰਘ ਅੱਗੇ ਹੱਥ ਜੋੜੇ ਅਤੇ ਬੋਲੀ, "ਮੈਂ ਤਾਂ ਤੈਨੂੰ ਐਵੇਂ ਹੀ ਸਮਝਦੀ ਸੀ, ਤੂੰ ਤਾਂ ਬਾਹਲਾ ਈ ਸਿਆਣਾ ਏਂ, ਅਜੇ ਵੀ।"

"ਹੋਰ ਰਿਟਾਇਰ ਹੋ ਕੇ ਬੰਦਾ ਕੂੜਾ ਥੋੜ੍ਹਾ ਬਣ ਜਾਂਦਾ? ਜਦ ਘਰਦੇ ਹੀ ਉਸ ਨੂੰ ਬੋਝ ਮੰਨਣ ਲੱਗ ਜਾਣ ਤਾਂ ਦੂਜੇ ਲੋਕ ਉਸਨੂੰ ਕੀ ਮੰਨਣਗੇ?" ਮਹਿੰਦਰ ਸਿੰਘ ਜਿਵੇਂ ਰੀਲ ਵਾਂਗ ਉੱਧੜ ਪਿਆ ਸੀ,"ਪਰ ਤੇਰੀ ਨਾਂਹ–ਪੱਖੀ ਸੋਚ ਮੈਨੂੰ ਕਿਸੇ ਦਿਸ਼ਾ 'ਚ ਤੁਰਨ ਨਹੀਂ ਦਿੰਦੀ।"

ਪਤਨੀ ਨੂੰ ਮਹਿੰਦਰ ਸਿੰਘ ਤੋਂ ਭੈਅ ਆਉਣ ਲੱਗਾ।

ਉਹ ਉੱਥੋਂ ਉੱਠੀ ਅਤੇ ਘਰੋਂ ਬਾਹਰ ਚਲੀ ਗਈ। ਮਹਿੰਦਰ ਨੇ ਸੋਚਿਆ– ਖੌਰੇ ਕਿਸੇ 'ਲਾਲ ਕਿਤਾਬ' ਵਾਲੇ ਵੱਲ ਤੁਰ ਗਈ ਹੋਣੀ ਹੈ। ਅੱਗੇ ਵੀ ਉਸਨੇ ਮੇਰੀ ਅਤੇ ਆਪਣੀ ਫ਼ੋਟੋ ਨੂੰ ਰਬੜ ਪਾ ਕੇ ਸ਼ਹਿਦ ਦੀ ਸ਼ੀਸ਼ੀ ਵਿੱਚ ਸਾਲ ਭਰ ਡੋਬੀ ਰੱਖਿਆ ਸੀ!

ਘੰਟੇ ਕੁ ਮਗਰੋਂ ਉਸਦੀ ਪਤਨੀ ਜਦ ਡਿਓੜ੍ਹੀ ਅੰਦਰ ਵੜੀ, ਉਸ ਨੇ ਸੁੱਖ ਦਾ ਸਾਹ ਲਿਆ। ਉਹ ਹੌਲੀ ਦੇਣੀ ਕਹਿੰਦੀ, "ਗੁਰਦਵਾਰੇ ਮੱਥਾ ਟੇਕ ਕੇ ਆਈ ਆਂ। ਮੇਰੇ ਤਾਂ ਜੀ ਕੰਨਾਂ 'ਚੋਂ ਧੂੰਆਂ ਜਿਹਾ ਨਿਕਲਣ ਲੱਗ ਪਿਆ ਸੀ। ਲਓ ਪਰਸ਼ਾਦ ਲੈ ਲਓ– ਤੁਸੀਂ ਗੁੱਸੇ ਨਾ ਹੋਇਆ ਕਰੋ।"

ਮਹਿੰਦਰ ਸਿੰਘ ਨੇ ਦੋਵ੍ਹੇਂ ਹੱਥਾਂ ਨਾਲ ਪਤਨੀ ਤੋਂ ਪ੍ਰਸ਼ਾਦ ਲੈ ਕੇ ਟੀ ਵੀ ਲਾ ਲਿਆ।

ਹੁਣ ਉਹ ਉਸ ਵੱਲ ਦੇਖੀ ਜਾ ਰਹੀ ਸੀ। ਬੋਲਦੀ ਕੁਝ ਨਹੀਂ ਸੀ।

mayer_hk@yahoo.com

(ਅਸੀਂ ਮਨੋਵਿਗਿਆਨਕ ਸਲਾਹਕਾਰ ਤੋਂ ਮਦਦ ਲੈਣ ਦਾ ਰਿਵਾਜ਼ ਪਾਈਏ, ਤਾਂ ਬਹੁਤ ਕੁਝ ਛੇਤੀ ਅਤੇ ਵਧੇਰੇ ਸਮਝ ਆਉਣ ਲੱਗੇਗਾ !- ਸੰ.)

ਔਨਲਾਈਨ ਪੜ੍ਹਾਈ ਦਾ ਭੁਲੇਖਾ

ਡਾ. ਸੰਦੀਪ ਸਿੰਘ ਮੁੰਡੇ

The Black Notebook by Kafka

ਰੁਪਿੰਦਰ, ਇੱਕ ਆਮ ਜਿਹੇ ਘਰ ਦੀ 16 ਵਰ੍ਹਿਆਂ ਦੀ ਮੁਟਿਆਰ, ਪੜ੍ਹਾਈ ਨੂੰ ਬੋਝ ਸਮਝਦੀ ਸੀ। ਇਸੇ ਕਰਕੇ ਉਸ ਨੇ 12 ਵੀਂ ਕਲਾਸ ਪਾਸ ਕਰਨ ਤੋਂ ਬਾਅਦ ਘਰ ਰਹਿ ਕੇ ਪ੍ਰਾਈਵੇਟ ਬੀ ਏ ਕਰਨੀ ਸ਼ੁਰੂ ਕੀਤੀ।

ਉਸਨੂੰ ਪੜ੍ਹਾਈ ਤੋਂ ਵੱਧ ਆਨਲਾਈਨ ਗੇਮਾਂ ਦਾ ਸ਼ੌਕ ਸੀ- ਉਸਦੀ ਜ਼ਿੰਦਗੀ ਸਿਰਫ਼ ਘਰ ਦੀਆਂ ਚਾਰ ਦੀਵਾਰਾਂ ਅਤੇ ਮੋਬਾਈਲ ਫ਼ੋਨ ਦੀ ਛੋਟੀ ਜਿਹੀ ਸਕ੍ਰੀਨ ਦੇ ਦੁਆਲੇ ਘੁੰਮਦੀ ਸੀ। ਉਸ ਦੇ ਮਾਂ-ਪਿਓ ਉਸਦੀ ਇਸ ਬਦਲ ਰਹੀ ਆਦਤ ਤੋਂ ਬਹੁਤ ਚਿੰਤਤ ਸਨ। ਉਹ ਰੁਪਿੰਦਰ ਨੂੰ ਪੜ੍ਹਾਈ ਵੱਲ ਧਿਆਨ ਦੇਣ ਲਈ ਕਹਿੰਦੇ, ਪਰ ਉਹ ਰਾਤਾਂ ਨੂੰ ਵੀ ਜਾਗ ਕੇ ਆਨਲਾਈਨ ਗੇਮ ਖੇਡਦੀ ਰਹਿੰਦੀ। ਉਸਦਾ ਆਪਣੀ ਗੇਮ ਲਈ ਕੰਪਿਊਟਰ ਦੁਆਰਾ ਘੜਿਆ ਕਿਰਦਾਰ 'ਅਵਤਾਰ', ਇੱਕ 'ਬਹਾਦਰ ਯੋਧਾ' ਸੀ, ਜਿਸ ਕਰਕੇ ਉਹ ਆਪਣੇ ਸਾਰੇ ਦੁੱਖ-ਦਰਦ ਭੁੱਲ ਜਾਂਦੀ।

ਇੱਕ ਰਾਤ ਔਨਲਾਈਨ ਗੇਮ ਖੇਡਦੇ ਹੋਏ, ਉਸ ਦੀ ਮੁਲਾਕਾਤ ਕਮਲ ਨਾਂ ਦੇ ਇੱਕ ਮੁੰਡੇ ਨਾਲ ਹੋਈ। ਕਮਲ ਨੇ ਵੀ ਆਪਣਾ ਅਵਤਾਰ ਇੱਕ 'ਰਾਜਕੁਮਾਰ' ਬਣਾਇਆ ਹੋਇਆ ਸੀ। ਸ਼ੁਰੂ ਵਿੱਚ ਉਹਨਾਂ ਦੀ ਗੱਲਬਾਤ ਸਿਰਫ਼ ਗੇਮ ਤੱਕ ਸੀਮਤ ਸੀ।

"ਹੈਲੋ ਵਾਰੀਅਰ! ਤੁਹਾਡਾ ਅਵਤਾਰ ਬਹੁਤ ਸ਼ਾਨਦਾਰ ਲੱਗ ਰਿਹਾ ਹੈ!" ਕਮਲ ਨੇ ਮੈਸੇਜ ਕੀਤਾ।

ਰੁਪਿੰਦਰ ਨੇ ਮੁਸਕਰਾਅ ਕੇ ਜਵਾਬ ਦਿੱਤਾ, "ਧੰਨਵਾਦ! ਪਰ ਯਾਦ ਰੱਖਿਓ, ਤੁਹਾਡਾ ਰਾਜਕੁਮਾਰ ਮੇਰੇ ਯੋਧੇ ਅੱਗੇ ਹਾਰ ਜਾਵੇਗਾ। ਚੈਲੰਜ?"

ਇਹ ਚੈਲੰਜ ਉਹਨਾਂ ਦੀ ਦੋਸਤੀ ਦੀ ਸ਼ੁਰੂਆਤ ਸੀ। ਫਿਰ ਉਹਨਾਂ ਨੇ ਆਪਣੇ ਮੋਬਾਈਲ ਨੰਬਰ ਇੱਕ-ਦੂਜੇ ਨਾਲ ਸਾਂਝੇ ਕੀਤੇ ਅਤੇ ਵੱਟਸਐਪ 'ਤੇ ਗੱਲਬਾਤ ਕਰਨ ਲੱਗੇ। ਹੌਲੀ-ਹੌਲੀ ਉਹਨਾਂ ਨੇ ਆਪਣੀਆਂ ਨਿੱਜੀ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਮਲ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਨੇ ਰੁਪਿੰਦਰ ਦੇ ਦਿਲ ਵਿੱਚ ਇੱਕ ਖ਼ਾਸ ਜਗ੍ਹਾ ਬਣਾਅ ਲਈ। ਕਮਲ ਗੱਲਾਂ ਗੱਲਾਂ ਵਿੱਚ ਆਪਣੇ ਪਿਆਰ ਦਾ ਇਜ਼ਹਾਰ ਕਰਦਾ ਅਤੇ ਕਹਿੰਦਾ ਕਿ ਉਹ ਦੋਵੇਂ ਇੱਕ ਦੂਜੇ ਲਈ ਹੀ ਬਣੇ ਹਨ।

"ਰੁਪਿੰਦਰ, ਤੂੰ ਮੇਰੀ ਜ਼ਿੰਦਗੀ ਵਿੱਚ ਨਵਾਂ ਰੰਗ ਭਰ ਦਿੱਤਾ ਹੈ," ਕਮਲ ਨੇ ਇੱਕ ਦਿਨ ਵੀਡੀਓ ਕਾਲ 'ਤੇ ਕਿਹਾ। "ਮੈਂ ਤੈਨੂੰ ਮਿਲਣਾ ਚਾਹੁੰਦਾ ਹਾਂ। ਮੈਂ ਲੁਧਿਆਣਾ ਰਹਿੰਦਾ ਹਾਂ, ਇੱਕ ਵਾਰ ਆ ਜਾ ਨਾ! ਮੈਂ ਸਭ ਕੁਝ ਤਿਆਰ ਕਰ ਲਵਾਂਗਾ।"

ਰੁਪਿੰਦਰ ਦੇ ਮਨ ਵਿੱਚ ਇੱਕ ਭੁਲੇਕਾ ਰੰਗ ਚੜ੍ਹ ਗਿਆ। ਉਸ ਦੇ ਮਨ ਵਿੱਚ ਪਹਿਲਾਂ ਥੋੜ੍ਹਾ ਡਰ ਪੈਦਾ ਹੋਇਆ, ਪਰ ਕਮਲ ਦੀਆਂ ਗੱਲਾਂ ਨੇ ਉਸ ਨੂੰ ਯਕੀਨ ਦਵਾਅ ਦਿੱਤਾ। ਉਹ ਸੋਚਣ ਲੱਗੀ ਕਿ ਇਹ ਹੀ ਸੱਚਾ ਪਿਆਰ ਹੈ ਅਤੇ ਉਸਦੇ ਖਿਆਲਾਂ ਵਿੱਚ ਕਮਲ ਹੀ ਛਾਇਆ ਰਹਿੰਦਾ। ਪਰ ਇਸ ਬਾਬਤ ਉਸਨੇ ਆਪਣੇ ਘਰਦਿਆਂ ਨੂੰ ਕੁਝ ਵੀ ਨਾ ਦੱਸਣ ਦਾ ਫ਼ੈਸਲਾ ਕੀਤਾ।

ਇੱਕ ਸ਼ਾਮ ਰੁਪਿੰਦਰ ਨੇ ਆਪਣਾ ਇੱਕ ਛੋਟਾ ਜਿਹਾ ਬੈਗ ਤਿਆਰ ਕੀਤਾ। ਕੁਝ ਕੱਪੜੇ ਰੱਖੇ, ਪਰ ਪੈਸੇ ਨਹੀਂ ਲਏ ਅਤੇ ਮੋਬਾਈਲ ਵੀ ਨਾਲ ਨਹੀਂ ਚੁੱਕਿਆ, ਕਿਉਂਕਿ ਉਸਨੂੰ ਲੱਗਾ ਕਿ ਇਸ ਨਾਲ ਮਾਂ ਨੂੰ ਸ਼ੱਕ ਹੋ ਜਾਵੇਗਾ। ਸਹੇਲੀ ਦੇ ਘਰ ਜਾਣ ਦਾ ਬਹਾਨਾ ਬਣਾਅ ਕੇ ਉਸ ਨੇ ਸ਼ਾਮ 7 ਕੁ ਵਜੇ ਚੁੱਪ-ਚਾਪ ਘਰ ਛੱਡ ਦਿੱਤਾ।

ਬੱਸ ਅੱਡੇ 'ਤੇ ਪਹੁੰਚ ਕੇ, ਉਹ ਲੁਧਿਆਣਾ ਜਾਣ ਵਾਲੀ ਬੱਸ ਵਿੱਚ ਬੈਠ ਗਈ। ਬੱਸ ਚੱਲ ਪਈ ਅਤੇ ਉਸ ਦਾ ਦਿਲ ਤੇਜ਼ੀ ਨਾਲ ਧੜਕਣ ਲੱਗਾ - ਇੱਕ ਪਾਸੇ ਘਰ ਛੱਡਣ ਦਾ ਡਰ ਸੀ ਅਤੇ ਦੂਜੇ ਪਾਸੇ ਕਮਲ ਨੂੰ ਮਿਲਣ ਦੀ ਬੇਤਾਬੀ!

ਕੁਝ ਦੇਰ ਬਾਅਦ ਬੱਸ ਦਾ ਕੰਡਕਟਰ, ਸੰਤੋਖ ਸਿੰਘ, ਉਸ ਕੋਲ ਆਇਆ। "ਬੇਟੀ, ਟਿਕਟ?" ਉਸਨੇ ਨਰਮਾਈ ਨਾਲ ਕਿਹਾ।

ਇਹ ਸੁਣ ਰੁਪਿੰਦਰ ਦਾ ਚਿਹਰਾ ਫਿੱਕਾ ਪੈ ਗਿਆ। ਉਸਨੇ ਸਿਰ ਨੀਵਾਂ ਕਰ ਕੇ ਕਿਹਾ, "ਅੰਕਲ ਜੀ, ਮੈਂ ਪੈਸੇ ਘਰ ਭੁੱਲ ਆਈ ਹਾਂ।"

ਸੰਤੋਖ ਸਿੰਘ ਨੂੰ ਉਸਦੀ ਹਾਲਤ ਵੇਖ ਕੇ ਤਰਸ ਆ ਗਿਆ।

"ਕੋਈ ਗੱਲ ਨਹੀਂ ਬੇਟੀ," ਉਸ ਨੇ ਕਿਹਾ। "ਬੈਠ ਜਾ। ਪਰ ਬੇਟੀ, ਰਾਤ ਨੂੰ ਇਕੱਲੀ ਕਿੱਥੇ ਜਾ ਰਹੀ ਹੈਂ? ਘਰਦਿਆਂ ਨੂੰ ਪਤਾ ਹੈ ਕਿ?"

ਰੁਪਿੰਦਰ ਨੇ ਕੋਈ ਜੁਆਬ ਨਾ ਦਿੱਤਾ। ਕੰਡਕਟਰ ਸੰਤੋਖ ਸਿੰਘ ਨੂੰ ਸ਼ੱਕ ਹੋਇਆ, ਪਰ ਉਸ ਨੇ ਕੁਝ ਨਾਂ ਕਿਹਾ। ਰਾਤ ਦੇ ਗਿਆਰਾਂ ਵਜੇ ਬੱਸ ਅੱਡੇ 'ਤੇ ਪਹੁੰਚੀ ਅਤੇ ਸਾਰੀਆਂ ਸਵਾਰੀਆਂ ਆਪਣੇ-ਆਪਣੇ ਟਿਕਾਣੇ ਚਲੀਆਂ ਗਈਆਂ। ਡਰਾਈਵਰ ਅਤੇ ਕੰਡਕਟਰ ਬੱਸ ਅੱਡੇ ਦੇ ਇੱਕ ਪਾਸੇ ਬਣੇ ਥੜ੍ਹੇ 'ਤੇ ਸੌਣ ਦੀ ਤਿਆਰੀ ਵਿੱਚ ਸਨ। ਅਚਾਨਕ ਕੰਡਕਟਰ ਸੰਤੋਖ ਸਿੰਘ ਦੀ ਨਜ਼ਰ ਰੁਪਿੰਦਰ 'ਤੇ ਪਈ,

ਔਨਲਾਈਨ ਪੜ੍ਹਾਈ ਦਾ ਭੁਲੇਖਾ

ਜੋ ਬਹੁਤ ਪਰੇਸ਼ਾਨ ਜਾਪ ਰਹੀ ਸੀ। ਕੰਡੱਕਟਰ ਨੇ ਉਸ ਕੋਲ ਜਾ ਕੇ ਨਰਮੀ ਨਾਲ ਪੁੱਛਿਆ, "ਬੇਟੀ, ਕੀ ਗੱਲ ਹੈ? ਕਿਉਂ ਪਰੇਸ਼ਾਨ ਹੈਂ?"

ਪਰ ਰੁਪਿੰਦਰ ਨੇ ਕੋਈ ਜਵਾਬ ਨਾ ਦਿੱਤਾ, ਬਸ ਸੁੰਨ ਬੈਠੀ ਰਹੀ।

ਕੰਡਕਟਰ ਨੇ ਫਿਰ ਪੁੱਛਿਆ, "ਆਪਣੇ ਘਰ ਦਾ ਨੰਬਰ ਦੱਸ, ਮੈਂ ਗੱਲ ਕਰਵਾਉਂਦਾ ਹਾਂ।" ਰੁਪਿੰਦਰ ਨੇ ਸਿਰ ਹਿਲਾਅ ਕੇ ਨਾਂਹ ਕਰ ਦਿੱਤੀ।

ਕੰਡਕਟਰ ਨੇ ਹਾਰ ਨਾ ਮੰਨੀ ਅਤੇ ਪੁੱਛਿਆ, "ਕਿਸੇ ਦਾ ਨੰਬਰ ਯਾਦ ਹੈ? ਕੋਈ ਦੋਸਤ ਜਾਂ ਰਿਸ਼ਤੇਦਾਰ?"

ਲੰਬੀ ਚੁੱਪ ਤੋਂ ਬਾਅਦ ਰੁਪਿੰਦਰ ਨੇ ਕਿਹਾ, "ਮੈਨੂੰ ਕੋਈ ਨੰਬਰ ਯਾਦ ਨਹੀਂ।"

ਉਹ ਅਜੇ ਵੀ ਕਮਲ ਦੇ ਝੂਠੇ ਪਿਆਰ ਵਿੱਚ ਫਸੀ ਹੋਈ ਸੀ ਅਤੇ ਉਸਨੂੰ ਲੱਗਾ ਕਿ ਉਹ ਅਜੇ ਵੀ ਉਸਨੂੰ ਮਿਲ ਸਕਦੀ ਹੈ। ਕੰਡੱਕਟਰ ਦਾ ਸ਼ੱਕ ਹੋਰ ਵਧ ਗਿਆ। ਉਸਨੇ ਰੁਪਿੰਦਰ ਦੇ ਹੱਥ ਵਿੱਚ ਫੜੇ ਕਾਗ਼ਜ਼ ਦੇ ਟੁਕੜੇ ਨੂੰ ਦੇਖਿਆ। ਉਸ 'ਤੇ ਕਮਲ ਦਾ ਫ਼ੋਨ ਨੰਬਰ ਲਿਖਿਆ ਸੀ।

ਉਸ ਕਾਗ਼ਜ਼ ਫੜ ਕੇ ਆਪਣੇ ਫ਼ੋਨ ਤੋਂ ਉਸ ਨੰਬਰ 'ਤੇ ਫ਼ੋਨ ਮਿਲਾਇਆ।

"ਕਮਲ ਬੋਲ ਰਿਹਾ ਹੈਂ?" ਕੰਡੱਕਟਰ ਨੇ ਪੁੱਛਿਆ। ਦੂਜੇ ਪਾਸਿਓਂ ਆਵਾਜ਼ ਆਈ, "ਹਾਂ, ਬੋਲੋ।"

"ਮੈਂ ਬੱਸ ਦਾ ਕੰਡੱਕਟਰ ਹਾਂ, ਲੁਧਿਆਣਾ ਆਈ ਬੱਸ ਦਾ। ਇੱਕ ਕੁੜੀ ਤੁਹਾਡੇ ਘਰ ਆ ਰਹੀ ਹੈ, ਰੁਪਿੰਦਰ। ਉਸਨੂੰ ਆ ਕੇ ਲੈ ਜਾਓ, ਉਹ ਬਹੁਤ ਡਰੀ ਹੋਈ ਹੈ ਅਤੇ ਇੰਤਜ਼ਾਰ ਕਰ ਰਹੀ ਹੈ।"

"ਕਿਹੜੀ ਰੁਪਿੰਦਰ? ਮੈਂ ਕਿਸੇ ਕੁੜੀ ਨੂੰ ਨਹੀਂ ਜਾਣਦਾ," ਇਹ ਕਹਿ ਕੇ ਕਮਲ ਨੇ ਫ਼ੋਨ ਕੱਟ ਦਿੱਤਾ। ਕੰਡੱਕਟਰ ਨੇ ਫਿਰ ਕਾਲ ਕੀਤੀ, ਪਰ ਫ਼ੋਨ ਬੰਦ ਹੋ ਗਿਆ।

ਹੁਣ ਰੁਪਿੰਦਰ ਦੇ ਮਨ ਵਿੱਚ ਡਰ ਦਾ ਇੱਕ ਤੂਫ਼ਾਨ ਉੱਠਣ ਲੱਗਾ। "ਇਹ ਕੀ ਹੋ ਰਿਹਾ ਹੈ? ਉਹ ਤਾਂ ਕਹਿੰਦਾ ਸੀ ਕਿ ਉਹ ਬੱਸ ਅੱਡੇ 'ਤੇ ਉਡੀਕ ਕਰੇਗਾ।" ਰੁਪਿੰਦਰ ਦੀਆਂ ਅੱਖਾਂ ਸਾਹਮਣੇ ਹਨੇਰਾ ਛਾ ਗਿਆ। ਜਿਸ ਸ਼ਖ਼ਸ ਲਈ ਉਸ ਨੇ ਆਪਣਾ ਘਰ ਛੱਡਿਆ, ਉਸਨੇ ਹੀ ਉਸ ਨੂੰ ਬੇਗਾਨਾ ਕਰ ਦਿੱਤਾ।

ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਸ ਨੂੰ ਪਤਾ ਲੱਗ ਗਿਆ ਸੀ ਕਿ ਆਨਲਾਈਨ ਦੁਨੀਆ ਦਾ ਪਿਆਰ ਕਿੰਨਾ ਖੋਖਲਾ ਹੁੰਦਾ ਹੈ। ਹੁਣ ਰੁਪਿੰਦਰ ਨੂੰ ਕਮਲ ਦੀਆਂ ਸਾਰੀਆਂ ਗੱਲਾਂ, ਉਸ ਦੇ ਪਿਆਰ ਭਰੇ ਸ਼ਬਦ ਅਤੇ ਵਾਅਦੇ ਸਭ ਝੂਠੇ ਜਾਪਣ ਲੱਗੇ। ਉਸ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ।

"ਮੈਂ ਇਹ ਕੀ ਕਰ ਦਿੱਤਾ? ਮੈਂ ਆਪਣੇ ਮਾਪਿਆਂ ਨੂੰ ਬਿਨਾਂ ਦੱਸੇ ਘਰ ਛੱਡ ਦਿੱਤਾ। ਉਹ ਕਿੰਨੇ ਪਰੇਸ਼ਾਨ ਹੋਣਗੇ!"

ਰੁਪਿੰਦਰ ਨੇ ਰੋਂਦੇ ਹੋਏ ਕਿਹਾ, "ਅੰਕਲ ਜੀ, ਉਹ ਮੁੰਡਾ...ਕਮਲ, ਉਸ ਨੇ ਮੈਨੂੰ ਧੋਖਾ ਦਿੱਤਾ ਹੈ। ਮੈਂ ਉਸਨੂੰ ਹੀ ਮਿਲਣ ਆ ਰਹੀ ਸੀ। ਮੈਥੋਂ ਬਹੁਤ ਵੱਡੀ ਗ਼ਲਤੀ ਹੋ ਗਈ ਹੈ..... ਹੁਣ ਮੈਂ ਕੀ ਕਰਾਂ?"

ਰੁਪਿੰਦਰ ਡਰ ਨਾਲ ਸਹਿਮ ਕੇ ਜ਼ੋਰ ਨਾਲ ਰੋਣ ਲੱਗੀ।

ਕੰਡਕਟਰ ਨੇ ਨਰਮੀ ਨਾਲ ਸਮਝਾਇਆ, "ਚੰਗਾ, ਰੋ ਨਾ, ਅਸੀਂ ਹੁਣੇ ਹੱਲ ਕੱਢਦੇ ਹਾਂ।"

ਉਸਨੇ ਰੁਪਿੰਦਰ ਦੀ ਮਾਂ ਦਾ ਨੰਬਰ ਪੁੱਛਿਆ ਅਤੇ ਉਸ ਨੂੰ ਫ਼ੋਨ ਕੀਤਾ। ਉਧਰੋਂ ਮਾਂ ਦੀ ਫ਼ਿਕਰਮੰਦ ਅਤੇ ਰੋਂਦੀ ਆਵਾਜ਼ ਸੁਣ ਕੇ ਉਸ ਦਾ ਦਿਲ ਟੁੱਟ ਗਿਆ।

"ਰੁਪਿੰਦਰ! ਤੂੰ ਕਿੱਥੇ ਹੈਂ? ਅਸੀਂ ਤੈਨੂੰ ਲੱਭ ਰਹੇ ਹਾਂ! ਅਸੀਂ ਪੁਲਿਸ ਨੂੰ ਵੀ ਇਤਲਾਹ ਕਰ ਦਿੱਤੀ ਹੈ!"

ਰੁਪਿੰਦਰ ਨੇ ਰੋਂਦੇ ਹੋਏ ਕਿਹਾ, "ਮਾਂ, ਮੈਨੂੰ ਮਾਫ਼ ਕਰ ਦਿਓ। ਮੈਂ ਬਹੁਤ ਵੱਡੀ ਗ਼ਲਤੀ ਕਰ ਬੈਠੀ ਹਾਂ। ਮੈਂ ਲੁਧਿਆਣਾ ਬੱਸ ਅੱਡੇ 'ਤੇ ਹਾਂ, ਕੰਡਕਟਰ ਅੰਕਲ ਮੇਰੀ ਮਦਦ ਕਰ ਰਹੇ ਨੇ। ਪਲੀਜ਼ ਆ ਜਾਓ।"

ਮਾਂ ਨੇ ਰੋਂਦੇ ਹੋਏ ਕਿਹਾ, "ਬੇਟੀ, ਅਸੀਂ ਹੁਣੇ ਆ ਰਹੇ ਹਾਂ। ਬੱਸ ਉੱਥੇ ਹੀ ਰੁਕ ਜਾਵੀਂ। ਤੈਨੂੰ ਕੁਝ ਨਹੀਂ ਹੋਵੇਗਾ।" ਸਵੇਰ ਦੇ 4 ਕੁ ਵਜੇ ਤਕ ਰੁਪਿੰਦਰ ਦੇ ਮਾਤਾ-ਪਿਤਾ ਬੱਸ ਸਟੈਂਡ 'ਤੇ ਪਹੁੰਚ ਗਏ। ਰੁਪਿੰਦਰ ਨੂੰ ਵੇਖ ਕੇ ਮਾਂ ਨੇ ਭੱਜ ਕੇ ਉਸ ਨੂੰ ਗਲ ਨਾਲ ਲਾ ਲਿਆ।

"ਮੇਰੀ ਸ਼ੇਰਨੀ, ਕਦੇ ਵੀ ਇਸ ਤਰ੍ਹਾਂ ਨਾ ਕਰੀਂ। ਅਸੀਂ ਤੇਰੇ ਨਾਲ ਹਾਂ ਨਾ।"

ਪਾਪਾ ਨੇ ਸੰਤੋਖ ਸਿੰਘ ਦਾ ਹੱਥ ਫੜ ਕੇ ਧੰਨਵਾਦ ਕੀਤਾ।

"ਭਰਾ ਜੀ, ਤੁਸੀਂ ਸਾਡੇ ਲਈ ਰੱਬ ਬਣ ਕੇ ਆਏ। ਇਸ ਬੇਟੀ ਨੂੰ ਵਾਪਸ ਲਿਆਉਣ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ।"

ਸੰਤੋਖ ਸਿੰਘ ਨੇ ਹੱਸ ਕੇ ਕਿਹਾ, "ਕੋਈ ਗੱਲ ਨਹੀਂ, ਜੀ। ਇਹ ਤਾਂ ਸਾਡੀ ਬੇਟੀ ਵਾਂਗ ਹੈ। ਘਰ ਜਾ ਕੇ ਇਸ ਨੂੰ ਬਹੁਤ ਪਿਆਰ ਦਿਓ ਅਤੇ ਬੇਟੀ, ਯਾਦ ਰੱਖੀਂ, ਇਸ ਆਨਲਾਈਨ ਦੁਨੀਆ ਵਿੱਚ ਅਸਲੀ ਰਿਸ਼ਤਿਆਂ ਨੂੰ ਨਾ ਭੁੱਲੀਂ।"

ਘਰ ਵਾਪਸ ਆ ਕੇ, ਰੁਪਿੰਦਰ ਨੇ ਆਪਣਾ ਫ਼ੋਨ ਬੰਦ ਕਰ ਦਿੱਤਾ। ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਅਸਲ ਪਿਆਰ ਗੇਮਾਂ ਜਾਂ ਵਰਚੂਅਲ ਦੁਨੀਆ ਵਿੱਚ ਨਹੀਂ, ਬਲਕਿ ਆਪਣੇ ਪਰਿਵਾਰ ਦੇ ਨਿੱਘੇ ਅਤੇ ਸੁਰੱਖਿਅਤ ਮਹੌਲ ਵਿੱਚ ਹੁੰਦਾ ਹੈ। ਉਸ ਨੇ ਆਨਲਾਈਨ ਗੇਮਾਂ ਤੋਂ ਦੂਰੀ ਬਣਾ ਲਈ ਅਤੇ ਆਪਣੀ ਪੜ੍ਹਾਈ 'ਤੇ ਧਿਆਨ ਦੇਣਾ ਸ਼ੁਰੂ ਕੀਤਾ ਅਤੇ ਆਪਣੀ ਜ਼ਿੰਦਗੀ ਨੂੰ ਨਵੀਂ ਸੋਚ ਨਾਲ ਜੀਣਾ ਸ਼ੁਰੂ ਕੀਤਾ। ਉਸ ਨੇ ਮਾਂ ਨਾਲ ਰਾਤਾਂ ਨੂੰ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਆਪਣੇ ਪਾਪਾ ਨਾਲ ਵੀ ਆਪਣੇ ਮਨ ਦੀਆਂ ਗੱਲਾਂ ਸਾਂਝੀਆਂ ਕਰਨ ਲੱਗੀ। ਹੁਣ ਉਸ ਦਾ ਭੁਲੇਖਾ ਨਿਕਲ ਗਿਆ ਸੀ, ਉਸ ਨੂੰ ਜ਼ਿੰਦਗੀ ਦਾ ਇੱਕ ਅਨਮੋਲ ਸਬਕ ਮਿਲ ਗਿਆ ਸੀ ਕਿ ਅਸਲੀ ਖ਼ੁਸ਼ੀ ਅਤੇ ਪਿਆਰ ਹਮੇਸ਼ਾ ਸਾਡੇ ਆਪਣੇ ਲੋਕਾਂ ਵਿੱਚ ਹੀ ਹੁੰਦਾ ਹੈ।

ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ, ਸੀਸੀ ਹੈੱਡ, ਸ੍ਰੀ ਗੰਗਾਨਗਰ
ਕਨਵੀਨਰ ਪੰਜਾਬੀ, ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ 9413652646

ਜਦੋਂ ਅੰਗਰੇਜ਼ੀ ਮੁੱਕ ਗਈ

ਸੁਖਪਾਲ ਸਿੰਘ ਗਿੱਲ

ਕੈਨੇਡਾ ਵਿੱਚ ਲੱਖਾਂ ਪੰਜਾਬੀ ਪਰਵਾਸ ਕਰ ਗਏ ਹਨ। ਇਹਨਾਂ ਦੇ ਨਿਤ ਨਵੇਂ ਰੁਝਾਨ ਸੁਰਖੀਆਂ ਵਿੱਚ ਰਹਿੰਦੇ ਹਨ। ਪਰਵਾਸ ਭਾਵੇਂ ਰੀਸੋ ਰੀਸ ਹੈ, ਪਰ ਉਥੇ ਜਾ ਕੇ ਪੰਜਾਬੀ ਯੂਥ ਅਜ਼ਾਦੀ ਮਹਿਸੂਸ ਕਰਦਾ ਹੈ।

ਇਸੇ ਪ੍ਰਸੰਗ ਵਿੱਚ, ਪਰਵਾਸ ਦੇ ਰੁਝਾਨ ਕਾਰਨ ਮੇਰਾ ਪੁੱਤਰ ਤਾਜਬੀਰ ਸਿੰਘ ਗਿੱਲ ਵੀ ਕਨੇਡਾ ਪਰਵਾਸ ਕਰ ਗਿਆ ਹੈ। ਉਸ ਵੱਲੋਂ ਕੈਨੇਡਾ ਦੀਆਂ ਨਿੱਤ ਨਵੀਆਂ ਗੱਲਾਂ ਦੱਸੀਆਂ ਜਾਂਦੀਆਂ ਹਨ।

ਇਕ ਦਿਨ ਉਸ ਵੱਲੋਂ ਕੈਨੇਡਾ ਵਿੱਚੋਂ ਕਿਸੇ ਦੀ ਮੂਵੀ ਭੇਜੀ ਗਈ। ਉਸ ਮੂਵੀ ਵਿੱਚ ਇੱਕ ਪੰਜਾਬੀ ਨੌਜਵਾਨ ਇੱਕ ਮੱਾਲ ਵਿੱਚ ਗੋਰੇ ਨੂੰ ਕੁਇੰਟਲ ਕੁਇੰਟਲ ਦੀ ਗਾਲ੍ਹ ਕੱਢ ਰਿਹਾ ਸੀ। ਮੇਰੇ ਬੇਟੇ ਨੂੰ ਉਸਦੇ ਸਾਥੀ ਨੇ ਮੂਵੀ ਭੇਜੀ ਸੀ, ਉਸ ਵੱਲੋਂ ਮੈਨੂੰ ਭੇਜੀ ਗਈ।

ਜਦੋਂ ਉਹ ਮੂਵੀ ਮੇਰੇ ਕੋਲ ਪੁੱਜੀ, ਮੈਨੂੰ ਵੀ ਅਸੱਭਿਅਕ ਅਤੇ ਅਣਫਬਵੀਂ ਲੱਗੀ। ਮੇਰੇ ਵੱਲੋਂ ਪੁੱਤਰ ਨੂੰ ਤੁਰੰਤ ਸਕੂਲ ਕਾਲਜ ਦੇ ਦਿਨਾਂ ਦੀ ਗੱਲ ਯਾਦ ਕਰਵਾਈ ਗਈ- ਕਿ ਕਿਵੇਂ ਮੈਂ ਉਸਨੂੰ ਗਾਲ੍ਹ ਕੱਢਣ ਦੀ ਆਦਤ ਨੂੰ ਬੁਰੀ ਆਦਤ ਕਹਿ ਕੇ ਸਮਝਾਉਂਦਾ ਹੁੰਦਾ ਸੀ।

ਇੱਕ ਵਾਰ ਮੈਂ ਉਸਨੂੰ ਥਾਪਰ ਪੋਲੇਟੈਕਨਿਕ, ਪਟਿਆਲਾ, ਮਿਲਣ ਗਿਆ ਤਾਂ ਉਸਦੇ ਰੂਮ ਮੇਟ ਨੇ ਕਿਸੇ ਨੂੰ ਗਾਲ੍ਹ ਕੱਢੀ। ਉਸ ਸਮੇਂ ਵੀ ਮੈਂ ਉਸ ਨੂੰ ਸਮਝਾਇਆ। ਖ਼ੈਰ, ਉਹ ਤਾਂ ਗਾਲ੍ਹ ਦੀ ਆਦਤ ਤੋਂ ਮੁਕਤ ਹੈ।
ਮੂਵੀ ਪ੍ਰਤੀ ਮੈਂ ਉਸਨੂੰ ਫਿਰ ਜਾਗਰੂਕ ਕੀਤਾ, "ਕਾਕਾ, ਇਹ ਕੋਈ ਵਧੀਆ ਗੱਲ ਨਹੀਂ। ਪੰਜਾਬੀਆਂ ਦੀ ਸ਼ਾਨ ਸੱਭਿਅਕ ਰੱਖਣੀ ਚਾਹੀਦੀ ਹੈ।"

ਇਹ ਸੁਣ ਤਾਜਬੀਰ ਨੇ ਝੱਟ ਇਹ ਕਿਹਾ ਕਿ,
"ਇਹ ਬੰਦਾ ਮੱਾਲ ਤੋਂ ਆਪਣਾ ਸਮਾਨ ਖਰੀਦ ਰਿਹਾ ਸੀ, ਜਦੋਂ ਇੱਕ ਗੋਰੇ ਨੇ ਇਸ ਨਾਲ ਮਜ਼ਾਕੀਆ ਹਰਕਤ ਕੀਤੀ- ਉਹ ਉਸ ਵੱਲ ਗੰਦਾ ਕੱਪੜਾ ਕਰੀ ਜਾਵੇ! ਅੱਗੋਂ ਉਹ ਵਿਚਾਰਾ "ਨੋ, ਨੋ, ਪਲੀਜ਼, ਡਾਂਟ ਟੱਚ ਮੀ, ਪਲੀਜ਼, ਗੋਰੇ" ਕਰੀ ਜਾਵੇ!"

ਮੱਾਲ ਵਿੱਚ ਪੰਜਾਬੀ ਅੱਗੇ ਅੱਗੇ, ਗੋਰਾ ਪਿੱਛੇ ਨੱਸਣ ਲੱਗਾ! ਪੰਜਾਬੀ ਨੌਜਵਾਨ ਮੱਾਲ ਵਿੱਚ ਅੱਗੇ ਅੱਗੇ ਜਾਈ ਗਿਆ। ਉਹ ਨੋ ਨੋ, ਪਲੀਜ਼ ਪਲੀਜ਼, ਕਹਿ ਕੇ ਥੱਕ ਗਿਆ ਸੀ। ਅੰਤ ਨੂੰ ਉਸ ਪੰਜਾਬੀ ਲਹਿਜੇ ਵਿੱਚ ਇੱਕੋਦਮ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਲੇਸਦਾਰ ਗਾਲ੍ਹਾਂ ਸੁਣ ਪੰਜਾਬੀ ਹੱਸਣ ਲੱਗੇ, ਬਾਕੀ ਸੀਰੀਅਸ ਹੋ ਗਏ। ਕਈਆਂ ਦਾ ਕੁਝ ਲੈਣਾ ਦੇਣਾ ਨਹੀਂ ਸੀ। ਆਖ਼ਰ ਗਾਲ੍ਹਾਂ ਦੀ ਵਾਛੜ ਵਿੱਚ ਗੋਰਾ ਪਿੱਛੇ ਹਟ ਗਿਆ। ਮਜ਼ਾਕੀਆ ਮਾਮਲਾ ਰਫ਼ਾ ਦਫ਼ਾ ਹੋ ਗਿਆ। ਫਿਰ ਮੇਰੇ ਕਾਕੇ ਨੇ ਉਸ ਪੰਜਾਬੀ ਨੂੰ ਪੁੱਛਿਆ ਕਿ ਏਨੀਆਂ ਗਾਲ੍ਹਾਂ ਕਿਉਂ ਕੱਢੀਆਂ? ਪਤਾ ਚੱਲਿਆ ਕਿ ਉਸ ਦੀ "ਅੰਗਰੇਜ਼ੀ ਮੁੱਕ ਗਈ" ਸੀ!! ਜਿੰਨੀ ਅੰਗਰੇਜ਼ੀ ਆਉਂਦੀ ਸੀ ਓਨੀ ਬੋਲ ਕੇ ਪੰਜਾਬੀ ਮੁੰਡੇ ਦੀ ਮੁੱਕੀ ਅੰਗਰੇਜ਼ੀ ਨੇ ਆਖ਼ਰ ਤੇਰ੍ਹਵੀਂ ਵਿੱਦਿਆ, ਗਾਲ੍ਹਾਂ ਦੇ ਰੂਪ ਵਿੱਚ ਸ਼ੁਰੂ ਕਰ ਦਿੱਤੀ।

ਮੈਨੂੰ ਸਿਆਣਿਆਂ ਦੀ ਸੁਣੀ ਕਹਾਵਤ ਯਾਦ ਆਈ ਕਿ ਹਥਿਆਰ ਉਹ ਜੋ ਮੌਕੇ 'ਤੇ ਕੰਮ ਆਵੇ।

ਅਬਿਆਣਾ ਕਲਾਂ 9878111445

ਲਹਿੰਗੇ ਵਾਲੀ ਕੁੜੀ

ਬਨਾਮ ਨਾਰੀ ਵੇਦਨਾ

ਅਦਬੀ *ਦੋਸਤੋ! ਅੱਜ ਕੱਲ੍ਹ ਇੱਕ ਗੀਤ ਬੜੀ ਚਰਚਾ ਵਿਚ ਹੈ ਕਿ "ਜੇ ਤੂੰ ਨੱਚੀ ਨਾ ਮੇਰੇ ਨਾਲ ਗੋਰੀਏ! ਮੈਂ ਲਹਿੰਗੇ ਤੇਰੇ 'ਤੇ ਸ਼ਰਾਬ ਡੋਲ੍ਹ ਦੂੰ..!"*
ਮੈਂ ਆਪਣੇ ਬੌਧਿਕ ਦ੍ਰਿਸ਼ਟੀਕੋਣ ਅਨੁਸਾਰ ਸੋਚਦਾ ਹਾਂ ਕਿ ਇਹ ਮਰਦ-ਪ੍ਰਧਾਨ ਸਮਾਜ ਦੀ ਜਗੀਰੂ ਸੋਚ ਦਾ ਹੀ ਇੱਕ ਹਿੱਸਾ ਹੈ। ਮੇਰੀ ਇਸ ਨਜ਼ਮ ਵਿਚ ਤੁਹਾਨੂੰ ਕਿਧਰੇ ਨਾਰੀ ਚੇਤਨਾ ਦਾ ਬੋਧ ਨਜ਼ਰ ਆਵੇ ਤਾਂ ਇਹ ਮੇਰੀ ਰਚਨਾ ਦੀ ਪ੍ਰਾਪਤੀ ਹੋਵੇਗੀ...!
-ਕਵੀ

ਗੱਲ ਮਹਿਜ਼ ਲਹਿੰਗੇ 'ਤੇ ਸ਼ਰਾਬ ਡੋਲ੍ਹਣ
ਤੱਕ ਹੀ ਸੀਮਤ ਨਹੀਂ ਹੈ,
ਐ ਮਰਦ-ਜ਼ਾਤ, ਐ ਬੰਦੇ!
ਤੂੰ ਤਾਂ ਆਪਣੀ ਲਾਲਸਾ, ਜ਼ਿੱਦ ਖ਼ਾਤਿਰ
ਮੇਰੇ 'ਤੇ ਤੇਜ਼ਾਬ ਵੀ ਡੋਲ੍ਹਦਾ ਏਂ
ਜਿਸ ਨਾਲ ਮੇਰਾ ਮੂੰਹ ਹੀ ਨਹੀਂ
ਮੇਰੀ ਰੂਹ ਵੀ ਝੁਲਸ ਜਾਂਦੀ ਹੈ।

ਉਂਝ ਵੀ ਯੁੱਗਾਂ-ਯੁਗਾਂਤਰਾਂ ਤੋਂ ਤੂੰ
ਮੇਰੇ ਉੱਤੇ ਕੁਝ ਨਾ ਕੁਝ
ਡੋਲ੍ਹਦਾ ਹੀ ਆ ਰਿਹਾ ਏਂ
ਕਦੇ ਆਪਣੀ ਵਾਸ਼ਨਾ ਦੀ ਲਾਰ
ਕਦੇ ਮੇਰੇ ਹਲਕ ਅੰਦਰ
ਚਰਿੱਤਰਹੀਣਤਾ ਦਾ ਜ਼ਹਿਰ,
ਕਦੇ ਜਲਣਸ਼ੀਲ ਤੇਲ ਦਾ ਕਨੱਸਤਰ।

ਭਲਾ ਹੁਣ ਹੋਰ ਕਿੰਨਾ ਕੁ ਨਚਾਏਂਗਾ ਮੈਨੂੰ?
ਮੈਂ ਤੇਰੇ ਲਈ ਸਦੀਆਂ ਤੋਂ ਨੱਚਦੀ ਹੀ ਤਾਂ
ਆ ਰਹੀ ਹਾਂ,

ਕਦੇ ਹੀਰਾ ਮੰਡੀ ਵਿਚ
ਕਦੇ ਰਾਜ ਦਰਬਾਰਾਂ ਵਿਚ
ਡਾਂਸ ਬਾਰਾਂ ਵਿਚ

ਹੁਣ ਹੋਰ ਨਹੀਂ ਨੱਚ ਹੋਣਾ ਮੇਰੇ ਤੋਂ
ਹੁਣ ਘੁੰਗਰੂ ਟੁੱਟ ਚੁੱਕੇ ਹਨ
ਸਾਹ ਸੁੱਕ ਚੁੱਕੇ ਹਨ
ਅੰਗ ਸਾਰੇ ਥੱਕ ਚੁੱਕੇ ਹਨ

ਹੁਣ ਤਾਂ ਮੈਂ ਨਾਬਰ ਹਾਂ
ਤੇਰੀਆਂ ਸਭ ਜ਼ੰਜੀਰਾਂ ਤੋਂ
ਹੁਣ ਤਾਂ ਮੈਂ ਉੱਡਣਾ ਹੈ ਬਹੁਤ ਉੱਚਾ
ਅਕਾਸ਼ ਦਰ ਅਕਾਸ਼
ਤੂੰ ਲੱਖ ਡੋਲ੍ਹ ਮੇਰੇ ਪਰਾਂ ਉੱਪਰ
ਸ਼ਰਾਬ, ਤੇਜ਼ਾਬ, ਜ਼ਹਿਰ, ਲਾਰ, ਤੇਲ।

ਅੰਮ੍ਰਿਤ ਦੀਵਾਨਾ ਸਰੀ, ਕੈਨੇਡਾ

ਨਵੀਂ ਪੀੜ੍ਹੀ, ਬਈ!

ਉਹ ਦੋਏ, ਬੜੇ ਸੁਹਣੇ ਮੁੰਡੇ, ਨਾਈ ਦਾ ਕੰਮ ਸਿੱਖ ਕੇ ਹੁਣ 'ਬਾਰਬਰ' ਬਣ ਗਏ ਸਨ! ਪਿੰਡ ਦੇ ਬਾਹਰ ਨੇੜੇ ਹੀ ਚੰਗੀ ਚੱਲਦੀ ਦੁਕਾਨ ਸੀ। ਘਰ ਦੇ ਘਰ!

ਉਨ੍ਹਾਂ ਦੀ ਚੰਗੀ ਮਾਂ ਨੇ ਜਦੋਂ ਇਹ ਜੰਮੇ ਸਨ, ਉਹ ਸਮਾਂ ਚੇਤੇ ਆਇਆ। ਬੜੀ ਮੂੰਹ ਲੱਗਦੀ ਇਨ੍ਹਾਂ ਦੀ ਮਾਂ, ਹਸੂੰ ਹਸੂੰ ਕਰਦੀ ਰਹਿਣਾ। ਸੱਸ ਨਾਲ ਆਉਂਦੀ ਅਤੇ -ਓਦੋਂ ਸਾਡੇ ਡੰਗਰ ਰੱਖੇ ਹੁੰਦੇ ਸਨ, ਮੇਰੀ ਮਾਂ ਨੂੰ ਬਹੁਤ ਸ਼ੌਕ ਹੁੰਦਾ ਸੀ ਇਨ੍ਹਾਂ ਦਾ- ਇਹ ਨੂੰਹ-ਸੱਸ ਗੋਹਾ ਕੂੜਾ ਕਰ ਜਾਂਦੀਆਂ। ਕੀ ਗਰਮੀ, ਕੀ ਸਰਦੀ!

ਧੀਆਂ ਹੋਈਆਂ, ਮੁੰਡਾ ਹੋਇਆ ਅਤੇ ਫੇਰ ਇਹ ਦੂਜਾ ਮੁੰਡਾ ਵੀ ਹੋਣ ਵਾਲਾ ਹੋਇਆ ਤਾਂ ਸਭ ਨੂੰ ਜੰਮਣ ਵਾਲੀ ਉਸ ਮਾਂ ਦੀ ਕਮਜ਼ੋਰ ਜਿਹੀ ਹੋਈ ਲੱਗਦੀ ਦੇਹ 'ਤੇ ਤਰਸ ਆਉਂਦਾ, ਫ਼ਿਕਰ ਹੁੰਦਾ।

"ਜ਼ਰੂਰ ਮਰਨਾ ਹੈ?" ਅੱਗੋਂ, ਉਸ ਹੱਸ ਛੱਡਣਾ।

ਘਰਵਾਲਾ ਉਸਦਾ, ਸਭ ਕਹਿੰਦੇ ਸਨ ਅਤੇ ਉਨ੍ਹਾਂ ਦੀਆਂ ਹੱਸ ਕੇ ਕੀਤੀਆਂ ਗੱਲਾਂ ਤੋਂ ਵੀ ਲੱਗਦਾ ਸੀ ਕਿ -ਡਾਢਾ ਅਤੇ ਸ਼ੁਕੀ ਜਿਹਾ ਸੀ। ਖ਼ਾਸ ਕਰਕੇ ਸ਼ਰਾਬ ਪੀ ਕੇ ਤੰਗ ਕਰਨ ਵਾਲਾ।

ਹੁਣ ਤਾਂ ਇਨ੍ਹਾਂ ਕਈ ਸਾਲਾਂ ਵਿਚ ਬੱਚੇ ਉਤਾਂਹ ਹੋ ਗਏ ਹਨ ਅਤੇ ਇਹ ਮੁੰਡੇ ਅਤੇ ਇਨ੍ਹਾਂ ਦੀਆਂ ਭੈਣਾਂ ਪਿੰਡਾਂ ਦੇ ਸਰਕਾਰੀ ਸਕੂਲਾਂ ਸਿਰ ਪੜ੍ਹਦੇ ਗਏ ਸਨ। ਫਿਰ ਇਨ੍ਹਾਂ ਦੀ ਅਤੇ ਇਲਾਕੇ ਦੀ ਕਿਸਮਤ ਨੂੰ ਇਸ ਬਾਰਡਰ ਦੇ ਇਲਾਕੇ ਵਿਚ ਵੀ, ਨੇੜੇ ਹੀ ਖੁੱਲ੍ਹ ਗਈ ਸਰਕਾਰੀ ਆਈਟੀਆਈ ਕਰਕੇ, ਇਹ ਵੀ, ਕੋਈ ਹੁਨਰ ਸਿੱਖ ਗਏ- ਬਾਰਬਰ ਬਣਨ ਦਾ।

ਮੈਂ, ਉਨ੍ਹਾਂ ਦੀ ਪਿੰਡਾਂ ਦੇ ਹਿਸਾਬ ਨਾਲ ਚੰਗੀ ਫਬਵੀਂ ਦੁਕਾਨ ਵਿਚ, ਉਨ੍ਹਾਂ ਤੋਂ ਕੁਝ ਕੰਮ ਕਰਵਾਅ ਰਿਹਾ ਸੀ।

ਬਾਰਬਰ ਦਾ ਮੋਬਾਇਲ ਵੱਜਾ। ਉਸਦੀ ਘਰਦੀ ਜਾਪਦੀ ਸੀ।

"ਡੈਡੀ ਕਹਿੰਦਾ ਜੂਸ ਭਿਜਵਾਅ ਦਿਓ।"

"ਹਾਂ! ਜੂਸ ਭਿਜਵਾਅ ਦਿਓ! ਉਹਨੂੰ ਕਹਿ ਅਰਾਮ ਨਾਲ ਬੈਠੇ! ਤੇ ਤੂੰ ਨਾ ਵਿਚ ਆਇਆ ਕਰ- ਆਪ ਗੱਲ ਕਰੇ! ...ਸ਼ਰਾਬ ਪੀਣ ਨੂੰ ਇਹ, ਤੇ ਜੂਸ ਪਿਆਉਣ ਨੂੰ ਅਸੀਂ! ਪਤਾ ਕਿੰਨੇ ਦਾ ਆਉਂਦਾ? ਵੀਹਾਂ ਦਾ!

ਅੱਗੇ ਕੁੜੀ ਆ ਕੇ ਵੀਹ ਲੈ ਗਈ!

ਪਤਾ ਕਿਵੇਂ ਬਣਦੇ ਨੇ ਵੀਹ?"

ਮੈਂ ਆਪਣੀ ਦਾਹੜੀ ਖੁਰਕੀ ਅਤੇ ਮਾਸਾ ਮਾਸਾ ਹਾਸਾ ਮੈਨੂੰ ਆਵੇ।

ਯੁੱਗ ਦੀ ਬਦਲੀ ਵੀ ਦਿਸ ਰਹੀ ਸੀ, ਪੀੜ੍ਹੀ ਦੀ ਵੀ।

(ਰੱਤੀ ਕੰਤ ਸਿੰਘ ਨੇ ਗੱਲ ਸੁਣਾਈ)

ਅਸਲੀ ਹੀਰਾ

ਥੋੜ੍ਹੇ ਕੁ ਸਾਲਾਂ ਦੀ ਗੱਲ ਹੈ, ਰੀਟਾ ਰੋਜ਼ਾਨਾ ਦੀ ਤਰ੍ਹਾਂ ਆਪਣੇ ਸਕੂਲ ਗਈ। ਸਕੂਲ ਜਾਂਦਿਆਂ ਹੀ ਅੱਜ ਹੈੱਡ ਮੈਡਮ ਜੀ ਨੇ ਆੱਡਰ ਕੀਤਾ ਕਿ ਪਿੰਡੋਂ ਬਾਹਰ ਨਹਿਰ ਕੋਲ ਝੁੱਗੀਆਂ ਵਾਲਿਆਂ ਦੇ ਬੱਚੇ ਸਕੂਲ ਪੜ੍ਹਨ ਵਾਲੇ ਹਨ, ਤੁਸੀਂ ਉਨ੍ਹਾਂ ਨੂੰ ਦਾਖਲੇ ਲਈ ਪ੍ਰੇਰਤ ਕਰ ਕੇ ਆਓ। ਰੀਟਾ ਨੇ ਆਪਣੇ ਨਾਲ ਇੱਕ ਹੋਰ ਮੈਡਮ ਨੂੰ ਲਿਆ ਅਤੇ ਦੋਏ ਝੁੱਗੀਆਂ ਵਿੱਚ ਜਾ ਪਹੁੰਚੀਆਂ। ਉੱਥੇ ਉਹ ਕੀ ਦੇਖਦੀਆਂ ਹਨ ਕਿ ਚਾਰ ਪੰਜ ਬੱਚੇ ਮਿੱਟੀ ਵਿੱਚ ਲਿੱਬੜੇ-ਤਿੱਬੜੇ ਬੇ-ਫ਼ਿਕਰੇ ਖੇਡ ਰਹੇ ਸੀ। ਰੀਟਾ ਨੇ ਬੱਚਿਆਂ ਨੂੰ ਬੁਲਾਇਆ ਅਤੇ ਉਹਨਾਂ ਨੂੰ ਆਪਣੇ ਮਾਤਾ ਪਿਤਾ ਨੂੰ ਮਿਲਾਉਣ ਲਈ ਕਿਹਾ। ਮਾਂ ਨੂੰ ਮਿਲ ਕੇ ਰੀਟਾ ਨੇ ਸਕੂਲ ਵਿੱਚ ਦਾਖ਼ਲੇ ਲਈ ਪ੍ਰੇਰਿਆ। ਨਾਂਹ-ਨੁੱਕਰ ਦੇ ਬਾਵਜੂਦ ਬੱਚਿਆਂ ਦੀ ਮਾਂ ਅਤੇ ਦਾਦੀ ਮੰਨ ਗਈਆਂ। ਰੀਟਾ ਨੇ ਪੰਜਾਂ ਬੱਚਿਆਂ ਵਿਚੋਂ ਚਾਰ ਨੂੰ ਦਾਖ਼ਲ ਕਰ ਲਿਆ ਅਤੇ ਚੌਥਾ ਅਜੇ ਛੋਟਾ ਸੀ। ਰੀਟਾ ਜਦ ਬੱਚਿਆਂ ਦੇ ਨਾਮ ਨੋਟ ਕਰਨ ਲੱਗੀ ਤਾਂ ਪਹਿਲੇ ਬੱਚੇ ਦਾ ਨਾਮ ਸੀ- "ਹੀਰਾ"। ਹੀਰਾ ਨਾਮ ਸੁਣ ਰੀਟਾ ਚੌਂਕ ਗਈ ਅਤੇ ਬੱਚੇ ਨੂੰ ਕੋਲ਼ ਬੁਲਾਅ ਕੇ ਕਿਹਾ, "ਚੱਲ ਹੀਰੇ, ਸਕੂਲ, ਤੈਨੂੰ ਅਸਲੀ ਹੀਰਾ ਬਣਾਈਏ!"

ਅਮਰ ਜਿੰਦ

ਸਸਸਸ ਸਕੂਲ ਸਾਹਲੋਂ ਸ਼ਹੀਦ ਭਗਤ ਸਿੰਘ ਨਗਰ, ਪੰਜਾਬ।

ਨਿੱਕਿਆਂ ਦੀ ਨੁਕਰ

ਡੱਬ ਖੜੱਬੀ ਬਿੱਲੀ ਮੇਰੀ

ਡੱਬ ਖੜੱਬੀ ਮਾਣੋ ਸਾਡੀ
ਮਾਊਂ-ਮਾਊਂ ਕਰਦੀ ਰਹਿੰਦੀ ਹੈ।
ਆਂਢ ਗੁਆਂਢੋਂ ਬੱਚੇ ਆਉਂਦੇ
ਕਿਸੇ ਨੂੰ ਕੁਝ ਨਾ ਕਹਿੰਦੀ ਹੈ।
ਮੰਮੀ ਮੇਰੀ ਜਦ ਧਾਰਾਂ ਕੱਢਦੀ
ਕੋਲ਼ੇ ਹੋ ਹੋ ਬਹਿੰਦੀ ਹੈ।
ਆਉਂਦਾ ਵੇਖ ਕੇ ਕੁੱਤਾ ਦੂਰੋਂ
ਅੰਦਰ ਵੜ ਕੇ ਸਹਿ ਜਾਂਦੀ।
ਪੂਛ ਹਿਲਾਉਂਦੀ ਪੈਰੀਂ ਵੱਜਦੀ
ਅੱਗੇ-ਪਿੱਛੇ ਫਿਰਦੀ ਰਹਿੰਦੀ ਹੈ।
ਸਾਥੋਂ ਉਹ ਭੋਰਾ ਨਾ ਡਰਦੀ
ਸਿਆਣੂ ਹੋਈ ਹੈ ਚਿਰ ਦੀ।
ਸਾਰਾ ਦਿਨ ਉਹ ਸੁੱਤੀ ਰਹਿੰਦੀ
ਖੜਕੇ ਤੋਂ ਉੱਠ ਪੈਂਦੀ ਹੈ।
ਮੂੰਹ ਸਵਾਰ ਉਬਾਸੀਆਂ ਲੈਂਦੀ
ਚੂਹੇ ਨੂੰ ਝੱਟ ਜਾ ਫੜਦੀ।
ਨਿੰਮ ਉੱਤੇ ਚੜ੍ਹ ਕੇ ਬਹਿ ਜਾਏ
ਚਿੜੀਆਂ ਨੂੰ ਵੀ ਖਾਂਦੀ ਹੈ।
ਲੱਕੀ! ਕਹਿ ਕੇ 'ਵਾਜ ਮਾਰੀਏ
ਝੱਟ ਥੱਲੇ ਉਹ ਆ ਜਾਂਦੀ।
'ਪੱਤੋ' ਜਦੋਂ ਸਕੂਲ ਤੋਂ ਆਵੇ
ਬਹੁਤ ਲਾਡੀਆਂ ਕਰਦੀ ਹੈ।
ਮਾਣੋ ਬਿੱਲੀ ਬਹੁਤ ਸਿਆਣੀ
ਲੱਤਾਂ ਵਿਚ ਆ ਵੜਦੀ ਹੈ।

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ, ਮੋਗਾ
94658 21417

ਮੈਂ ਸਕੂਲ ਜਰੂਰ ਜਾਵਾਂਗਾ

ਪੰਜਵੀਂ ਕਲਾਸ 'ਚ ਪੜ੍ਹਦੇ ਮੰਗਲ ਦਾ ਘਰੇਲੂ ਨਾਂ ਮੰਗੂ ਸੀ। ਪੜ੍ਹਨ 'ਚ ਉਹ ਹੁਸ਼ਿਆਰ ਸੀ ਅਤੇ ਅਧਿਆਪਕ ਉਸ ਨੂੰ ਬਹੁਤ ਪਿਆਰ ਕਰਦੇ ਸਨ। ਕਲਾਸ ਦੇ ਹੋਰ ਹੁਸ਼ਿਆਰ ਬੱਚੇ ਉਸ ਦੇ ਵਧੀਆ ਦੋਸਤ ਸਨ ਪਰ ਕੁਝ ਨਲਾਇਕ ਬੱਚੇ ਉਸ ਨਾਲ ਖ਼ਾਰ ਖਾਂਦੇ ਸਨ ਅਤੇ ਉਸ ਨੂੰ ਛੇੜਦੇ ਰਹਿੰਦੇ ਸਨ।

ਅੱਜ ਮੰਗਲ ਜਦੋਂ ਸਕੂਲੋਂ ਆਇਆ ਤਾਂ ਉਹ ਰੋ ਰਿਹਾ ਸੀ। ਉਸ ਦੀ ਮੰਮੀ ਜੀ ਨੇ ਜਦੋਂ ਇਸ ਦਾ ਕਾਰਨ ਪੁੱਛਿਆ ਤਾਂ ਉਹ ਰੋਂਦਿਆਂ ਹੋਇਆਂ ਕਹਿਣ ਲੱਗਾ, "ਮੰਮੀ ਜੀ, ਮੈਂ ਕੱਲ੍ਹ ਨੂੰ ਸਕੂਲ ਨਹੀਂ ਜਾਵਾਂਗਾ, ਰਾਜੂ ਅਤੇ ਜੱਗੀ ਮੈਨੂੰ ਮੰਗੂ-ਮੰਗੂ ਅਤੇ ਮੰਗਤਾ ਕਹਿ ਕੇ ਚਿੜਾਉਂਦੇ ਸੀ।" ਉਸ ਦੀ ਮੰਮੀ ਨੇ ਉਸਨੂੰ ਸਮਝਾਉਂਦਿਆਂ ਕਿਹਾ, "ਬੇਟਾ! ਦੂਜਿਆਂ ਨੂੰ ਵੇਖ ਕੇ ਸੜਨ ਵਾਲੇ ਅਤੇ ਦੂਜਿਆਂ ਦੀਆਂ ਲੱਤਾਂ ਖਿੱਚਣ ਵਾਲੇ ਅਜਿਹੇ ਲੋਕ ਤਾਂ ਤੈਨੂੰ ਹਰ ਥਾਂ ਮਿਲਣਗੇ, ਕੀ ਫਿਰ ਤੂੰ ਘਰੋਂ ਨਿਕਲਣਾ ਬੰਦ ਕਰ ਦੇਵੇਂਗਾ?" ਮੰਗਲ ਦੀ ਉਦਾਸੀ ਪਰ ਅਜੇ ਦੂਰ ਨਹੀਂ ਸੀ ਹੋਈ। ਉਹ ਅੱਜ ਪੜ੍ਹਨ-ਖੇਡਣ ਦੀ ਥਾਂ ਆਪਣੇ ਕਮਰੇ 'ਚ ਜਾ ਕੇ ਸੌਂ ਗਿਆ।

ਸ਼ਾਮ ਨੂੰ ਵੀ ਉਸਨੇ ਚੰਗੀ ਤਰ੍ਹਾਂ ਰੋਟੀ ਨਾ ਖਾਧੀ ਅਤੇ ਆਮ ਦਿਨਾਂ ਦੇ ਉਲਟ, ਕਾਹਲੀ ਨਾਲ ਦਾਦੀ ਜੀ ਦੇ ਕਮਰੇ ਵਿੱਚ ਸੌਣ ਲਈ ਚਲਾ ਗਿਆ। ਉਹ ਹਰ ਰੋਜ਼ ਦਾਦੀ ਜੀ ਕੋਲ ਹੀ ਸੌਂਦਾ ਸੀ ਅਤੇ ਦਾਦੀ ਜੀ ਨਾਲ ਉਸਦਾ ਬਹੁਤ ਲਗਾਓ ਸੀ। ਦਾਦੀ ਜੀ ਨੂੰ ਮੰਗਲ ਦੀ ਮੰਮੀ ਜੀ ਨੇ ਸਕੂਲ ਅਤੇ ਦੁਪਹਿਰ ਵਾਲੀ ਗੱਲ ਪਹਿਲਾਂ ਹੀ ਦੱਸ ਦਿੱਤੀ ਸੀ, ਇਸ ਲਈ ਉਹ ਮੰਗਲ ਦੇ ਪਿੱਛੇ

ਹੀ ਕਮਰੇ ਵਿੱਚ ਆ ਗਏ। ਉਨ੍ਹਾਂ ਮੰਗਲ ਕੋਲ ਬੈਠ ਉਸਦੇ ਸਿਰ 'ਤੇ ਹੱਥ ਫੇਰਦਿਆਂ ਪੁੱਛਿਆ, "ਬੇਟਾ! ਅੱਜ ਤੂੰ ਕਹਾਣੀ ਨਹੀਂ ਸੁਨਣੀ?"

ਮੰਗਲ ਦਾ ਮਨ ਦਾਦੀ ਜੀ ਦੇ ਮੋਹ ਦੀ ਗਰਮੀ ਨਾਲ ਪਿਘਲ ਗਿਆ।ਉਹ ਰੋਂਦਿਆਂ ਰੋਂਦਿਆਂ ਕਹਿਣ ਲੱਗਾ, "ਦਾਦੀ ਮਾਂ, ਤੁਸੀਂ ਮੇਰਾ ਨਾਂ ਮੰਗਲ (ਉਸ ਦਾ ਨਾਂ ਦਾਦੀ ਜੀ ਨੇ ਹੀ ਰੱਖਿਆ ਸੀ) ਕਿਉਂ ਰੱਖਿਆ ਸੀ?"

"ਕਿਉਂ ਬੇਟਾ! ਏਨਾ ਪਿਆਰਾ ਤਾਂ ਨਾਂ ਐ ਤੇਰਾ?" ਦਾਦੀ ਮਾਂ ਨੇ ਵਿੱਚਲੀ ਗੱਲ ਜਾਣਦਿਆਂ ਹੋਇਆਂ ਵੀ ਜਾਣ ਬੁੱਝ ਕੇ ਮੋੜਵਾਂ ਸਵਾਲ ਕੀਤਾ।

"ਦਾਦੀ ਮਾਂ ਬੱਚੇ ਮੈਨੂੰ ਮੰਗੂ-ਮੰਗੂ ਤੇ ਮੰਗਤਾ ਕਹਿ ਕੇ ਚਿੜਾਉਂਦੇ ਨੇ, ਇਸ ਲਈ ਮੈਂ ਕੱਲ੍ਹ ਤੋਂ ਸਕੂਲ ਨਹੀਂ ਜਾਵਾਂਗਾ।" ਦਾਦੀ ਜੀ ਨੇ ਪਿਆਰ ਨਾਲ ਉਸਦੇ ਮੱਥੇ ਨੂੰ ਚੁੰਮਦਿਆਂ ਅਤੇ ਆਪਣੀ ਚੁੰਨੀ ਨਾਲ ਉਸਦੀਆਂ ਅੱਖਾਂ ਪੂੰਝਦਿਆਂ ਕਿਹਾ, "ਕੁਝ ਨਲਾਇਕ ਬੱਚਿਆਂ ਦੀਆਂ ਕਰਤੂਤਾਂ ਕਾਰਨ, ਤੂੰ ਪੜ੍ਹਨਾ ਛੱਡ ਦੇਵੇਂਗਾ?"

"ਪਰ ਦਾਦੀ ਮਾਂ..." ਮੰਗਲ ਨੇ ਕੁਝ ਕਹਿਣਾ ਚਾਹਿਆ ਪਰ ਦਾਦੀ ਜੀ ਨੇ ਉਸ ਨੂੰ ਰੋਕ ਕੇ ਕਿਹਾ, "ਅੱਛਾ! ਮੈਂ ਤੈਨੂੰ ਇੱਕ ਕਹਾਣੀ ਸੁਣਾਉਂਦੀ ਹਾਂ, ਕਹਾਣੀ ਸੁਣ ਕੇ ਤੂੰ ਫ਼ੈਸਲਾ ਕਰੀਂ ਕਿ ਸਕੂਲ ਜਾਣਾ ਹੈ ਜਾਂ ਨਹੀਂ।"

"ਇਕ ਵਾਰ ਇੱਕ ਰਾਜਾ ਸੀ। ਉਸਦਾ ਨਾਂ ਚੱਪਣ ਸ਼ਾਹ ਸੀ। ਉਸ ਦੀ ਇਕ ਰਾਣੀ ਸੀ ਜਿਸ ਨਾਲ ਕੁਝ ਮਹੀਨੇ ਪਹਿਲਾਂ ਉਸ ਦਾ ਵਿਆਹ ਹੋਇਆ ਸੀ। ਇੱਕ ਦਿਨ ਰਾਣੀ ਰਾਜੇ ਨੂੰ ਕਹਿਣ ਲੱਗੀ ਕਿ- 'ਤੁਸੀਂ ਆਪਣਾ ਨਾਂ ਬਦਲ ਲਵੋ, ਮੈਨੂੰ ਤੁਹਾਡਾ ਨਾਂ ਪਸੰਦ ਨਹੀਂ।' ਰਾਜੇ ਨੇ ਉਸਨੂੰ ਸਮਝਾਉਣਾ ਚਾਹਿਆ ਕਿ 'ਕੋਈ ਵੀ ਨਾਂ ਚੰਗਾ-ਮਾੜਾ ਨਹੀਂ ਹੁੰਦਾ, ਬੰਦੇ ਦੇ ਕੰਮ ਮਾੜੇ ਨਹੀਂ ਹੋਣੇ ਚਾਹੀਦੇ। ਤੈਨੂੰ ਇਥੇ ਕਿਸੇ ਚੀਜ਼ ਦੀ ਕਮੀ ਨਹੀਂ। ਵੇਖ, ਵਧੀਆ ਅਤੇ ਸੋਹਣੇ ਨਾਵਾਂ ਵਾਲੇ ਤੈਨੂੰ ਸਲਾਮਾਂ ਕਰਦੇ ਹਨ।' ਰਾਣੀ ਆਪਣੀ ਗੱਲ 'ਤੇ ਅੜੀ ਰਹੀ...ਕਹਿੰਦੀ, 'ਜੇ ਤੁਸੀਂ ਆਪਣਾ ਨਾਂ ਨਹੀਂ ਬਦਲਦੇ ਤਾਂ ਮੈਂ ਹੀ ਮਹੱਲ ਛੱਡ ਕੇ ਚਲੀ ਜਾਂਦੀ ਹਾਂ'...ਉਹ ਪੈਦਲ ਘਰੋਂ ਚੱਲ ਪਈ। ਉਹ ਅਜੇ ਥੋੜ੍ਹੀ ਦੂਰ ਹੀ ਗਈ ਸੀ ਕਿ ਕੁਝ ਲੋਕ ਅਰਥੀ ਲੈ ਕੇ ਜਾਂਦੇ ਉਸਦੇ ਨਜ਼ਰੀਂ ਪਏ। ਪਿਛੇ ਜਾ ਰਹੀਆਂ ਔਰਤਾਂ ਵਿਚੋਂ ਇਕ ਨਵੀਂ ਵਿਆਹੀ, ਬੁਰੀ ਤਰਾਂ ਵਿਰਲਾਪ ਕਰ ਰਹੀ ਸੀ। ਰਾਣੀ ਨੇ ਇੱਕ ਔਰਤ ਨੂੰ ਪੁੱਛਿਆ ਕਿ ਕਿਸਦੀ ਮੌਤ ਹੋਈ ਹੈ, ਅਤੇ ਇਹ ਨਵ-ਵਿਆਹੀ ਕੌਣ ਹੈ? ਉਸ ਔਰਤ ਨੇ ਦੱਸਿਆ ਕਿ ਮਰਨ ਵਾਲੇ ਦਾ ਨਾਂ ਅਮਰ ਸਿੰਘ ਸੀ, ਜਿਸਦਾ ਕੁਝ ਮਹੀਨੇ ਪਹਿਲਾਂ ਵਿਆਹ ਹੋਇਆ ਸੀ ਅਤੇ ਇਹ ਨਵ-ਵਿਆਹੀ ਉਸਦੀ ਘਰਵਾਲੀ ਹੈ। ਰਾਣੀ ਕੁਝ ਦੁਖੀ ਮਨ ਨਾਲ ਅੱਗੇ ਚੱਲ ਪੈਂਦੀ ਹੈ। ਅੱਗੇ ਸੜਕ ਕਿਨਾਰੇ ਇੱਕ ਔਰਤ ਤਨ ਦੇ ਫਟੇ ਕੱਪੜਿਆਂ ਵਿੱਚ ਧੁੱਪੇ ਰੋੜੀ ਕੁੱਟ ਰਹੀ ਸੀ ਅਤੇ ਉਸਦਾ ਛੋਟਾ ਜਿਹਾ ਬੱਚਾ ਕੁਝ ਦੂਰੀ 'ਤੇ ਇੱਕ ਦਰੱਖਤ ਦੀ ਛਾਂ ਹੇਠਾਂ ਰੋ ਰਿਹਾ ਸੀ। ਰਾਣੀ ਉਸ ਔਰਤ ਕੋਲ ਜਾ ਕੇ ਉਸਦਾ ਨਾਂ ਪੁੱਛਦੀ ਹੈ ਅਤੇ ਏਨੀ ਧੁੱਪ ਵਿੱਚ ਰੋੜੀ ਕੁੱਟਣ ਦਾ ਕਾਰਨ ਪੁੱਛਦੀ ਹੈ, ਤਾਂ ਉਹ ਔਰਤ ਉੱਤਰ ਦਿੰਦੀ ਹੈ, 'ਮੇਰਾ ਨਾਂ ਲੱਛਮੀ (ਧਨ ਦੀ ਦੇਵੀ ਦਾ ਨਾਂ) ਹੈ, ਮੇਰੇ ਘਰਵਾਲੇ ਦੀ ਮੌਤ ਹੋ ਚੁੱਕੀ ਹੈ- ਅਗਰ ਕੰਮ ਨਹੀਂ ਕਰਾਂਗੀ ਤਾਂ ਦੋ ਵਕਤ ਦੀ ਰੋਟੀ ਕਿਵੇਂ ਜੁੜੇਗੀ'। ਰਾਣੀ ਨਾ ਚਾਹੁੰਦੇ ਹੋਏ ਵੀ ਅੱਗੇ ਚੱਲ ਪੈਂਦੀ ਹੈ। ਅੱਗੇ ਜਾ ਕੇ ਉਸਨੂੰ ਧਨਪਤ ਨਾਂ ਦਾ ਬੁੱਢਾ ਆਦਮੀ ਘਾਹ ਖੋਤਦਾ ਮਿਲਦਾ ਹੈ। ਉਸਦਾ ਨਾਂ ਅਤੇ ਉਸਦੀ ਮਜਬੂਰੀ ਸੁਣ, ਰਾਣੀ ਵਾਪਸ ਮਹੱਲ ਨੂੰ ਚੱਲ ਪੈਂਦੀ ਹੈ। ਘਰ ਆ ਕੇ ਉਹ ਰਾਜੇ ਤੋਂ ਮਾਫ਼ੀ ਮੰਗਦਿਆਂ ਕਹਿੰਦੀ ਹੈ,

'ਰੋੜੀ ਕੁੱਟੇ ਲੱਛਮੀ,
ਧਨਪਤ ਖੋਤੇ ਘਾਹ;
ਅਮਰ ਸਿੰਘ ਵੀ ਮਰ ਗਿਆ,
ਮੇਰਾ ਜੀਵੇ ਚੱਪਣ ਸ਼ਾਹ'।

ਬੇਟਾ, ਹੁਣ ਤੂੰ ਫ਼ੈਸਲਾ ਕਰਨਾ ਹੈ ਕਿ..."

"ਦਾਦੀ ਮਾਂ ਮੈਂ ਕੱਲ੍ਹ ਨੂੰ ਸਕੂਲ ਜ਼ਰੂਰ ਜਾਵਾਂਗਾ ਅਤੇ ਪਹਿਲਾਂ ਨਾਲੋਂ ਵੀ ਜ਼ਿਆਦਾ ਮਿਹਨਤ ਨਾਲ ਪੜ੍ਹ ਕੇ ਵੱਡਾ ਅਫ਼ਸਰ ਬਣਾਂਗਾ," ਮੰਗਲ ਦਾਦੀ ਜੀ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਬੋਲ ਪਿਆ ਅਤੇ ਕਾਹਲੀ ਨਾਲ, ਸਕੂਲ ਦਾ ਕੰਮ ਕਰਨ ਲਈ, ਆਪਣਾ ਬਸਤਾ ਚੁੱਕਣ ਚਲਾ ਗਿਆ।

ਰਾਵਿੰਦਰ ਫਫੜੇ
9815680980

ਬੁੱਢੇ ਦਾ ਭੂਤ

ਰਾਬਿੰਦਰਨਾਥ ਟੈਗੋਰ

ਜਦੋਂ ਵਡੇਰੀ ਉਮਰ ਵਾਲਾ ਆਪ-ਹੁਦਰਾ ਆਗੂ ਮਰਨ ਕਿਨਾਰੇ ਸੀ ਤਾਂ ਦੇਸ਼ ਦੇ ਸਾਰੇ ਲੋਕਾਂ ਨੇ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ: "ਹੇ ਮਾਲਿਕ! ਜਦੋਂ ਤੁਸੀਂ ਇਸ ਜਹਾਨ ਤੋਂ ਚਲੇ ਗਏ ਤਾਂ ਸਾਡਾ ਕੀ ਬਣੇਗਾ?" ਇਹ ਗੱਲ ਸੁਣ ਕੇ ਮਰਨ ਵਾਲੇ ਦੇ ਦਿਲ ਨੂੰ ਬਹੁਤ ਧੱਕਾ ਲੱਗਾ। ਉਹ ਸੋਚਦਾ ਸੀ: "ਜਦੋਂ ਮੈਂ ਇਹਨਾਂ ਲੋਕਾਂ ਤੋਂ ਵਿਛੜ ਜਾਵਾਂਗਾ ਤਾਂ ਇਹਨਾਂ ਨੂੰ ਚੁੱਪ ਕੌਣ ਕਰਾਏਗਾ ਤੇ ਇਹਨਾਂ ਨੂੰ ਚੰਗੇ ਰਾਹ ਉੱਤੇ ਕੌਣ ਤੇਰੀ ਰੱਖੇਗਾ?"

ਮੌਤ ਤਾਂ ਟਲ ਨਹੀਂ ਸਕਦੀ ਭਾਵੇਂ ਲੱਖ ਜਤਨ ਕੀਤੇ ਜਾਣ। ਪਰ ਲੋਕਾਂ ਦੀਆਂ ਬੇਨਤੀਆਂ ਤੇ ਪ੍ਰਾਰਥਨਾਵਾਂ ਸੁਣ ਕੇ ਦੇਵਤਿਆਂ ਨੂੰ ਤਰਸ ਆ ਗਿਆ ਤੇ ਉਹ ਕਹਿਣ ਲੱਗੇ: "ਫ਼ਿਕਰ ਵਾਲੀ ਕਿਹੜੀ ਗੱਲ ਹੈ? ਇਹ ਬੁੱਢਾ ਮਰੇਗਾ ਤਾਂ ਜ਼ਰੂਰ, ਪਰ ਅਸੀਂ ਤੁਹਾਡੀਆਂ ਪ੍ਰਾਰਥਨਾਵਾਂ ਨੂੰ ਮੰਨ ਕੇ ਇਹਨੂੰ ਭੂਤ ਬਣਾ ਕੇ ਤੁਹਾਡੇ ਦੇਸ਼ ਵਿਚ ਹੀ ਰਹਿਣ ਦੇਵਾਂਗੇ। ਇਹ ਭੂਤ ਤੁਹਾਡੇ ਮੋਢਿਆਂ ਉੱਤੇ ਸਵਾਰ ਹੋ ਕੇ ਸਦਾ ਤੁਹਾਡੇ ਅੰਗ ਸੰਗ ਰਿਹਾ ਕਰੇਗਾ, ਤੇ ਤੁਹਾਡੇ ਕੰਮ ਚਲਾਉਣ ਵਿਚ ਤੁਹਾਡੀ ਅਗਵਾਈ ਕਰਦਾ ਰਹੇਗਾ। ਆਦਮੀ ਨੂੰ ਤਾਂ ਜ਼ਰੂਰ ਮਰਨਾ ਹੁੰਦਾ ਹੈ ਪਰ ਭੂਤ ਕਦੇ ਨਹੀਂ ਮਰਦਾ।"

ਸਾਰੀ ਕੌਮ ਨੇ ਸੁੱਖ ਦਾ ਸਾਹ ਲਿਆ ਤੇ ਉਹਨਾਂ ਦੇ ਮਨ ਨੂੰ ਸ਼ਾਂਤੀ ਆਈ। ਹਾਂ, ਇਹ ਗੱਲ ਜ਼ਰੂਰ ਹੈ ਕਿ ਜਦੋਂ ਤੁਸੀਂ ਭਵਿੱਖ/ਭਲਕ ਬਾਰੇ ਸੋਚਣ ਲੱਗ ਜਾਓ ਤਾਂ ਤੁਹਾਡੇ ਫ਼ਿਕਰਾਂ ਦਾ ਕੋਈ ਹੱਦ ਬੰਨਾ ਨਜ਼ਰੀਂ ਨਹੀਂ ਪੈਂਦਾ। ਪਰ ਜਦੋਂ ਤੁਸੀਂ ਭੂਤ ਕਾਲ (ਬੀਤੇ-ਸੰ.) ਉੱਤੇ ਨਜ਼ਰਾਂ ਗੱਡ ਲਵੋ ਤਾਂ ਤੁਹਾਡੇ ਮਨ ਤੋਂ ਚਿੰਤਾਵਾਂ ਦਾ ਭਾਰ ਲੱਥਾ ਰਹਿੰਦਾ ਹੈ ਤੇ ਤੁਹਾਡੀਆਂ ਸਾਰੀਆਂ ਚਿੰਤਾਵਾਂ ਤੇ ਜ਼ਿੰਮੇਵਾਰੀਆਂ ਭੂਤ ਕਾਲ (ਬੀਤੇ) ਦੇ ਸਿਰ ਉੱਤੇ ਸਵਾਰ ਹੋਈਆਂ ਰਹਿੰਦੀਆਂ ਹਨ, ਜਿਹੜਾ ਭੂਤ ਵਾਂਗਰ ਵਰਤਮਾਨ ਵਿਚ ਵਸ ਰਿਹਾ ਹੋਵੇਗਾ। ਭੂਤ ਦਾ ਤਾਂ ਕੋਈ ਸਿਰ ਹੁੰਦਾ ਹੀ ਨਹੀਂ, ਇਸ ਕਰਕੇ ਭੂਤ ਨੂੰ ਸਿਰਦਰਦਾਂ ਨਹੀਂ ਸਤਾਉਂਦੀਆਂ ਤੇ ਨਾ ਉਹ ਕਿਸੇ ਹੋਰ ਖ਼ਾਤਰ ਇਹ ਦਰਦ ਸਹੇੜਦਾ ਹੀ ਹੈ।

ਫਿਰ ਵੀ ਕਈਆਂ ਨੇ ਭੈੜੀ ਆਦਤ ਅਨੁਸਾਰ, ਭੂਤ-ਕਾਲ ਬਾਰੇ ਵਿਚਾਰ ਕਰ ਕੇ ਉਸ ਤੋਂ ਰਹਿਨੁਮਾਈ ਲੈਣ ਦੀ ਬਜਾਏ ਆਪਣੇ ਭਵਿੱਖ ਬਾਰੇ ਆਪ ਸੋਚਣ ਦੀ ਦਲੇਰੀ ਕਰ ਹੀ ਲਈ। ਇਹ ਤਕ ਕੇ ਭੂਤ ਨੇ ਉਹਨਾਂ ਦੇ ਖ਼ੂਬ ਕੰਨ ਖਿੱਚੇ ਤੇ ਕਈਆਂ ਦੇ ਕੰਨਾਂ ਉੱਤੇ ਚਪੇੜਾਂ ਮਾਰ ਮਾਰ ਕੇ ਲਾਲੀ ਚਾੜ੍ਹ ਦਿੱਤੀ।

ਹਾਂ, ਭੂਤਾਂ ਦੀਆਂ ਇਹਨਾਂ ਚਪੇੜਾਂ ਤੋਂ ਤੁਸੀਂ ਕਦੇ ਛੁਟਕਾਰਾ ਨਹੀਂ ਪਾ ਸਕਦੇ। ਇਹਨਾਂ ਚਪੇੜਾਂ ਤੋਂ ਬਚਣਾ ਇੱਕ ਅਸੰਭਵ ਗੱਲ ਹੈ। ਭੂਤਾਂ ਦੇ ਇੱਸ ਕਰਤਵ/ਕਾਰੇ ਵਿਰੁੱਧ ਨਾ ਕਿਧਰੇ ਸੁਣਵਾਈ ਤੇ ਨਾ ਕੋਈ ਫ਼ੈਸਲਾ ਕੀਤਾ ਜਾ ਸਕਦਾ ਹੈ। ਸਗੋਂ ਭੂਤ ਦੇ ਪਿੰਜਰ ਦੀਆਂ ਉਂਗਲਾਂ ਤੁਹਾਡੇ ਸਰੀਰ ਉੱਤੇ ਕੋਈ ਨਾ ਕੋਈ ਦਾਗ਼ ਪਾਈ ਹੀ ਰਖਦੀਆਂ ਹਨ।

ਹੁਣ ਸਾਰੀ ਕੌਮ 'ਤੇ ਭੂਤ ਸਵਾਰ ਸੀ। ਉਹ ਆਪਣੀਆਂ ਅੱਖਾਂ ਬੰਦ ਕਰ ਕੇ ਮਨ ਦੀਆਂ ਮਨ ਵਿਚ ਰਖ ਕੇ, ਭੂਤ ਦੀ ਆਗਿਆ ਅਨੁਸਾਰ ਤੁਰੇ ਜਾ ਰਹੇ ਸਨ। ਉਹਨਾਂ ਵਿਚੋਂ ਆਪਣੇ ਆਪ ਨੂੰ ਸਿਆਣੇ ਸਮਝਣ ਵਾਲੇ ਆਖਦੇ ਸਨ:

"ਧਰਤੀ ਮਾਤਾ ਦੇ ਵਾਸੀਆਂ ਦਾ ਇਹ ਜੁਗਾਂ-ਜੁਗਾਂਤਰਾਂ ਤੋਂ ਪ੍ਰਚੱਲਤ ਵਿਸ਼ਵਾਸ ਹੈ ਕਿ ਜੇ ਸੁੱਖ ਚਾਹੁੰਦੇ ਹੋ ਤਾਂ ਅੱਖਾਂ ਮੀਟ ਕੇ ਤੁਰੋ, ਭਾਵੇਂ ਦੁਨੀਆ ਇਹਨੂੰ ਅੰਧ-ਵਿਸ਼ਵਾਸ ਹੀ ਕਿਉਂ ਨਾ ਆਖੇ। ਪਰ ਏਦਾਂ ਹੀ ਦੁਨੀਆਂ ਵਿਚ ਪਹਿਲਾਂ ਪੈਦਾ ਹੋਣ ਵਾਲਾ ਜੀਵ- ਅਮੀਬਾ- ਅੱਖਾਂ ਤੋਂ ਬਿਨਾ ਹੀ ਤੁਰਦਾ ਫਿਰਦਾ ਸੀ। ਅਜੇ ਵੀ ਘਾਹ, ਬ੍ਰਿਛ ਸੁਖ ਮਾਨਣ ਲਈ ਅੱਖਾਂ ਮੀਟੀਆਂ ਹੀ ਰੱਖਦੇ ਹਨ।"

ਫ਼ਿਲਾਸਫ਼ਰਾਂ ਦੀਆਂ ਅਜਿਹੀਆਂ ਗੱਲਾਂ ਸੁਣ ਕੇ ਭਰੋਸਾ ਜਿਉਂ ਦਾ ਤਿਉਂ ਬਣਿਆ ਰਹਿੰਦਾ। ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਭੂਤਾਂ ਨਾਲ ਸਵਾਰ ਹੋਈ ਕੌਮ ਆਪਣੀ ਪ੍ਰਾਚੀਨ ਅਮੀਰੀ 'ਤੇ ਮਾਣ ਕਰਦੀ। ਖ਼ੁਸ਼ੀਆਂ ਵਿਚ ਫੁੱਲੀ ਨਾ ਸਮਾਉਂਦੀ ਕਿ ਆਪਣੇ ਵਡ-ਵਡੇਰਿਆਂ ਦੇ ਪਾਏ ਪੂਰਨਿਆਂ ਉਤੇ ਚਲ ਰਹੀ ਹੈ ਤੇ ਉਹ ਉਹੀਓ ਕੁਝ ਕਰ ਰਹੀ ਹੈ ਜੋ ਕੁਝ ਦੁਨੀਆਂ ਦੇ ਪਹਿਲੇ ਅੰਨ੍ਹੇ ਜੀਵ ਅਮੀਬਾ ਨੇ ਕੀਤਾ ਸੀ।

ਦੇਸ਼ ਦੇ ਚਾਰ ਚੁਫੇਰੇ, ਜੇਲ੍ਹਖ਼ਾਨੇ ਵਾਂਗ ਬੰਦਸ਼ਾਂ ਦੀਆਂ ਕੰਧਾਂ ਉਸਾਰੀਆਂ ਹੋਈਆਂ ਹਨ, ਭਾਵੇਂ ਇਹ ਕੰਧਾਂ ਨੰਗੀ ਅੱਖ ਨੂੰ ਨਜ਼ਰੀਂ ਨਹੀਂ ਸੀ ਪੈਂਦੀਆਂ। ਭੂਤਾਂ ਦਾ ਮੁਖੀ ਜੇਲ੍ਹਖ਼ਾਨੇ ਦਾ ਦਰੋਗ਼ਾ ਹੈ। ਜੇਲ੍ਹਖ਼ਾਨੇ ਦੀਆਂ ਕੰਧਾਂ ਨਜ਼ਰੀਂ ਨਾ ਪੈਣ ਕਾਰਨ, ਇਸ ਗੱਲ ਦਾ ਅਨੁਮਾਨ ਲਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਜੇਲ੍ਹਖ਼ਾਨੇ ਦੀਆਂ ਕੰਧਾਂ ਪਾੜ ਕੇ ਆਜ਼ਾਦੀ ਕਿਵੇਂ ਪ੍ਰਾਪਤ ਕੀਤੀ ਜਾਵੇ। ਉਥੇ ਹਰੇਕ ਨੂੰ ਕੈਦੀਆਂ ਵਾਂਗ ਰਾਤ ਦਿਨੇ ਕੋਹਲੂ ਗੇੜ ਕੇ ਤੇਲ ਕਢਣਾ ਪੈਂਦਾ ਹੈ। ਇਹ ਮਨੁੱਖਾਂ ਦੀ ਤਾਕਤ ਨਸ਼ਟ ਕਰਨ ਦਾ ਵਸੀਲਾ ਹੁੰਦਾ ਹੈ ਤੇ ਇਸ ਨਾਲ ਉਹਨਾਂ ਦੀ ਬਗ਼ਾਵਤ ਕਰਨ ਦੀ ਸ਼ਕਤੀ ਵੀ ਘਟ ਜਾਂਦੀ

ਟੈਗੋਰ ਵੱਲੋਂ ਬਣਾਈ ਤਸਵੀਰ

ਹੈ। ਪਰ ਭੂਤਾਂ ਦੇ ਰਾਜ ਵਿਚ ਹੋਰ ਭਾਵੇਂ ਕੁਝ ਵੀ ਨਾ ਪ੍ਰਾਪਤ ਹੋਵੇ, ਰੋਟੀ ਨਾ ਮਿਲੇ, ਕਪੜਾ ਨਾ ਮਿਲੇ, ਸਿਹਤ ਖ਼ਰਾਬ ਹੋ ਜਾਵੇ- ਪਰ ਸ਼ਾਂਤੀ ਦੀ ਕੋਈ ਘਾਟ ਨਹੀਂ ਹੁੰਦੀ।

ਇਸ ਤਰ੍ਹਾਂ ਦਿਨ ਲੰਘਦੇ ਰਹਿਣੇ ਸਨ ਤੇ ਕਿਸੇ ਨੇ ਵੀ ਭੂਤਾਂ ਦੇ ਰਾਜ ਬਾਰੇ ਕੋਈ ਸਵਾਲ ਨਹੀਂ ਸੀ ਉਠਾਉਣਾ, ਕਿਉਂਕਿ ਉਹ ਲੋਕ ਸਦਾ ਇਸ ਗੱਲ ਉੱਤੇ ਮਾਣ ਕਰ ਸਕਦੇ ਸਨ ਕਿ ਉਹਨਾਂ ਦਾ ਭਵਿਖ, ਇੱਕ ਪਾਲਤੂ ਲੇਲੇ ਵਾਂਗ, ਇਕ ਭੂਤ ਦੇ ਕਿੱਲੇ ਨਾਲ ਬੱਧਾ ਹੋਇਆ ਸੀ। ਅਜੇਹਾ ਜਾਨਵਰ ਨਾ ਬੋਲ ਸਕਦਾ ਸੀ ਤੇ ਨਾ ਹੀ ਮਿਆਂਕ ਸਕਦਾ ਸੀ। ਇਹ ਗੁੰਗਾ ਬੋਲਾ ਹੋ ਕੇ ਮਿੱਟੀ ਘੱਟੇ ਉਤੇ ਲੇਟਦਾ ਲੇਟਦਾ ਮਿੱਟੀ ਵਰਗਾ ਹੀ ਨਕਾਰਾ ਤੇ ਨਿਕੰਮਾ ਹੋ ਜਾਂਦਾ ਸੀ।

ਪਰ ਹੁਣ ਕੁਝ ਔਖਿਆਈ ਵਾਲਾ ਵਾਤਾਵਰਨ ਹੋ ਗਿਆ ਸੀ। ਧਰਤੀ ਦੇ ਹੋਰ ਕਿਸੇ ਦੇਸ਼ ਵਿਚ ਭੂਤਾਂ ਦਾ ਰਾਜ ਨਾ ਹੋਣ ਕਰਕੇ, ਉਥੇ ਦੇ ਲੋਕ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰਨ ਲਗੇ। ਉਥੇ ਉਹ ਕੌਮਾਂ ਵਸਦੀਆਂ ਸਨ ਜਿਨ੍ਹਾਂ ਨੇ ਭੂਤ ਦੀ ਪਿਆਸ ਬੁਝਾਉਣ ਲਈ ਲਹੂ ਦਾ ਇਕ ਟੇਪਾ ਵੀ ਦੇਣੋਂ ਨਾਂਹ ਕਰ ਦਿਤੀ ਸੀ। ਉਹਨਾਂ ਦੀ ਸ਼ਕਤੀ ਉਹਨਾਂ ਦੇ ਵਿਚ ਸੀ ਤੇ ਉਹ ਖ਼ੂਬ ਰਿਸ਼ਟ ਪੁਸ਼ਟ ਸਨ ਤੇ ਖ਼ੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਸਨ।

ਸਿਆਣਿਆਂ ਨੇ ਭੂਤ ਕਾਲ ਦੀਆਂ ਪੁਸਤਕਾਂ ਘੋਖ ਕੇ ਤੇ ਇਕ ਆਵਾਜ਼ ਹੋ ਕੇ ਨਾਹਰਾ ਲਾਇਆ, "ਦੋਸ਼ ਸਾਡਾ ਨਹੀਂ, ਨਾ ਹੀ ਸਾਡੇ ਉੱਤੇ ਰਾਜ ਕਰਨ ਵਾਲੇ ਭੂਤ ਦਾ। ਇਸ ਸਾਡੀ ਦਸ਼ਾ ਦੇ ਅਸਲ ਦੋਸ਼ੀ ਸਾਡੀਆਂ ਔਕੜਾਂ ਤੇ ਔਖਿਆਈਆਂ ਹਨ। ਉਹਨਾਂ ਨੂੰ ਕੀ ਹੱਕ ਹੈ ਕਿ ਉਹ ਸਾਡੇ ਉਤੇ ਆ ਕੇ ਆਪਣਾ ਵਾਰ ਕਰਨ?"

ਸਾਰੀ ਕੌਮ ਨੇ ਇਹ ਗੱਲ ਗਹੁ ਨਾਲ ਸੁਣੀ ਤੇ ਉਹਨਾਂ ਦੇ ਦਿਲ ਦੀ ਢਾਰਸ ਬੱਝ ਗਈ।

ਦੋਸ਼ ਭਾਵੇਂ ਕਿਸੇ ਦੇ ਸਿਰ ਵੀ ਥੱਪਿਆ ਗਿਆ, ਪਰ ਨਵੀਆਂ ਨਵੀਆਂ ਔਕੜਾਂ ਨੂੰ ਕੋਈ ਗੱਲ ਵੀ ਨਾ ਰੋਕ ਸਕੀ। ਥੋੜ੍ਹੇ ਸਮੇਂ ਵਿਚ ਹੀ ਸਮੁੰਦਰਾਂ ਤੋਂ ਪਾਰ ਵਸਣ ਵਾਲੇ ਲੋਕ ਏਸ ਦੇਸ਼ ਉਤੇ ਭੁੱਖੀਆਂ ਗਿਰਝਾਂ ਵਾਂਗ ਟੁਟ ਪਏ ਤੇ ਪੱਕੀਆਂ ਫ਼ਸਲਾਂ ਲੁਟ ਕੇ ਲੈ ਗਏ ਤੇ ਖੇਤਾਂ ਨੂੰ ਬਰਬਾਦ ਕਰ ਗਏ। ਉਹ ਅਮਲੀ ਕੰਮ ਕਰਨ ਵਾਲੇ ਆਦਮੀ ਸਨ ਜਿਨ੍ਹਾਂ ਨੇ ਆਪਣੀ ਤਾਕਤ ਸਾਂਭੀ ਹੋਈ ਸੀ ਤੇ ਉਹ ਭਵਿਖ ਉਤੇ ਵੀ ਧਿਆਨ ਮਾਰ ਸਕਦੇ ਸਨ। ਪਰ ਭੂਤਾਂ ਨਾਲ ਸਵਾਰ ਹੋਈ ਕੌਮ ਦੇ ਲੋਕਾਂ ਨੇ ਇਸ ਗਲ ਨੂੰ ਰਤਾ ਵੀ ਨਾ ਗੌਲਿਆ ਤੇ ਉਹ ਬਿਗਾਨਿਆਂ ਦੇ ਲੰਘਣ ਵਾਲੇ ਰਾਹਾਂ ਤੋਂ ਵੀ ਪਰੇਰੇ ਰਹਿੰਦੇ ਸਨ ਕਿ ਕਿਤੇ ਭਿੱਟੇ ਹੀ ਨਾ ਜਾਣ! ਸਿਆਣਿਆਂ ਨੇ ਫੇਰ ਭੂਤ ਕਾਲ ਦੀਆਂ ਮੁਤਬਰਕ ਪੁਸਤਕਾਂ ਖੋਲ੍ਹੀਆਂ ਤੇ ਇਹ ਵਾਕ ਉਚਾਰਨ ਲਗੇ, "ਉਹ ਧੰਨ ਹਨ ਜਿਹੜੇ ਇਸ ਦੁਨੀਆਂ ਦੇ ਧੰਦਿਆਂ ਵਲ ਧਿਆਨ ਨਹੀਂ ਕਰਦੇ।"

ਲੋਕਾਂ ਨੇ ਇਹ ਗੱਲ ਪੱਲੇ ਬੰਨ੍ਹ ਲਈ ਤੇ ਉਹ ਖ਼ੁਸ਼ੀ ਨਾਲ ਨੱਚਣ ਲੱਗੇ। ਪਰ ਇਸ ਨਾਲ ਲੋਕਾਂ ਦੀ ਉਹ ਮੁਸ਼ਕਲ ਹਲ ਨਾ ਹੋਈ ਜਿਹੜੀ ਉਹਨਾਂ ਦੇ ਦਿਲਾਂ ਨੂੰ ਖਾ ਰਹੀ ਸੀ: "ਉਹਨਾਂ ਖੇਤਾਂ ਦਾ ਮਾਮਲਾ ਕਿਵੇਂ ਤਾਰੀਏ ਜਿਨ੍ਹਾਂ ਦੇ ਸਿੱਟੇ ਬਿਗਾਨੇ ਲਾਹ ਕੇ ਲੈ ਗਏ ਹਨ?" ਮੁਰਦਿਆਂ ਦੀਆਂ ਕਬਰਾਂ ਵਿਚੋਂ ਤਰਥੱਲੀ ਮਚਾਉਣ ਵਾਲੀ ਆਵਾਜ਼ ਗੂੰਜੀ ਤੇ ਉਹਨਾਂ ਮੁਰਦਿਆਂ ਵਾਲਾ ਹਾਸਾ ਹੱਸ ਕੇ ਦੇਸ਼ ਉਤੇ ਆਈ ਭੀੜ ਨੂੰ ਟਾਲਣ ਦਾ ਹਲ ਦਸਿਆ: "ਮਾਮਲੇ ਭਰੋ! ਟੈਕਸ ਭਰੋ! ਭਾਵੇਂ ਆਪਣੀ ਇਜ਼ਤ ਤੇ ਆਬਰੂ ਵੇਚੋ! ਭਾਵੇਂ ਆਪਣੇ ਦਿਲ ਦਾ ਲਹੂ ਦੇ ਕੇ ਤੇ ਭਾਵੇਂ ਆਪਣੀ ਜ਼ਮੀਰ ਵੇਚ ਕੇ, ਪਰ ਮਾਮਲੇ ਤੇ ਟੈਕਸ ਤਾਰੋ ਜ਼ਰੂਰ!"

ਮਨ ਵਿਚ ਜਦੋਂ ਸਵਾਲ ਉਠਦੇ ਹਨ ਤਾਂ ਇਕਾ-ਦੁਕਾ ਨਹੀਂ ਉੱਠਦੇ, ਉਹ ਡਾਰਾਂ ਬੰਨ੍ਹ ਕੇ ਉਠਦੇ ਹਨ। ਹੁਣ ਇਕ ਹੋਰ ਸਵਾਲ ਪੈਦਾ ਹੋ ਗਿਆ ਸੀ: "ਕੀ ਭੂਤ ਦਾ ਰਾਜ ਸਦਾ ਹੀ ਰਹੇਗਾ?" ਦਾਦੇ ਦਾਦੀਆਂ ਇਹ ਗੱਲ ਸੁਣ ਕੇ ਕੰਬ ਉਠੇ: "ਅਜੇਹਾ ਸਵਾਲ ਸਾਡੀ ਸਾਰੀ ਜ਼ਿੰਦਗੀ ਵਿਚ ਕਦੇ ਪੈਦਾ ਹੀ ਨਹੀਂ ਸੀ ਹੋਇਆ। ਹੁਣ ਇਸ ਦੀ ਕੀ ਲੋੜ ਹੈ? ਵਰਤਮਾਨ ਨਜ਼ਾਮ ਨੂੰ ਬਦਲਣ ਬਾਰੇ ਸੋਚਣਾ ਹੀ ਗੁਨਾਹ ਹੈ।"

ਪਰ ਇਹ ਜਵਾਬ ਨੌਜਵਾਨਾਂ ਦੀ ਤਸੱਲੀ ਨਹੀਂ ਸੀ ਕਰਾਂਦਾ। ਉਹ ਕੁਝ ਕੁ ਗ਼ੁਸਤਾਖ਼ ਹੋ ਕੇ ਕਹਿਣ ਲੱਗੇ: "ਭਾਵੇਂ ਸਿਰ ਦੀ ਬਾਜ਼ੀ ਲਾਉਣੀ ਪਵੇ ਪਰ ਅਸੀਂ ਭੂਤ ਦੇ ਰਾਜ ਤੋਂ ਛੁਟਕਾਰਾ ਪਾ ਕੇ ਹੀ ਰਹਾਂਗੇ।" ਭੂਤ ਦੇ ਅਫ਼ਸਰਾਂ ਨੇ ਇਸ ਨਾਹਰੇ ਦੀ ਪਰਵਾਹ ਨਾ ਕੀਤੀ ਤੇ ਉਹਨਾਂ ਘਿਰਣਾ ਭਰਿਆ ਹਾਸਾ ਹਸ ਕੇ ਆਖਿਆ, "ਹੰਭਲਾ ਮਾਰ ਵੇਖੋ। ਤੇ ਚਾਰਾ ਕਰ ਕੇ ਵੇਖ ਲਵੋ ਜੇ ਤੁਸੀਂ ਅਦਿਖ ਕੰਧਾਂ ਨੂੰ ਤੋੜ ਸਕੋ!" ਸਚਾਈ ਇਹ ਹੈ ਕਿ ਭੂਤ ਕਾਲ ਨਾ ਹੀ ਕਦੀ ਮਰਿਆ ਸੀ ਤੇ ਨਾ ਹੀ ਜ਼ਿੰਦਾ ਸੀ – ਉਹਨੇ ਭੂਤ ਦਾ ਭੇਸ ਧਾਰ ਲਿਆ ਸੀ। ਉਹਨੇ ਨਾ ਹੀ ਕਦੇ ਦੇਸ਼ ਨੂੰ ਹਲੂਣਿਆ ਸੀ ਤੇ ਨਾ ਹੀ ਉਹਨੇ ਦੇਸ਼ ਨੂੰ ਅਗੇ ਵਧਣ ਦਿਤਾ ਸੀ।

ਮਨੁੱਖਾਂ ਨੇ ਰਾਜ-ਧਰੋਹੀ ਹੋਣ ਦੇ ਡਰੋਂ, ਦਿਨ ਸਮੇਂ ਕਦੇ ਉਘੜ ਕੇ ਗੱਲ ਨਹੀਂ ਸੀ ਕੀਤੀ। ਪਰ ਇਕ ਦੋਂਹ ਨੇ ਹੀਆ ਕਰ ਹੀ ਲਿਆ ਤੇ ਉਹਨਾਂ ਨੇ ਰਾਤ ਨੂੰ ਭੂਤ ਕੋਲ ਵਾਸਤਾ ਪਾ ਕੇ ਆਖਿਆ, "ਹੇ ਮਾਲਿਕ! ਕੀ ਹੁਣ ਤੁਹਾਡੇ ਜਾਣ ਦਾ ਸਮਾਂ ਨਹੀਂ ਆ ਗਿਆ?"

ਭੂਤ ਖਿੜਖਿੜਾ ਕੇ ਹੱਸਿਆ ਤੇ ਕਹਿਣ ਲਗਾ, " ਹੇ ਭੋਲੇ ਲੋਕੋ! ਜਿੰਨਾ ਚਿਰ ਤੁਸੀਂ ਆਗਿਆ ਨਾ ਦਿਓ, ਮੈਂ ਤੁਹਾਨੂੰ ਛਡ ਕੇ ਕਿਵੇਂ ਜਾ ਸਕਦਾ ਹਾਂ?"

ਲੋਕਾਂ ਨੇ ਇਕ ਆਵਾਜ਼ ਹੋ ਕੇ ਪੁਕਾਰ ਕੀਤੀ, "ਪਰ, ਸਾਡੇ ਸਵਾਮੀ! ਸਾਡੇ ਵਿਚੋਂ ਬਹੁਤਿਆਂ ਦੇ ਦਿਲ ਤਾਂ ਇਹ ਗੱਲ ਸੁਣ ਕੇ ਹੀ ਕੰਬ ਜਾਂਦੇ ਹਨ ਕਿ ਤੁਸੀਂ ਚਲੇ ਜਾਵੋਗੇ!"

ਭੂਤ ਫੇਰ ਹੱਸਿਆ ਤੇ ਕਹਿਣ ਲਗਾ, "ਤੁਹਾਡਾ ਡਰ ਹੀ ਮੇਰੇ ਰਾਜ ਦਾ ਥੰਮ੍ਹ ਹੈ।"

(ਅਨੁ: ਨਵਤੇਜ ਸਿੰਘ (ਪ੍ਰੀਤ ਲੜੀ)

ਔਨਲਾਈਨ: (ਪੰਜਾਬੀ ਕਹਾਣੀਆਂ) (The Old Man's Ghost/ The Master's Ghost) Online.

ਸੀਰੀਆਈ ਕਵੀ ਨਿਜ਼ਾਰ ਕੱਬਾਨੀ ਦੀਆਂ ਕਵਿਤਾਵਾਂ

ਅਨੁਵਾਦ: ਪੂਨਮ ਸਿੰਘ

1.ਸੁਹਾਵਣੇ ਮੌਸਮ ਵਿੱਚ

ਸੁਹਾਵਣੇ ਮੌਸਮ ਵਿਚ
ਸਮੁੰਦਰ ਕੰਢੇ ਪੱਸਰ ਜਾਂਦਾ ਹਾਂ ਮੈਂ
ਤੇ ਤੇਰੇ ਬਾਰੇ ਸੋਚਦਾਂ
ਜੇ ਦੱਸ ਦਿੰਦਾ ਸਮੁੰਦਰ ਨੂੰ
ਜੋ ਅਹਿਸਾਸ ਮੇਰੇ ਤੇਰੇ ਲਈ,
ਉਸ ਛੱਡ ਦੇਣੇ ਸੀ ਆਪਣੇ ਕੰਢੇ
ਆਪਣੀਆਂ ਕੌਡੀਆਂ,
ਆਪਣੀਆਂ ਮੱਛੀਆਂ
ਤੇ ਤੁਰ ਪੈਣਾ ਸੀ ਮੇਰੇ ਮਗਰ ਹੀ।

2. ਸੰਖੇਪ ਪ੍ਰੇਮ ਪੱਤਰ

ਪਿਆਰੀਏ, ਮੈਂ ਬਹੁਤ ਕੁਝ
ਹੈ ਆਖਣਾ
ਕਿੱਥੋਂ ਮੇਰੀ ਜਾਨ ਮੈਂ ਹੋਵਾਂ ਸ਼ੁਰੂ?
ਤੇਰੇ 'ਚ ਜੋ ਵੀ ਹੈ, ਹੈ ਸ਼ਾਨਾਂ ਮੱਤਾ
ਇਹ ਤੂੰ ਹੀ ਹੈਂ
ਜੋ ਮੇਰੇ ਸ਼ਬਦਾਂ ਦੇ ਅਰਥ ਲੱਭ ਲਵੇਂ
ਉਨ੍ਹਾਂ ਦੇ ਰੇਸ਼ਮੀ-ਖੋਲ ਵਿੱਚਾਂ ਦੀ!
ਇਹ ਨੇ ਮੇਰੇ ਗੀਤ ਅਤੇ ਇਹ ਹਾਂ ਮੈਂ
ਇਸ ਨਿੱਕੀ ਪੋਥੀ 'ਚ ਦੋਏ ਹਾਂ ਅਸੀਂ
ਕੱਲ੍ਹ ਜਦੋਂ ਇਸਦੇ ਸਫ਼ੇ ਮੁੜ ਘਿੜ
ਉਥੱਲਾਂਗਾ ਮੈਂ
ਇੱਕ ਦੀਵੇ ਨੂੰ ਖੋਹ ਪਏਗੀ
ਇੱਕ ਸੇਜ ਗੌਵੇਗੀ
ਤਾਂਘ ਤਾਂਘ ਇਸਦੇ ਅੱਖਰ ਹੋ ਜਾਣੇ
ਹਰੇ
ਇਸਦੇ ਰਹਾਓ-ਚਿੰਨ੍ਹ
ਉੱਡਣ ਉੱਡਣ ਹਨ ਕਰਨੇ
ਨਾ ਆਖ: ਕਿਉਂ ਇਸ ਜਵਾਨ ਦੱਸੀ
ਮੇਰੀ ਗੱਲ; ਉਸ ਘੁੰਮਦੇ-ਜਾਂਦੇ ਰਾਹ
ਅਤੇ ਝਰਨੇ
ਬਦਾਮ-ਰੁੱਖ ਤੇ ਟਿਊਲਪ ਫੁੱਲਾਂ ਨਾਲ
ਕਿ ਜਿੱਥੇ ਜਾਵਾਂ ਦੁਨੀਆ ਵਿਚ, ਇਹ,
ਮੈਨੂੰ ਬੋਚ ਬੋਚ ਚੱਲਦੀ
ਮੇਰੇ ਨਾਲ ਨਾਲ?
ਕਿਉਂ ਗੰਵੇ ਉਸ ਇਹ ਗੀਤ?
ਹੁਣ ਨਹੀਂ ਕੋਈ ਵੀ ਤਾਰਾ, ਜੋ
ਮੇਰੀ ਖੁਸ਼ਬੋਅ ਸੰਗ ਨਹੀਂ ਮਹਿਕਿਆ
ਕੱਲ੍ਹ ਲੋਕਾਂ ਮੈਨੂੰ ਉਸਦੀ ਕਵਿਤਾ
ਵਿੱਚੋਂ ਲੈਣਾ ਹੈ ਤੱਕ
ਮੇਰੇ ਮੂੰਹ 'ਚੋਂ ਸ਼ਰਾਬ ਦੀ ਗੰਧ,
ਨਿੱਕੇ-ਨਿੱਕੇ ਕੱਟੇ ਮੇਰੇ ਵਾਲ।
ਪਰਵਾਹ ਨਾ ਕਰ ਲੋਕਾਂ ਨੂੰ ਕਹਿਣ ਦੇ
ਤੂੰ ਹੋਵੇਂਗੀ ਮਹਾਨ
ਸਿਰਫ਼ ਮੇਰੇ ਮਹਾਨ ਪਿਆਰ ਥੀਂ
ਕੀ ਹੁੰਦੀ ਦੁਨੀਆ ਜੇ ਅਸੀਂ ਨਾ ਹੁੰਦੇ
ਤੇਰੀਆਂ ਅੱਖਾਂ ਨਾ ਹੁੰਦੀਆਂ,
ਤਾਂ ਕੀ ਹੁੰਦੀ ਦੁਨੀਆ, ਕਿਹੋ ਜਿਹੀ?

3. ਡ੍ਰਾਇੰਗ ਦਾ ਸਬਕ

ਮੇਰਾ ਪੁੱਤਰ ਰੱਖਦਾ ਮੇਰੇ ਅੱਗੇ
ਆਪਣਾ ਡ੍ਰਾਇੰਗ ਦਾ ਸਾਜ਼ੋ-ਸਮਾਨ
ਤੇ ਆਖਦਾ ਪੰਛੀ ਬਨਾਉਣ ਲਈ
ਬੁਰਸ਼ ਡੋਬਦਾਂ ਸਲੇਟੀ ਰੰਗ 'ਚ
ਤੇ ਜੰਦਰੇ ਅਤੇ ਸਲਾਖਾਂ ਵਾਲਾ
ਇੱਕ ਚੌਕੋਰ ਦਿੰਦਾ ਹਾਂ ਵਾਹ
ਉਸ ਅੱਖਾਂ ਟੱਡੀਆਂ ਹਨ:
"..ਪਰ ਇਹ ਤਾਂ ਜੇਲ੍ਹ ਹੈ, ਪਾਪੇ,
ਨਹੀਂ ਆਉਂਦਾ,
ਪੰਛੀ ਕਿਵੇਂ ਹੈ ਬਨਾਉਣਾ?"
ਤੇ ਮੈਂ ਉਸਨੂੰ ਕਹਿੰਦਾ ਹਾਂ: "ਪੁੱਤਰਾ,
ਮਾਫ਼ ਕਰੀਂ ਮੈਨੂੰ।
ਭੁੱਲ ਗਿਆ ਹਾਂ ਪੰਛੀ
ਹੁੰਦੇ ਕਿਹੋ ਜਿਹੇ।"

ਮੇਰਾ ਪੁੱਤਰ ਡ੍ਰਾਇੰਗ ਦੀ ਕਾਪੀ
ਰੱਖਦਾ ਅੱਗੇ ਮੇਰੇ
ਕਹਿੰਦਾ ਬਣਾਓ ਤਾਂ ਕਣਕ ਦੀ ਬੱਲੀ
ਮੈਂ ਫੜ ਕਲਮ ਵਾਹੁੰਦਾਂ ਬੰਦੂਕ।
ਪੁੱਤਰ ਮੇਰਾ ਹੱਸੇ ਮੇਰੀ ਜਹਾਲਤ 'ਤੇ
"ਪਤਾ ਨਹੀਂ ਤੈਨੂੰ, ਪਾਪੇ, ਫ਼ਰਕ,
ਕਣਕ ਦੀ ਬੱਲੀ ਤੇ ਬੰਦੂਕ ਦਾ?"
ਮੈਂ ਕਹਿੰਦਾਂ, "ਪੁੱਤਰਾ, ਕਦੇ ਹੈ ਸੀ
ਪਤਾ ਕਣਕ ਦੀਆਂ ਬੱਲੀਆਂ ਦਾ
ਡਬਲਰੋਟੀ ਦੀ ਸ਼ਕਲ ਦਾ
ਗੁਲਾਬ ਦੇ ਫੁੱਲ ਦਾ ਵੀ ਪਤਾ ਸੀ
ਪਰ ਏਸ ਡਾਢੇ ਸਮੇਂ ਵਿਚ
ਜੰਗਲ ਦੇ ਰੁੱਖ
ਰਲ਼ ਗਏ ਨੇ
ਬੰਦੂਕਾਂ-ਵਾਲਿਆਂ ਨਾਲ
ਤੇ ਗੁਲਾਬ ਦੇ ਫੁੱਲ ਪਹਿਨ ਲਈ ਹੈ
ਉਨ੍ਹਾਂ ਦੀ ਹੀ ਮਟਮੈਲੀ ਵਰਦੀ
ਹਥਿਆਰਬੰਦ ਕਣਕ ਦੀਆਂ ਬੱਲੀਆਂ
ਵਾਲੇ ਇਨ੍ਹਾਂ ਸਮਿਆਂ ਵਿਚ
ਹਥਿਆਰਬੰਦ ਪੰਛੀ
ਹਥਿਆਰਬੰਦ ਸਭਿਆਚਾਰ
ਅਤੇ ਹਥਿਆਰਬੰਦ ਮਜ਼ਹਬ
ਨਹੀਂ ਮੁੱਲ ਲੈ ਸਕਦੇ ਤੁਸੀਂ ਡਬਲਰੋਟੀ
ਜਿਸ ਵਿਚ ਲੱਭੇ ਨਾ ਬੰਦੂਕ

ਨਿਜ਼ਾਰ ਕੱਬਾਨੀ
(1923-1998)

ਕਵੀ, ਡਿਪਲੋਮੈਟ, ਸਿਆਸੀ ਨੇਤਾ। ਮੱਧਵਰਗੀ ਵਪਾਰਕ ਪਰਿਵਾਰ ਤੋਂ। ਅਰਬੀ ਦੁਨੀਆ ਦੇ ਸਭ ਤੋਂ ਨਾਮਵਰ ਕਵੀਆਂ ਵਿਚੋਂ। ਕਾਮੁਕ ਅਤੇ ਰੋਮੈਂਟਿਕ ਕਵਿਤਾਵਾਂ ਵਿਚ ਪ੍ਰੇਮ-ਪ੍ਰਗਟਾਵੇ ਅਤੇ ਅਰਬ ਦੀ ਨਾਰੀ ਲਈ ਅਜ਼ਾਦੀ ਦਾ ਭਾਵ ਸ਼ਿੱਦਤ ਨਾਲ ਪੇਸ਼। ਦੋ ਦਰਜਨ ਕਾਵਿ ਸੰਗ੍ਰਹਿ, ਅਖ਼ਬਾਰ ਵਿਚ ਬਾਕਾਇਦਾ ਛਪਦੇ ਰਹਿੰਦੇ; ਇਨ੍ਹਾਂ ਦੇ ਲਿਖੇ ਗੀਤ ਗੰਵੇ ਜਾਂਦੇ; ਭੈਣ ਨੇ ਜ਼ਬਰਦਸਤੀ ਵਿਆਹੀ ਜਾਣ ਦੀ ਥਾਂ ਆਤਮਹੱਤਿਆ ਕੀਤੀ ਸੀ। *1967* ਤੋਂ ਬਾਅਦ ਲੰਡਨ ਰਹੇ, ਆਪਣਾ ਪ੍ਰਕਾਸ਼ਨ ਘਰ ਬਣਾਇਆ।

ਖੇਤ 'ਚੋਂ ਨਹੀਂ ਤੋੜ ਸਕਦੇ ਤੁਸੀਂ
ਗੁਲਾਬ, ਬਿਨ ਉਸ ਵੱਲੋਂ, ਆਪਣਾ
ਕੰਡਾ ਤੁਹਾਡੇ ਚਿਹਰੇ ਵੱਲ ਚੁੱਕਿਆਂ
ਨਹੀਂ ਖ਼ਰੀਦ ਸਕਦੇ ਤੁਸੀਂ ਕਿਤਾਬ
ਬਿਨਾ ਉਸ ਦੇ ਤੁਹਾਡੀਆਂ
ਉਂਗਲਾਂ ਵਿਚ ਫਟਿਆਂ।"

ਪੁੱਤਰ ਬੈਠਾ ਮੇਰੇ ਬਿਸਤਰ ਦੇ ਬੰਨੇ
ਅਖੇ ਕੋਈ ਕਵਿਤਾ ਦਿਓ ਸੁਣਾਅ,
ਮੇਰਾ ਹੰਝੂ ਅੱਖੋਂ ਜਾ ਡਿੱਗਾ ਸਿਰਹਾਣੇ।
ਪੁੱਤਰ ਮੇਰੇ ਉਹ ਚੱਟ ਲਿਆ,
ਹੈਰਾਨ-ਪਰੇਸ਼ਾਨ, ਕਹਿੰਦਾ:
"ਪਰ ਇਹ ਹੈ ਅੱਥਰੂ, ਪਾਪੇ,
ਇਹ ਤਾਂ ਨਹੀਂ ਕਵਿਤਾ!"
ਮੈਂ ਕਹਿੰਦਾਂ ਉਸਨੂੰ:
"ਪੁੱਤਰਾ, ਜਦ ਹੋਏਂਗਾ ਵੱਡਾ
ਤੇ ਪੜ੍ਹੇਂਗਾ
ਅਰਬੀ ਕਵਿਤਾ ਦਾ ਦੀਵਾਨ
ਜਾਣ ਜਾਏਂਗਾ
ਕਿ ਲਫ਼ਜ਼ ਤੇ ਹੰਝੂ ਨੇ ਜੌੜੇ ਭਰਾ
ਤੇ ਸ਼ਾਇਰੀ ਅਰਬੀ ਦੀ ਹੈ

ਲਿਖਦੀਆਂ ਉਂਗਲਾਂ 'ਚੋਂ ਚੋਏ
ਅੱਥਰੂਆਂ ਤੋਂ ਵੱਧ ਕੁਝ ਵੀ ਨਾਂਹ।''

ਮੇਰਾ ਪੁੱਤਰ ਆਪਣੀਆਂ ਕਲਮਾਂ,
ਆਪਣੇ ਰੰਗਾਂ ਵਾਲਾ ਬਕਸਾ
ਰੱਖਦਾ ਹੈ ਅੱਗੇ ਮੇਰੇ
ਤੇ ਕਹਿੰਦਾ ਵਾਹੋ ਤਾਂ ਮੇਰੇ ਲਈ
ਇੱਕ ਵਤਨ ਦਾ ਨਕਸ਼ਾ।
ਬੁਰਸ਼ ਕੰਬੇ ਮੇਰੇ ਹੱਥਾਂ ਵਿਚ
ਢਹਿ ਪੈਂਦਾਂ, ਮੈਂ ਰੋਂਦਾ।

ਮੂਰਖ ਜ਼ਨਾਨੀ ਦਾ ਖ਼ਤ

(1)
ਮੇਰੇ ਪਿਆਰੇ ਮਾਲਕ,
ਇਹ ਮੂਰਖ ਜ਼ਨਾਨੀ ਦਾ ਖ਼ਤ ਹੈ
ਕੀ ਮੈਥੋਂ ਪਹਿਲਾਂ ਕਿਸੇ ਮੂਰਖ
ਜ਼ਨਾਨੀ, ਖ਼ਤ ਲਿਖਿਐ ਤੁਹਾਨੂੰ?
ਮੇਰਾ ਨਾਂ? ਚਲੋ ਨਾਵਾਂ ਨੂੰ ਛੱਡੋ
ਰਣੀਆ, ਜਾਂ ਜ਼ੈਨਬ
ਜਾਂ ਹਿੰਦ ਜਾਂ ਹਾਈਫ਼ਾ
ਕੋਈ ਸਭ ਤੋਂ ਵੱਧ ਝੱਲੀ ਚੀਜ਼ ਹੈ
ਸਾਡੀ, ਮਾਲਕਾ,
ਤਾਂ ਉਹ ਹਨ ਨਾਂ।

(2)
ਮੇਰੇ ਮਾਲਕ:
ਮੈਂ ਡਰਦੀ ਹਾਂ
ਤੈਨੂੰ ਆਪਣੇ ਵਿਚਾਰ ਦੱਸਣੋਂ
ਡਰਦੀ ਹਾਂ-ਕਿ ਜੇ ਦੱਸੇ-
ਅਸਮਾਨਾਂ ਨੂੰ ਲੱਗ ਜਾਏਗੀ ਅੱਗ
ਕਿਉਂਕਿ ਤੇਰਾ ਪੂਰਬ*, *ਮੱਧ ਪੂਰਬ
ਪਿਆਰੇ ਮਾਲਕਾ,
ਨੀਲੇ ਲਿਫ਼ਾਫ਼ੇ ਰੋਕ ਲੈਂਦਾ ਹੈ
ਸੁਫ਼ਨੇ ਕੱਢ ਲੈਂਦਾ ਹੈ
ਜ਼ਨਾਨੀਆਂ ਦਿਆਂ ਸੰਦੂਕਾਂ 'ਚੋਂ
ਦਬੱਲਦਾ ਹੈ,
ਜ਼ਨਾਨੀਆਂ ਦੀਆਂ ਭਾਵਨਾਵਾਂ ਨੂੰ
ਚਾਕੂ ਵਰਤਦਾ ਹੈ...
ਕਸਾਈਆਂ ਵਾਲਾ ਵੀ ..
ਜ਼ਨਾਨੀਆਂ ਨਾਲ ਗੱਲ ਕਰਨ ਨੂੰ
ਅਤੇ ਵੱਢ-ਟੁੱਕ ਦੇਂਦਾ ਹੈ ਵਸੰਤ
ਅਤੇ ਜਨੂੰਨ ਨੂੰ
ਤੇ ਕਾਲੀਆਂ ਗੁੱਤਾਂ ਨੂੰ
ਤੇ ਤੁਹਾਡਾ ਪੂਰਬ, ਪਿਆਰੇ ਮਾਲਕ,
ਘੜਦਾ ਹੈ ਪੂਰਬ ਦਾ ਨਾਜ਼ੁਕ ਮੁਕਟ
ਜ਼ਨਾਨਾ ਖੋਪੜੀਆਂ ਤੋਂ

(3)
ਮੈਨੂੰ ਨਿੰਦ ਨਾ, ਮਾਲਕਾ
ਜੇ ਮੇਰੀ ਲਿਖਾਵਟ ਹੈ ਮਾੜੀ
ਕਿਉਂਕਿ ਮੈਂ ਲਿਖਦੀ ਹਾਂ ਤੇ
ਤਲਵਾਰ ਹੈ ਮੇਰੇ ਬੂਹੇ ਪਿੱਛੇ
ਤੇ ਕਮਰੇ ਤੋਂ ਅਗਾਂਹ ਹੈ ਹਵਾ
ਤੇ ਰੋਂਦੇ ਕੁੱਤਿਆਂ ਦੀ ਚੀਖ ਚਿਹਾੜ
ਮੇਰੇ ਮਾਲਕਾ!
'ਅੰਤਰ ਅਲ ਅਬਿਸ'* ਮੇਰੇ ਬੂਹੇ ਪਿੱਛੇ!
(ਹਨੇਰੀ ਖੱਡ ਦਾ 'ਜੋਧਾ')
ਉਹ ਟੋਟੇ ਕਰ ਦਏਗਾ ਮੇਰੇ
ਜੇ ਮੇਰੀ ਚਿੱਠੀ ਵੇਖ ਲਵੇ
ਮੇਰਾ ਗਾਟਾ ਲਾਹ ਦਏਗਾ
ਜੇ ਮੈਂ ਤਸੀਹੇ ਆਪਣੇ ਦੀ
ਦੱਸੀ ਕੋਈ ਗੱਲ
ਗਾਟਾ ਲਾਹ ਦਏਗਾ ਮੇਰਾ
ਜੇ ਕੱਪੜਿਆਂ ਮੇਰਿਆਂ ਦਾ ਪਤਲਾ-
ਝੀਣਾਪਨ ਵੇਖ ਲਿਆ
ਕਿਉਂਕਿ ਤੇਰਾ ਪੂਰਬ, ਮੇਰੇ ਪਿਆਰੇ
ਮਾਲਕ,
ਜ਼ਨਾਨੀਆਂ ਨੂੰ ਬਰਛਿਆਂ ਵਿਚ ਰੱਖਦੈ
ਤੇ ਤੇਰਾ ਪੂਰਬ, ਪਿਆਰੇ ਮਾਲਕਾ,
ਮਰਦਾਂ ਨੂੰ ਚੁਣਦਾ ਹੈ ਮਸੀਹੇ,
ਨਾਰਾਂ ਨੂੰ ਹੈ ਨੱਪਦਾ ਮਿੱਟੀ-ਘੱਟੇ।

(4)
ਵੱਟ ਨਾ ਖਾਂ!
ਮੇਰੇ ਪਿਆਰੇ ਮਾਲਕ,
ਇਨ੍ਹਾਂ ਸਤਰਾਂ ਤੋਂ
ਗੁੱਸਾ ਨਾ ਕਰ!
ਜੇ ਮੈਂ ਭੰਨਾਂ ਸ਼ਿਕੈਤਾਂ ਸਦੀਆਂ ਦੀਆਂ
ਜੇ ਸੁਚੇਤੀ ਤੋਂ ਲਾਹ ਦਿਆਂ ਢੱਕਣ
ਜੇ ਮੈਂ ਭੱਜ ਜਾਵਾਂ....
ਮਹਿਲਾਂ ਦੇ ਹਰਮਾਂ ਦੇ
ਗੁੰਬਦਾਂ-ਬੁਰਜਾਂ 'ਚੋਂ
ਜੇ ਮੈਂ ਬਾਗ਼ੀ ਹੋ ਜਾਵਾਂ,
ਆਪਣੀ ਮੌਤ ਤੋਂ...
ਆਪਣੀ ਕਬਰ ਖ਼ਿਲਾਫ਼, ਆਪਣੀਆਂ
ਜੜ੍ਹਾਂ ਖ਼ਿਲਾਫ਼...
ਤੇ ਦਿਓਕੱਦ ਬੁੱਚੜਖਾਨੇ ਤੋਂ...

ਗੁੱਸੇ ਨਾ ਹੋਈਂ, ਮੇਰੇ ਪਿਆਰੇ ਮਾਲਕ,
ਜੇ ਮੈਂ ਅਣਕੱਜੀਆਂ ਕੀਤੀਆਂ
ਆਪਣੀਆਂ ਭਾਵਨਾਵਾਂ
ਕਿਉਂਕਿ ਪੂਰਬੀ ਮਰਦ,
ਪੱਲਾ ਨਹੀਂ ਫੜਾਉਂਦਾ ਸ਼ਾਇਰੀ
ਜਾਂ ਭਾਵਨਾਵਾਂ ਨੂੰ
ਪੂਰਬੀ ਮਰਦ- ਤੇ ਮੇਰੀ ਗੁਸਤਾਖ਼ੀ
ਮਾਫ਼ ਕਰੀਂ-
ਬੱਸ ਸਮਝਦਾ ਨਹੀਂ ਜ਼ਨਾਨੀ ਨੂੰ
ਚਾਦਰਾਂ ਤੋਂ ਬਾਹਰ।

(5)
ਮੈਨੂੰ ਮਾਫ਼ ਕਰੀਂ ਮੇਰੇ ਮਾਲਕ- ਜੇ
'ਮਰਦਾਂ ਦੇ ਰਾਜਭਾਗ' ਵੱਲੋਂ
ਹੋਈ ਹਾਂ ਗੁਸਤਾਖ਼
ਕਿਉਂਕਿ ਮਹਾਨ ਸਾਹਿੱਤ ਤਾਂ ਬੇਸ਼ੱਕ-
ਸਾਹਿੱਤ ਹੈ ਮਰਦਾਂ ਦਾ
ਤੇ ਮੁਹੱਬਤ ਹਮੇਸ਼ਾ ਰਹੀ
ਮਰਦਾਂ ਦੇ ਖ਼ਾਤੇ ਜਮ੍ਹਾਂ....
ਤੇ ਸੰਭੋਗ ਹਮੇਸ਼ਾ ਰਿਹਾ
ਮਰਦਾਂ ਲਈ ਵਿਕਦਾ ਇੱਕ ਨਸ਼ਾ

ਸੱਤਰੀ-ਬਹੱਤਰੀ ਪਰੀ ਕਥਾ
ਸਾਡੇ ਮੁਲਕਾਂ 'ਚ ਅਜ਼ਾਦੀ ਨਾਰਾਂ ਦੀ,
ਕਿਉਂਕਿ ਹੁੰਦੀ ਨਹੀਂ ਅਜ਼ਾਦੀ
ਸਿਵਾਇ,
ਮਰਦਾਂ ਨੂੰ ਹੁੰਦੀ ਹੈ ਜੋ....

ਮੇਰੇ ਮਾਲਕਾ,
ਤੂੰ ਮੈਨੂੰ ਜੋ ਸੱਦਣਾ ਹੈ ਸੱਦ।
ਮੈਨੂੰ ਨਹੀਂ ਕੋਈ ਪਰਵਾਹ:
ਹੌਲੀ...ਮੂਰਖ...ਝੱਲੀ...ਸਿੱਧੀ।
ਕੋਈ ਵਾਸਤਾ ਰਿਹਾ ਮੈਨੂੰ ਨਾ...
ਕਿਉਂਜੋ
ਜਿਹੜੀ ਵੀ ਦੱਸਦੀ ਢਿੱਡ ਦੀ ਗੱਲ...
ਮਰਦਾਂ ਦੇ ਤਰਕ ਵਿਚ ਸੱਦੀ ਜਾਂਦੀ
ਮੂਰਖ
ਤੇ ਕੀ ਤੈਨੂੰ ਸ਼ੁਰੂ 'ਚ ਨਹੀਂ ਕਿਹਾ
ਪਈ ਮੈਂ ਹਾਂ
ਇੱਕ ਮੂਰਖ ਰੰਨ?

ਕਵੀ ਦਾ ਐਲਾਨ- ਇਹ ਕਵਿਤਾ ਇਸਦੇ ਮਾਲਿਕ ਵੱਲੋਂ ਬਿਨਾ ਇਵਜ਼ਾਨਾ ਵਿੱਦਿਅਕ ਮੰਤਵਾਂ ਲਈ ਦਿੱਤੀ ਗਈ ਹੈ।

ਉਹ ਜਿਊਂਦੀ ਹੈ....-26

ਨਵੀਂ ਅੰਗ੍ਰੇਜ਼ੀ ਕਿਤਾਬ

ਡਾ.ਉਮਾ ਤ੍ਰਿਲੋਕ

ਅਨੁ: ਪੂਨਮ ਸਿੰਘ

ਅੰਮ੍ਰਿਤਾ ਦੀ ਆਪਣੇ ਮਨ ਵਿਚ ਆਪਣੇ ਬਾਰੇ ਤਸਵੀਰ ਇਮਰੋਜ਼ ਦੇ ਮਨ ਵਿਚ ਅੰਮ੍ਰਿਤਾ ਦੀ ਤਸਵੀਰ ਤੋਂ ਫ਼ਰਕ ਸੀ।

ਖ਼ੁਦ ਆਪਣੇ ਬਾਰੇ ਅੰਮ੍ਰਿਤਾ ਨੇ ਕਿਹਾ ਸੀ,

'ਇੱਕ ਦਰਦ ਸੀ
ਜੋ ਸਿਗਰਟ ਦੀ ਤਰ੍ਹਾਂ
ਮੈਂ ਚੁੱਪਚਾਪ ਪੀਤਾ
ਸਿਰਫ਼ ਕੁਝ ਨਜ਼ਮਾਂ ਹਨ
ਜੋ ਸਿਗਰਟ ਦੇ ਨਾਲੋਂ
ਮੈਂ ਰਾਖ ਵਾਂਗਣ
ਝਾੜੀਆਂ।''

ਪਰ ਇਮਰੋਜ਼ ਲਈ ਓਹ ਇੱਕ ਫ਼ਕੀਰ ਵਾਂਗ ਸੀ, ਇੱਕ ਫ਼ਲਸਫ਼ਈ ਵਾਂਗ..ਇੱਕ ਅਰੱਸਤੂ ਅਤੇ ਇੱਕ ਸੁਕਰਾਤ ਵਾਂਗ।

ਉਸਦੇ ਮਨ ਵਿਚ ਫ਼ਕੀਰ ਬਾਰੇ ਤਸਵੀਰ ਇਹ ਹੈ ਕਿ ਜੋ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜੀ ਸਕਦਾ ਹੈ...ਆਪਣੀਆਂ ਸ਼ਰਤਾਂ 'ਤੇ।

ਉਸ ਦੇ ਮੁਤਾਬਕ, ਅੰਮ੍ਰਿਤਾ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜਿਊਂਦੀ ਸੀ...ਆਪਣੀਆਂ ਕਦਰਾਂ ਕੀਮਤਾਂ ਨਾਲ।

ਉਹ ਕਵਿਤਾ ਜਿਊਂਦੀ ਸੀ।
ਉਹ ਜ਼ਿੰਦਗੀ ਲਿਖਦੀ ਸੀ।
ਕਦੇ ਉਹ ਵਹਿੰਦੀ ਸੀ...ਪਹਾੜੀ ਝਰਨੇ ਵਾਂਗ...ਅਤੇ ਕਦੇ....ਚੌੜੇ ਸ਼ਾਂਤ ਦਰਿਆ ਵਾਂਗ...ਆਸ ਪਾਸ ਦੀ ਧਰਤ ਨੂੰ ਜ਼ਰਖ਼ੇਜ਼ੀ ਦਿੰਦੀ...ਚੱਲਦੀ ਜਾਂਦੀ, ਸਮੁੰਦਰ ਤੱਕ ਪੁੱਜਣ ਅਤੇ ਉਸ ਨਾਲ ਇੱਕ ਹੋਣ ਲਈ।

ਪਰ ਮੈਨੂੰ ਇੱਕ ਵਡੇਰਾ ਸੁਆਲ ਕਹਿ ਰਿਹਾ ਸੀ ਕਿ ਪੁੱਛ, ਪੁੱਛ ... ਸੋ ਮੈਂ ਉਨ੍ਹਾਂ ਨੂੰ ਸਾਫ਼ ਹੀ ਪੁੱਛਿਆ,

''ਇਮਰੋਜ਼, ਮੈਨੂੰ ਇਮਾਨਦਾਰੀ ਨਾਲ ਦੱਸੋ,
ਕਿਵੇਂ ਤੁਸੀਂ ਇਹ ਜਰ ਲਿਆ ਕਿ ਤੁਹਾਡੀ ਮਹਿਬੂਬਾ ਕਿਸੇ ਹੋਰ...ਸਾਹਿਰ ਨੂੰ ਪਿਆਰਦੀ ਹੈ
ਅਤੇ ਉਹ ਉਸ ਲਈ ਇੱਕ ਪ੍ਰੇਰਣਾ ਬਣ ਗਏ..
ਖ਼ੁਦ ਆਪ ਉਨ੍ਹਾਂ ਮੰਨਿਆ ਸੀ ਕਿ ਸਾਹਿਰ ਉਨ੍ਹਾਂ ਲਈ ਇੱਕ ਸਿਤਾਰਾ ਸੀ, ਜਿਸ ਵੱਲ ਉਹ ਲਗਾਤਾਰ ਤੱਕਦੀ ਰਹਿੰਦੀ ਹਨ...
ਕੀ ਤੁਹਾਨੂੰ ਦੁੱਖ ਨਹੀਂ ਪੁੱਜਿਆ ਸੀ, ਤੁਹਾਨੂੰ ਮਹਿਸੂਸ ਨਹੀਂ ਹੋਈ ਸੀ ਇੱਕ ਘਾਬਰ ਅਤੇ ਸ਼ਾਇਦ ਇੱਕ ਦੁੱਖ?''



''ਨਹੀਂ, ਉਮਾ, ਮੈਨੂੰ ਸੱਟ ਤਾਂ ਵੱਜੀ ਸੀ ਜ਼ਰੂਰ, ਇਹ ਪੂਰੀ ਤਰ੍ਹਾਂ ਜਾਣਦਿਆਂ ਵੀ, ਕਿ ਉਹ ਸਾਹਿਰ ਵੱਲ ਪ੍ਰੇਰਣਾ ਲਈ ਵੇਖਦੀ ਹੈ, ਪਰ ਇਸ ਨਾਲ ਮੈਂ ਆਪਣੇ ਆਪ ਨੂੰ ਛੋਟਾ ਜਾਂ ਅ-ਯੋਗ ਨਹੀਂ ਮਹਿਸੂਸ ਕੀਤਾ..!

ਦੱਸ ਕਿਵੇਂ ਮੈਂ ਇਹ ਭੁੱਲ ਸਕਦਾ ਸੀ ਕਿ ਮੇਰੇ ਲਈ ਉਸਦੇ ਦਿਲ ਵਿਚ ਇੱਕ ਖ਼ਾਸ ਹੀ ਥਾਂ ਹੈ, ਉਸਦੀ ਜ਼ਿੰਦਗੀ ਵਿਚ, ਜੋ ਕੋਈ ਨਹੀਂ ਸੀ ਲੈ ਸਕਦਾ।

ਉਸ ਨੇ ਇਹ ਕਈ ਵਾਰ ਪ੍ਰਗਟਾਇਆ, ਕਈ ਢੰਗਾਂ ਨਾਲ...ਮੈਨੂੰ ਚੰਗੀ ਤਰ੍ਹਾਂ ਚੇਤੇ ਹੈ ਜਦੋਂ ਉਸ ਕਿਹਾ,

'ਰਲ ਗਈ ਸੀ ਵਿਚ ਇੱਕ ਬੂੰਦ
ਤੇਰੇ ਇਸ਼ਕ ਦੀ
ਏਸੇ ਲਈ ਮੈਂ ਜ਼ਿੰਦਗੀ ਦੀ
ਸਾਰੀ ਕੁੜੱਤਣ ਪੀ ਗਈ'

ਉਮਾ, ਉਸ ਇਹ ਵੀ ਕਿਹਾ ਸੀ,
'ਸ਼ਾਇਦ ਬਣ ਕੇ ਇੱਕ ਕਿਰਣ
ਤੇਰੇ ਰੰਗਾਂ ਦੇ ਕਲਾਵੇ ਵਿਚ
ਮੈਂ ਰੰਗ ਲਵਾਂਗੀ ਆਪਣਾ ਆਪ
ਤੇਰੇ ਕੈਨਵਸ 'ਤੇ'

(ਅੰਗ੍ਰੇਜ਼ੀ ਤੋਂ ਅਨੁਵਾਦ- ਸੰ.)

ਭਾਵੇਂ ਜਿੰਨਾ ਵੀ, ਉਹ ਸਾਹਿਰ ਨੂੰ ਮੁਹੱਬਤ ਕਰਦੀ ਸੀ ਜਾਂ ਸੱਜਾਦ ਦੀ ਪਰਵਾਹ ਕਰਦੀ ਸੀ, ਮੈਂ ਹੀ ਉਸਦੀ ਜ਼ਿੰਦਗੀ ਦਾ ਕੇਂਦਰ ਸੀ...

ਮੈਂ ਉਸ ਨੂੰ ਆਪਣੀ ਮੁਹੱਬਤ, ਸਾਂਝ, ਦਿੱਤੀ, ਅਤੇ ਨਿੱਘ, ਜਿਸਦਾ ਉਹ ਬਹੁਤ ਨਿੱਘ ਨਾਲ ਹੁੰਗਾਰਾ ਭਰਦੀ।

ਮੈਂ ਜਾਣਦਾ ਹਾਂ ਕਿ ਉਸਦੇ ਅਤੇ ਮੇਰੇ ਵਿਚ ਕੋਈ ਨਹੀਂ ਸੀ ਆ ਸਕਦਾ। ਨਾ ਕੋਈ ਹੋਰ ਮੇਰੀ ਉਸਦੇ ਲਈ ਮੁਹੱਬਤ ਦੀ ਸ਼ਿੱਦਤ ਨੂੰ ਘਟਾਅ ਸਕਦਾ ਸੀ ਅਤੇ ਨਾ ਕੋਈ ਉਸਦੀ ਮੇਰੇ ਲਈ ਮੁਹੱਬਤ ਦੀ ਸ਼ਿੱਦਤ ਨੂੰ।''

ਨਾਰਾਂ ਦਾ ਕੁਦਰਤੀ ਕਲਾਤਮਕ ਸੁਹਜ



ਬੀਰੂ ਨਾਥ, ਅਸਾਮ

ਨਾਰਾਂ ਨੇ ਕਲਾਕਾਰ "ਬਣਨਾ" ਨਹੀਂ ਹੁੰਦਾ- ਉਹ ਜਮਾਂਦਰੂ ਹੀ ਕਲਾਕਾਰ ਹੁੰਦੀਆਂ ਹਨ।

ਕਲਾ ਉਨ੍ਹਾਂ ਦੀਆਂ ਰਗਾਂ ਵਿੱਚ ਵਹਿੰਦੀ ਹੈ, ਉਨ੍ਹਾਂ ਦੇ ਫੁਰਨਿਆਂ, ਸਰਗਰਮੀਆਂ, ਅਤੇ ਰੋਜ਼ਾਨਾ ਦੇ ਪ੍ਰਗਟਾਵਿਆਂ ਵਿੱਚ ਹੀ ਗੁੰਨ੍ਹੀ ਹੋਈ। ਕਿਸੇ ਵੀ ਰਸਮੀ ਪੜ੍ਹਾਈ-ਸਿਖਲਾਈ ਤੋਂ, ਸਮਾਜ ਵੱਲੋਂ ਉਨ੍ਹਾਂ 'ਤੇ "ਕਲਾਕਾਰ" ਦਾ ਕੋਈ ਲੇਬਲ ਲਾਉਣ ਤੋਂ ਪਹਿਲਾਂ ਹੀ ਨਾਰਾਂ ਰਚਨਾਤਮਕਤਾ ਨੂੰ ਜਿਊਂਦੀਆਂ ਹਸਤੀਆਂ ਹੁੰਦੀਆਂ ਹਨ। ਉਨ੍ਹਾਂ ਦੀ ਕਲਾ ਗੈਲਰੀਆਂ ਜਾਂ ਅਜਾਇਬਘਰਾਂ ਤੱਕ ਸੀਮਤ ਨਹੀਂ - ਇਹ ਤਾਂ ਉਨ੍ਹਾਂ ਦੇ ਮੁੱਢਲੇਂ ਹਾਵ ਭਾਵ ਤੋਂ ਹੀ ਝਲਕਣ ਲੱਗ ਪੈਂਦੀ ਹੈ; ਕਿਸੇ ਭੈਣ ਦੇ ਵਾਲ ਗੁੰਦਣ ਤੋਂ, ਫ਼ਰਸ਼ 'ਤੇ ਨਮੂਨੇ ਪਾਉਣ ਤੋਂ, ਫਟੇ ਕੱਪੜਿਆਂ ਨੂੰ ਟਾਕੀਆਂ ਲਾਉਣ ਤੋਂ ਅਤੇ ਨਿਰਮਾਣ ਜਿਹੇ ਘਰ ਨੂੰ ਸਜਾਉਣ ਤੋਂ।

ਨਾਰ ਲਈ ਕਲਾ ਜੀਵਨ ਤੋਂ ਵੱਖਰੀ ਨਹੀਂ। ਇਹ ਕੁਦਰਤੀ ਤੌਰ 'ਤੇ ਉਸਦੀ ਜੈਨੇਟਿਕ (ਸੈੱਲਾਂ ਵਿਚ ਰਚੇ ਆ ਰਹੇ ਜੱਦੀ) ਚੇਤਿਆਂ ਤੋਂ ਆਉਂਦੀ ਹੈ - ਉਨ੍ਹਾਂ ਅਣਗਿਣਤ ਪੀੜ੍ਹੀਆਂ ਦੀਆਂ ਨਾਰਾਂ ਤੋਂ ਜਿਨ੍ਹਾਂ ਲੋਰੀਆਂ ਗਾਈਆਂ ਸਨ, ਕੰਧਾਂ ਸ਼ਿੰਗਾਰੀਆਂ, ਕਢਾਈਆਂ ਨਾਲ ਕਹਾਣੀਆਂ ਬੁਣੀਆਂ, ਚੀਕਣੀ ਮਿੱਟੀ ਨੂੰ ਸ਼ਕਲ ਦਿੱਤੀ, ਅਤੇ ਰੰਗਾਂ, ਨਮੂਨਿਆਂ ਅਤੇ ਰੀਤ-ਰਿਵਾਜਾਂ ਨਾਲ ਜੀਵਨ ਨੂੰ ਇੱਕ ਜਸ਼ਨ ਬਣਾਇਆ। ਬਚਪਨ ਤੋਂ ਹੀ, ਕੁੜੀਆਂ ਸਜਾਵਟ ਵੱਲ ਖਿੱਚੀਆਂ ਜਾਂਦੀਆਂ ਹਨ - ਇਸ ਲਈ ਨਹੀਂ ਕਿ ਉਨ੍ਹਾਂ ਨੂੰ ਕਿਹਾ ਜਾਂਦਾ ਹੈ, ਸਗੋਂ ਇਸ ਲਈ ਕਿ ਉਨ੍ਹਾਂ ਦੇ ਅੰਦਰੂਨੀ ਸੰਸਾਰ ਨੂੰ ਲਕੀਰਾਂ, ਰੂਪਾਂ ਅਤੇ ਰੰਗਾਂ ਵਿੱਚ ਹੁੱਲਾਸ ਮਿਲ ਰਿਹਾ ਹੁੰਦਾ ਹੈ। ਉਨ੍ਹਾਂ ਦੇ ਖਿਡੌਣੇ ਉਨ੍ਹਾਂ ਦਾ ਪਹਿਲਾ ਕੈਨਵਸ ਬਣਦੇ ਹਨ। ਉਨ੍ਹਾਂ ਦਾ ਆਲਾ-ਦੁਆਲਾ ਉਨ੍ਹਾਂ ਦਾ ਪਹਿਲਾ ਸਟੂਡੀਓ।

ਗੱਲ ਰਸਮੀ ਸਿਖਲਾਈ ਜਾਂ ਕੰਮ -ਰੁਤਬਿਆਂ ਦੀ ਨਹੀ। ਕਿਸੇ ਦੁਰੇਡੇ ਪਿੰਡ ਦੀ ਕੋਈ ਨਾਰ ਆਪਣੀਆਂ ਮਿੱਟੀ ਦੀਆਂ ਕੰਧਾਂ ਉੱਤੇ ਫੁੱਲਾਂ ਅਤੇ ਦੇਵਤਿਆਂ ਦੇ ਚਿੱਤਰ ਬਣਾਉਂਦੀ ਵੀ ਓਨੀ ਹੀ ਕਲਾਕਾਰ ਹੈ ਜਿੰਨੀ ਕਿਸੇ ਸਟੂਡੀਓ ਵਿੱਚ ਕੰਮ ਕਰਨ ਵਾਲੀ ਕੋਈ ਸ਼ਹਿਰੀ ਨਾਰੀ। ਜੋਸ਼ ਇੱਕੋ ਹੈ - ਸੁੰਦਰ ਬਨਾਉਣ ਦਾ, ਬਿਆਨ ਕਰਨ ਦਾ, ਜੋੜਨ ਦਾ, ਸੰਵਾਰਣ ਦਾ। ਕਲਾ ਅਤੇ ਉਨ੍ਹਾਂ ਦਾ ਸੁਭਾਅ ਵੱਖ ਵੱਖ ਚੀਜ਼ਾਂ ਨਹੀਂ; ਇਹ ਉਨ੍ਹਾਂ ਦੇ ਤੱਕਣ ਅਤੇ ਹੋਣ ਦੇ ਵਿੱਚ ਹੀ ਘੜੀ ਹੋਈ ਹੈ।

ਕਿਸੇ ਵੀ ਰਵਾਇਤੀ ਸਮਾਜ ਨੂੰ ਨੇੜਿਓਂ ਦੇਖੋ - ਨਾਰਾਂ, ਕੁਦਰਤੀ ਤੌਰ 'ਤੇ, ਆਪਣੇ ਰੋਜ਼ਾਨਾ ਜੀਵਨ ਨੂੰ ਇੱਕ ਜਿਉਂਦੀ-ਕਲਾਕਾਰੀ ਵਿੱਚ ਬਦਲ ਦੇਂਦੀਆਂ ਹਨ। ਦਰਵਾਜ਼ੇ ਅੱਗੇ ਰੰਗੋਲੀ, ਬੱਚੇ ਦੇ ਕੱਪੜੇ 'ਤੇ ਟਾਂਕੇ, ਸਾੜ੍ਹੀਆਂ ਦੇ ਨਮੂਨੇ, ਰਸੋਈ ਵਿਚ ਭਾਂਡਿਆਂ ਦੀ ਵਿਓਂਤ-ਸਜਾਵਟ - ਇਸ ਸਭ ਉੱਤੇ ਨਾਰ ਦੀ ਸਾਂਭ, ਸੁਹਜ, ਅਤੇ ਕਲਾ-ਸੂਝ ਦਾ ਠੱਪਾ ਲੱਗਾ ਹੋਇਆ ਹੈ। ਇੱਥੋਂ ਤੱਕ ਕਿ ਖਾਣਾ ਪਕਾਉਣ ਦਾ ਕੰਮ ਵੀ ਇੱਕ ਸਿਰਜਣਾਤਮਕ ਰਸਮ ਬਣ ਜਾਂਦਾ ਹੈ- ਰੰਗਾਂ, ਮਹਿਸੂਸ ਹੁੰਦੀਆਂ ਸਮੱਗਰੀਆਂ ਦੀਆਂ ਬਣਤਰਾਂ ਅਤੇ ਖੁਸ਼ਬੋਆਂ ਦੀ ਖੇਡ।

ਔਰਤਾਂ ਛੋਟੇ ਵਿਚ ਆਖੀਆਂ ਗੱਲਾਂ ਦੀ ਭਾਸ਼ਾ ਦੀਆਂ ਵੀ ਵਾਹਕ ਹੁੰਦੀਆਂ ਹਨ - ਉਨ੍ਹਾਂ ਦੀ ਕਲਾ ਵਿਚ ਅਕਸਰ ਕੋਡ (ਗੁੱਝੇ-ਬੱਧੇ ਇਸ਼ਾਰੇ), ਸ਼ਿੰਗਾਰਵੇਂ ਸ਼ਬਦ ਅਤੇ ਪੁਰਖਿਆਂ ਤੋਂ ਤੁਰੀ ਆਉਂਦੀ ਸੋਝੀ ਲੱਭਦੀ ਹੈ। ਮਧੂਬਨੀ, ਵਾਰਲੀ ਜਾਂ ਗੋਂਡ ਵਰਗੇ ਸਭਿਆਚਾਰਾਂ ਵਿੱਚ ਤਾਂ, ਨਾਰਾਂ, ਕੈਨਵਸ ਜਾਂ ਕਾਗਜ਼ ਮਿਲਣ ਤੋਂ ਬਹੁਤ ਪਹਿਲਾਂ ਦੀਆਂ, ਕੰਧਾਂ ਅਤੇ ਫ਼ਰਸ਼ਾਂ ਉੱਤੇ ਆਪਣੀਆਂ ਜੀਵਨ ਕਹਾਣੀਆਂ, ਸੁਫ਼ਨੇ, ਡਰ ਅਤੇ ਵਰਦਾਨਾਂ ਨੂੰ ਰੰਗਦੀਆਂ ਆ ਰਹੀਆਂ ਹਨ। ਇਹ ਸਿਰਫ਼ ਸਜਾਵਟਾਂ ਹੀ ਨਹੀਂ ਸਨ, ਇਹ ਜਿਊਂਦੀਆਂ ਅਰਜੋਈਆਂ, ਦਿਸਦ ਗੀਤ, ਅਤੇ ਯਾਦਾਂ ਦੇ ਭੰਡਾਰ ਸਨ।

ਦਿਲਚਸਪ ਹੈ, ਕਿ ਕਿਉਂਕਿ ਇਹ ਕਲਾਕਾਰੀ ਨਾਰਾਂ ਲਈ ਏਨੀ ਕੁਦਰਤੀ ਹੈ, ਉਨ੍ਹਾਂ ਵਿੱਚੋਂ ਬਹੁਤੀਆਂ ਇਸਦੇ "ਕਲਾ" ਹੋਣ ਬਾਰੇ ਦਾਅਵਾ ਵੀ ਨਹੀਂ ਕਰਦੀਆਂ। ਉਹ ਕਲਾਕਾਰ ਬਣਨ ਦੀ ਕੋਸ਼ਿਸ਼ ਨਹੀਂ ਕਰਦੀਆਂ। ਉਹ ਤਾਂ ਬੱਸ ਹੈਨ। ਉਹਨਾਂ ਦਾ ਪ੍ਰਗਟਾਵਾ ਸਹਿਜ ਸੁਭਾਅ, ਸੁਹਿਰਦ ਅਤੇ ਨਿੱਘਾ ਹੈ - ਕਲਾ ਦੀ ਮੰਡੀ ਲਈ ਨਹੀਂ ਸਗੋਂ ਜੀਵਨ ਲਈ ਕੀਤਾ ਗਿਆ।

ਸ਼ਾਇਦ ਇਸੇ ਕਾਰਨ, ਅਜੋਕੀ ਮਾੱਡਰਨ ਦੁਨੀਆ ਵਿੱਚ, ਨਾਰੀ-ਕਲਾਕਾਰਾਂ ਦੇ ਕੰਮ ਵਿਚ ਇੱਕ ਵਿਰਲੀ ਲੱਭਦੀ ਇਮਾਨਦਾਰੀ ਅਤੇ ਤਾਜ਼ਗੀ ਦਿਸਦੀ ਹੈ। ਉਨ੍ਹਾਂ ਦਾ ਸਭ ਕੁਝ ਤਾਂ ਵਿਰਾਸਤੀ ਸਿਰਜਣਸ਼ੀਲਤਾ ਦੇ ਇਤਿਹਾਸ ਵਿੱਚੋਂ ਆ ਰਿਹਾ ਹੁੰਦਾ ਹੈ, ਸੈਂਕੜੇ-ਹਜ਼ਾਰਾਂ ਚੁਪੀਤੀਆਂ, ਬੇਨਾਮ ਨਾਰਾਂ ਵੱਲੋਂ ਘੜਿਆ ਹੋਇਆ,

ਬਿਨ ਪ੍ਰਸਿੱਧੀ ਦਾ ਦਾਅਵਾ ਕੀਤਿਆਂ ਪ੍ਰਗਟਾਇਆ। ਉਨ੍ਹਾਂ ਦੀ ਕਲਾ-ਯਾਤਰਾ ਦੀ ਜੜ੍ਹ ਕਿਸੇ ਦਾ ਦੁੱਖ-ਸੁਖ ਸਮਝ ਸਕਣ ਵਾਲੀ ਉਨ੍ਹਾਂ ਦੀ ਕੁਦਰਤੀ ਯੋਗਤਾ ਵਿੱਚ, ਆਪ ਹੰਢਾਏ ਤਜਰਬੇ ਵਿਚ ਅਤੇ "ਭਾਵਨਾਤਮਕ ਬੁੱਧੀ" (ਅਹਿਸਾਸ ਕਰ ਸਕਣ) ਵਿੱਚ ਲੱਗੀ ਹੋਈ ਹੈ।

ਇਤਿਹਾਸ ਮਰਦਾਂ ਲਿਖਿਆ:

ਨਾਰ ਕਲਾਕਾਰ ਮਿਟਾਉਣੀਆਂ ਜਾਣਾ ਤੇ ਮੁੜ ਉਭਾਰ ਸਦੀਆਂ ਤੋਂ, ਕਲਾ-ਇਤਿਹਾਸ ਦੀ ਕਹਾਣੀ ਅਕਸਰ ਮਰਦਾਂ ਵੱਲੋਂ ਉਸਾਰੀ ਗਈ- ਲਿਖ, ਸੰਜੋਅ, ਅਤੇ ਮਰਦ-ਤੱਕਣੀ ਰਾਹੀਂ ਥਾਪੜ ਕੇ।

ਜੌਰਜੀਓ ਵਸਾਰੀ ਦੀਆਂ ਆਲ੍ਹਾ ਚਿੱਤ੍ਰਕਾਰਾਂ, ਮੂਰਤੀਕਾਰਾਂ ਅਤੇ ਆਰਕੀਟੈਕਟਾਂ ਦੀਆਂ ਜੀਵਨੀਆਂ ਬਾਰੇ ਲਿਖਤਾਂ ਤੋਂ ਲੈ ਕੇ ਜੋਹਾਨ ਵਿੰਕਲਮੈਨ ਦੇ ਨਵ-ਕਲਾਸੀਕਲ ਆਦਰਸ਼ਾਂ ਤੱਕ, ਕਲਾ-ਇਤਿਹਾਸ ਦੇ ਸ਼ੁਰੂਆਤੀ ਪਾਠਾਂ ਵਿਚ, ਨਾਰਾਂ ਨੂੰ ਲਗਭਗ ਪੂਰੀ ਤਰ੍ਹਾਂ ਬਾਹਰ ਰੱਖਿਆ ਗਿਆ ਹੈ। ਇਹੋ "ਇਤਿਹਾਸ" ਫਿਰ ਕਲਾਵਾਂ, ਸੰਸਥਾਵਾਂ, ਸੰਗ੍ਰਹਿਆਂ ਅਤੇ ਸਿੱਖਿਆ-ਪ੍ਰਣਾਲੀਆਂ ਲਈ "ਮਹੱਤਵਪੂਰਨ" ਜਾਂ "ਮਹਾਨ" ਸਮਝੇ ਜਾਣ ਦੀ ਕਈ ਪੀੜ੍ਹੀਆਂ ਦੀ ਅਗਵਾਈ ਲਈ ਨੀਂਹ ਬਣ ਗਏ।

ਨਾਰਾਂ, ਸ਼ਕਤੀਸ਼ਾਲੀ, ਨਵੀਨਤਾ-ਮੁਖੀ, ਅਤੇ ਡੂੰਘੇ ਭਾਵਪੂਰਣ ਘਾੜਤਾਂ ਘੜਨ ਦੇ ਬਾਵਜੂਦ, ਅਕਸਰ ਹਾਸ਼ੀਏ 'ਤੇ ਰੱਖੀਆਂ ਗਈਆਂ। ਉਨ੍ਹਾਂ ਦੇ ਯੋਗਦਾਨ ਨੂੰ ਜਾਂ ਤਾਂ ਅਣਡਿੱਠ ਕੀਤਾ ਗਿਆ, ਮਰਦ ਕਲਾਕਾਰਾਂ ਦਾ ਕੀਤਾ ਕੰਮ ਦੱਸਿਆ ਗਿਆ, ਜਾਂ ਮਹਿਜ਼ ਅਣਪੁਖ਼ਤਾ ਅਤੇ ਸਜਾਵਟੀ ਹੋਣ ਦਾ ਲੇਬਲ ਲਾ ਕੇ ਰੱਦ ਕਰ ਦਿੱਤਾ ਗਿਆ। ਪਿਤਾਸ਼ਾਹੀ ਦੇ ਥੰਮ੍ਹਾਂ- ਸਮਾਜਕ, ਆਰਥਕ, ਅਤੇ ਸੱਭਿਆਚਾਰਕ - ਇੱਕ ਸੋਚੀ ਸਮਝੀ ਵਿਓਂਤਬੰਦੀ ਨਾਲ ਉਨ੍ਹਾਂ ਨੂੰ ਅਕਾਦਮੀਆਂ, ਸਟੂਡੀਓਜ਼ ਅਤੇ ਸਰਪ੍ਰਸਤਾਂ ਤੱਕ ਪਹੁੰਚਣ ਤੋਂ ਦੂਰ ਰੱਖਿਆ, ਜਿਸ ਨਾਲ ਕਲਾ- ਇਤਿਹਾਸ ਦੇ ਪੱਕੇ ਰਿਕਾਰਡਾਂ ਵਿੱਚ ਇੱਕ ਖਾਲੀ ਥਾਂ ਬਣੀ ਤੁਰੀ ਆਈ ਹੈ।

ਫਿਰ ਵੀ, ਸਾਰੀਆਂ ਮੁਸ਼ਕਲਾਂ ਨੂੰ ਪਾਰ ਕਰ, ਕੁਝ ਨਾਰੀ-ਕਲਾਕਾਰਾਂ ਇਸ ਬੇਦਖ਼ਲੀ ਦੇ ਸਿਲਸਿਲੇ ਵਿੱਚ ਛੇਕ ਕੀਤੇ ਅਤੇ ਆਪਣੀ ਪਛਾਣ ਬਣਾਈ -

ਚਿਤ੍ਰਲੇਖਾ: ਇੱਕ ਦੰਦਕਥਾ ਬਣੀ ਕਲਾਕਾਰ

ਚਿਤ੍ਰਲੇਖਾ ਤਸਵੀਰ ਵਿਖਾਂਦੀ ਹੋਈ

ਪ੍ਰਾਚੀਨ ਭਾਰਤੀ ਗ੍ਰੰਥ "ਭਾਗਵਤ ਪੁਰਾਣ" ਵਿਚ, ਚਿਤ੍ਰਲੇਖਾ ਨੂੰ ਅਸੁਰ ਰਾਜੇ ਬਾਨਾਸੁਰ ਦੀ ਧੀ ਉਸ਼ਾ ਦੀ ਨਜ਼ਦੀਕੀ ਸਹੇਲੀ ਦੱਸਿਆ ਗਿਆ ਹੈ। ਕਹਾਣੀ ਤਾਂ ਰੋਮਾਂਸ ਅਤੇ ਕਿਸਮਤ-ਨਸੀਬ 'ਤੇ ਟਿਕੀ ਹੈ, ਜਿਸ ਵਿਚ, ਪਰ, ਚਿਤ੍ਰਲੇਖਾ ਇੱਕ ਲਾਸਾਨੀ ਪ੍ਰਤਿਭਾਸ਼ਾਲੀ ਕਲਾਕਾਰ ਦੱਸੀ ਗਈ ਹੈ। ਕਿ ਉਸ ਕੋਲ ਮੂੰਹੋਂ ਦੱਸੀ ਕੰਨੋਂ ਸੁਣੀ ਤੋਂ ਅਸਲੀ ਵਰਗੇ ਚਿਹਰੇ ਚਿਤ੍ਰਣ ਦਾ ਵਿਰਲਾ ਵਰਦਾਨ ਸੀ - ਏਨਾ ਅਗਾਂਹ ਦਾ ਹੁਨਰ, ਜੋ ਅਜੋਕੇ ਮਨੋਵਿਗਿਆਨਕ ਸਕੈੱਚਾਂ ਜਾਂ ਫੋਰੈਂਸਿਕ ਕਲਾਤਮਕਤਾ ਨੂੰ ਮੁਕਾਬਲਾ ਦੇਂਦਾ ਹੈ।

ਆਰਟੇਮੀਸੀਆ ਜੈਂਟੀਲੇਸਚੀ

17ਵੀਂ ਸਦੀ ਦੇ ਇਟਲੀ ਵਿੱਚ, ਆਰਟੇਮੀਸੀਆ ਜੈਂਟੀਲੇਸਚੀ "ਬਾਰੋਕ" ਸ਼ੈਲੀ ਦੀ ਪੇਂਟਿੰਗ ਦੀ ਮਾਹਿਰ ਵਜੋਂ ਉੱਭਰੀ। ਪਿਤਾ ਓਰਾਜ਼ੀਓ ਕੋਲੋਂ ਸਿਖਲਾਈ ਲੈ, ਉਸ ਨਾ ਸਿਰਫ਼ ਆਪਣੇ ਮਰਦ-ਸਾਥੀਆਂ ਦੀ ਤਕਨੀਕੀ ਮੁਹਾਰਤ ਦੇ ਬਰਾਬਰ ਦੀ ਕਲਾ ਸਿਰਜੀ, ਸਗੋਂ ਔਰਤ ਦੀ ਤਾਕਤ, ਉਸਨੂੰ ਲੱਗਦੇ ਸਦਮਿਆਂ ਅਤੇ ਉਸ ਲਈ ਨਿਆਂ ਦੇ ਵਿਸ਼ਿਆਂ ਬਾਰੇ ਖੂੰਖਾਰ, ਮੌਲਿਕ ਨਜ਼ਰੀਏ ਨਾਲ ਕਲਾਕਾਰੀ ਕੀਤੀ। ਉਸਦੀ "ਜੂਡਿਥ ਸਲੇਇੰਗ ਹੋਲੋਫਰਨੇਸ" (ਹੋਲੋਫਰਨੇਸ ਦਾ ਕਤਲ ਕਰਦੀ ਜੂਡਿਥ -ਸੰ.), ਮਿਥਿਹਾਸਕ ਸਮੇਂ ਦੀ ਉਸ ਖ਼ੂਬਸੂਰਤ ਜਵਾਨ ਯਹੂਦੀ ਵਿਧਵਾ ਵੱਲੋਂ ਆਪਣੇ ਹੱਥੀਂ ਜਾ ਕੇ ਅਤੇ ਧੋਖੇ ਨਾਲ ਹਮਲਾਵਰ ਸੀਰੀਆਈ ਜਰਨੈਲ ਨੂੰ ਮਾਰ ਦੇਣ ਦਾ ਨਿੱਜੀ ਬਗ਼ਾਵਤ ਦਾ ਦ੍ਰਿਸ਼ ਹੈ- ਓਦੋਂ ਬਣਾਇਆ ਜਦੋਂ ਨਾਰਾਂ ਦੀਆਂ ਅਵਾਜ਼ਾਂ ਨੂੰ ਆਮ ਹੀ ਚੁੱਪ ਕਰਾਅ ਦਿੱਤਾ ਜਾਂਦਾ ਸੀ।

ਜੂਡਿਥ ਲੈਸਟਰ

ਡੱਚ ਸੁਨਹਿਰੀ ਯੁੱਗ ਵਿੱਚ, ਜੂਡਿਥ ਲੈਸਟਰ ਦੇ ਬਣਾਏ ਜਿਊਂਦੇ ਜਾਪਦੇ, ਹਾਸ-ਰਸੀ ਅਤੇ ਹੁਨਰਮੰਦ ਚਿਤ੍ਰ ਏਨੇ ਮਸ਼ਹੂਰ ਹੋਏ ਕਿ ਉਹ, ਲੰਬਾ ਅਰਸਾ, ਝੂਠ ਹੀ, "ਫ੍ਰਾਂਸ ਹਾਲਸ" ਦੇ ਮੰਨ ਲਏ ਗਏ। 19ਵੀਂ ਸਦੀ ਵਿੱਚ ਜਾ ਕੇ ਕਿਤੇ ਉਸਦੇ ਦਸਤਖ਼ਤ ਇੱਕ ਪੇਂਟ-ਓਵਰ ਕੋਨੇ ਹੇਠਾਂ ਲੱਭੇ - ਅਤੇ ਇਸ ਕਲਾਕਾਰ ਦਾ ਨਾਂ ਮਿਟਾਉਣ ਦੀ ਇਤਿਹਾਸਕ ਸਾਜ਼ਿਸ਼ ਅਖੀਰ ਪੁੱਠੀ ਪਈ।

ਐਲੀਜ਼ਾਬੇਥ ਵਿਗੀ ਲੇ ਬਰੂਨ

18ਵੀਂ ਸਦੀ ਦੇ ਫ਼ਰਾਂਸ ਵਿੱਚ, ਇਸ ਨਾਰੀ ਨੇ ਮਹਾਰਾਣੀ ਮਾਰੀ ਐਂਟਵੁਨੇਟ ਦੀ ਅਖ਼ਤਿਆਰੀ ਤਸਵੀਰ-ਬਨਾਉਣਵਾਲੀ ਬਣਨ ਲਈ ਹਰ ਮੁਸ਼ਕਿਲ ਨੂੰ ਲੜਾਈ ਦਿੱਤੀ। ਕਲਾ ਜਗਤ ਅਤੇ ਫ਼ਰਾਂਸੀਸੀ ਕ੍ਰਾਂਤੀ ਦੀ ਰਾਜਨੀਤੀ- ਦੋਵ੍ਹਾਂ ਵਿੱਚ ਸਫ਼ਲਤਾ ਨਾਲ ਵਿਚਰਦੀ, ਉਸ ਸੈਂਕੜੇ ਪੋਰਟ੍ਰੇਟ ਬਣਾਏ, ਸਿਖਰ-ਸੁਹਜ ਨੂੰ

ਭਾਵਨਾਤਮਕ ਬੁੱਧੀ ਨਾਲ ਜੋੜਦੇ- ਨਵੇਂ ਸਿਰਿਓਂ ਨਵੀਂ ਤਰ੍ਹਾਂ ਉਲੀਕਦੀ ਕਿ ਨਾਰੀ, ਖਾਸ ਕਰਕੇ ਸ਼ਾਹੀ, ਨੂੰ ਕਿਵੇਂ ਦਰਸਾਇਆ ਜਾਏ।

ਸਸਕੀਆ ਅਤੇ ਪਾਊਲਾ ਮੋਡਰਸੋਨ-ਬੈੱਕਰ

ਸਸਕੀਆ, 17ਵੀਂ ਸਦੀ ਦੀ ਇੱਕ ਘੱਟ ਜਾਣੀ ਜਾਂਦੀ ਡੱਚ ਸ਼ਖ਼ਸੀਅਤ, ਮਸ਼ਹੂਰ ਚਿੱਤ੍ਰਕਲਾਕਾਰ ਰੈਂਬ੍ਰਾਂ ਦੀ ਪਤਨੀ- ਅਤੇ ਪਾਊਲਾ ਮੋਡਰਸੋਨ-ਬੈੱਕਰ, ਸ਼ੁਰੂ 20ਵੀਂ ਸਦੀ ਦੀ ਇੱਕ ਪ੍ਰਮੁੱਖ ਜਰਮਨ ਪ੍ਰਗਟਾਵਾਵਾਦੀ, ਇਨ੍ਹਾਂ ਦੋਹਾਂ ਆਪਣੀਆਂ ਆਪਣੀਆਂ ਕਲਾਕਿਰਤਾਂ ਵਿੱਚ ਨਾਰੀ ਦਾ ਅੰਦਰਲਾ ਅਤੇ ਨਿੱਜੀ ਅਨੁਭਵ ਲਿਆਂਦਾ। ਪਾਊਲਾ, ਨਗਨ ਸਵੈ-ਪੋਰਟਰੇਟ ਪੇਂਟ ਕਰਨ ਵਾਲੀਆਂ ਪਹਿਲੀਆਂ ਔਰਤਾਂ ਵਿੱਚੋਂ ਇੱਕ, ਨੇ ਮਰਦ ਦੇ ਤੱਕਣ ਨੂੰ ਚੁਣੌਤੀ ਦਿੱਤੀ ਅਤੇ ਕਲਾਕਾਰੀ ਅਤੇ ਵਿਸ਼ਾ ਬਣਨ, ਦੋਵਾਂ ਵਿੱਚ ਆਪਣੀ ਅਜ਼ਾਦੀ ਦਾ ਡੰਕਾ ਵਜਾਇਆ।

ਫ਼ਰੀਦਾ ਕਾਹਲੋ ਅਤੇ ਅੰਮ੍ਰਿਤਾ ਸ਼ੇਰਗਿੱਲ

20ਵੀਂ ਸਦੀ ਵਿੱਚ, ਮੈਕਸੀਕੋ ਵਿੱਚ ਫ਼ਰੀਦਾ ਕਾਹਲੋ ਅਤੇ ਭਾਰਤ ਵਿੱਚ ਅੰਮ੍ਰਿਤਾ ਸ਼ੇਰਗਿੱਲ ਨੇ ਡੂੰਘੇ ਚਿੰਤਨ ਰਾਹੀਂ ਨਵੇਂ ਪੂਰਨੇ ਪਾਉਂਦਿਆਂ ਪੱਛਮੀ ਪੇਂਟਿੰਗ ਤਕਨੀਕਾਂ ਨੂੰ ਆਪਣੀਆਂ ਨਾਰ-ਪਛਾਣਾਂ ਅਤੇ ਬਸਤੀਵਾਦ ਦੀਆਂ ਸ਼ਿਕਾਰ ਹੋਣ ਦੀਆਂ ਪਛਾਣਾਂ ਅਤੇ ਸਭਿਆਚਾਰਕ ਤੌਰ 'ਤੇ ਆਪਣੇ ਰਲ਼ੇ-ਮਿਲ਼ੇ ਹੋਣ ਦੀਆਂ ਪਛਾਣਾਂ ਨਾਲ ਇੱਕ ਕੀਤਾ। ਦੋਹਾਂ ਆਪਣੀਆਂ ਯਾਤਰਾਵਾਂ ਮਰਦ ਕਲਾਕਾਰਾਂ ਅਤੇ ਰਾਹ-ਦਿਖਾਵਿਆਂ ਤੋਂ ਪ੍ਰਭਾਵਤ ਹੋ ਕੇ ਸ਼ੁਰੂ ਕੀਤੀਆਂ ਪਰ ਸ਼ਕਤੀਸ਼ਾਲੀ, ਮੌਲਿਕ ਅਵਾਜ਼ਾਂ ਵਾਂਗ ਵਿਕਸਤ ਹੋਈਆਂ। ਕਾਹਲੋ ਦੀ ਅਸਲੋਂ-ਪਰ੍ਹੇ ਵਾਲੀ ਸਵੈ-ਜੀਵਨੀਨੁਮਾ ਕਲਾਕਾਰੀ ਨੇ ਅਤੇ ਸ਼ੇਰ-ਗਿਲ ਵੱਲੋਂ ਯੂਰਪੀ ਸਿਖਲਾਈ ਨਾਲ ਭਾਰਤੀ ਸੁਹਜ-ਸ਼ਾਸਤਰ ਨੂੰ ਇੱਕ ਕੀਤੇ ਜਾਣ ਨੇ ਅਜੋਕੀਆਂ ਨਾਰੀ ਕਲਾਕਾਰਾਂ ਲਈ ਸੰਭਾਵਨਾਵਾਂ ਨੂੰ ਨਵੇਂ ਸਿਰਿਓਂ ਉਲੀਕਿਆ।

ਕਹਾਣੀ ਵਿਚ ਤਬਦੀਲੀ

ਸਾਰੇ ਇਤਿਹਾਸ ਵਿਚ, ਕਲਾਕੀ ਹੈ ਇਸ ਬਾਰੇ ਦੱਸੀ ਜਾਂਦੀ ਕਹਾਣੀ - ਭਾਵੇਂ ਸਾਹਿਤ, ਸੰਗੀਤ, ਨ੍ਰਿਤ, ਚਿਤ੍ਰਕਲਾ, ਮੂਰਤੀਕਲਾ, ਇਮਾਰਤਸਾਜ਼ੀ ਜਾਂ ਸਿਨੇਮਾ ਦਾ ਖੇਤਰ ਹੋਵੇ- ਇਸ ਦੱਸਣੀ ਦੇ ਉੱਤੇ ਮਰਦਾਂ ਦਾ ਹੀ ਹੱਦੋਂ ਵੱਧ ਗਲਬਾ ਰਿਹਾ ਹੈ। ਨਾਰਾਂ, ਬੇਅੰਤ ਸਮਰੱਥਾ ਅਤੇ ਸਿਰਜਣਾਤਮਕਤਾ ਦੇ ਬਾਵਜੂਦ, ਅਕਸਰ ਹਾਸ਼ੀਏ 'ਤੇ ਧੱਕ ਦਿੱਤੀਆਂ ਜਾਂਦੀਆਂ ਰਹੀਆਂ, ਇਹ ਆਖ ਕਿ ਇਹ ਹੇਠਲੀ ਪੱਧਰ ਦੀਆਂ ਕਲਾਕਾਰ ਹਨ ਅਤੇ ਜਾਂ ਸਾਫ਼ ਹੀ ਉਨ੍ਹਾਂ ਨੂੰ ਮਾਣਤਾ ਦੇਣ ਤੋਂ ਇਨਕਾਰ ਕਰ ਕੇ।

ਨਾਰਾਂ ਦੀ ਕਲਾ ਜਗਤ ਵਿੱਚੋਂ ਗ਼ੈਰਹਾਜ਼ਰੀ ਕਲਾ-ਹੁਨਰ ਜਾਂ ਜਜ਼ਬੇ ਦੀ ਘਾਟ ਕਾਰਨ ਨਹੀਂ ਸੀ। ਸਗੋਂ, ਇਹ ਢਾਂਚੇ ਵੱਲੋਂ ਹੀ ਪਾਈਆਂ ਗਈਆਂ ਰੁਕਾਵਟਾਂ ਦਾ ਨਤੀਜਾ ਸੀ- ਸਮਾਜਕ, ਸੱਭਿਆਚਾਰਕ ਅਤੇ ਆਰਥਕ। ਵਿਦਿਅਕ ਸੰਸਥਾਵਾਂ ਨਾਰੀ ਲਈ ਬੰਦ ਸਨ, ਅਪ੍ਰੈਂਟਿਸਸ਼ਿਪਾਂ (ਸਿਖਾਂਦਰੂ ਲੱਗਣਾ- ਸੰ.) ਮਰਦਾਂ ਲਈ ਰਾਖਵੀਆਂ ਸਨ, ਅਤੇ ਸਮਾਜਕ ਨਿਯਮਾਂ ਨਾਰਾਂ ਨੂੰ ਘਰੇਲੂ ਥਾਵਾਂ ਤੱਕ ਹੀ ਸੀਮਤ ਰੱਖਿਆ।

ਇਸ ਤੋਂ ਇਲਾਵਾ, ਨਾਰਾਂ ਨੂੰ ਅਕਸਰ ਵੱਧ ਸਖ਼ਤ ਇਨਸਾਫ਼ ਨਾਲ ਦੋ ਚਾਰ ਹੋਣਾ ਪੈਂਦਾ ਹੈ। ਕਿਸੇ ਸਫ਼ਲ ਮਰਦ ਕਲਾਕਾਰ ਦੀ ਤਾਂ ਉਸਦੇ ਸਮਰਪਣ ਲਈ ਪ੍ਰਸੰਸਾ ਕੀਤੀ ਜਾਂਦੀ ਹੈ; ਨਾਰੀ, ਬਰਾਬਰ ਦੀ ਵਚਨਬੱਧਤਾ ਲਈ, ਘਰ ਜਾਂ ਬੱਚਿਆਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਸਹੇੜ ਸਕਦੀ ਹੈ। ਸਮਾਜ ਵਿਚ ਇਹ ਦੋਹਰਾ ਮਾਪਦੰਡ, ਅੱਜ ਵੀ ਜ਼ੋਰ ਪਾਉਂਦਾ ਹੈ।

ਹੋਰ ਵੀ ਜ਼ਰੂਰੀ, ਇਹ ਵਿਚਾਰ ਕਿ ਨਾਰੀਪੁਣਾ ਅਤੇ ਰਚਨਾਤਮਕਤਾ ਆਪਸ ਵਿਚ ਉਲਟ ਚੱਲਦੀਆਂ ਚੀਜ਼ਾਂ ਹਨ, ਇਸ ਵਿਚ ਬਹੁਤ ਨੁਕਸ ਹੈ। ਨਾਰੀ ਨੂੰ ਮਹਾਨ ਕਲਾ ਸਿਰਜਣ ਲਈ ਆਪਣਾ ਤੱਤ ਗੁਆਉਣ ਦੀ ਲੋੜ ਨਹੀਂ - ਇਸਦੇ ਉਲਟ, ਸਗੋਂ, ਉਸਦੇ ਅਨੁਭਵ, ਉਸਦੀਆਂ ਭਾਵਨਾਵਾਂ ਅਤੇ ਨਾਰੀ ਹੋਣ ਪੱਖੋਂ ਉਸਦੀ ਤੱਕਣੀ ਉਸਦੀ ਕਲਾਕਾਰੀ ਨੂੰ ਅਮੀਰ ਬਣਾਉਂਦੀ ਹੈ। ਦੁਨੀਆਂ ਨੂੰ ਨਾਰੀ ਦੇ ਆਪਣੇ ਆਪ ਨੂੰ ਬਦਲਣ ਦੀ ਲੋੜ ਨਹੀਂ ਹੈ, ਸਗੋਂ ਇਹ ਤਾਂ ਖ਼ੁਦ ਸਮਾਜ ਹੈ ਜਿਸ ਨੂੰ ਨਾਰੀਪੁਣੇ, ਸਫ਼ਲਤਾ ਅਤੇ ਰਚਨਾਤਮਕਤਾ ਬਾਰੇ ਆਪਣੀਆਂ ਪ੍ਰੀਭਾਸ਼ਾਵਾਂ ਚੌੜੀਆਂ ਕਰਨ ਦੀ ਲੋੜ ਹੈ।

ਜਿੱਥੇ 21ਵੀਂ ਸਦੀ ਵਿੱਚ ਕਮਾਲ ਦੀ ਤਬਦੀਲੀ ਆਈ ਹੈ ਕਿ ਨਾਰੀ ਕਲਾਕਾਰਾਂ ਨੂੰ ਕਿਵੇਂ ਸਮਝਿਆ ਅਤੇ ਸਨਮਾਨਿਆ ਜਾਏ, ਇਹ ਸਫ਼ਰ ਅਜੇ ਬਹੁਤ ਲੰਮਾ ਹੈ। ਹੁਣ ਕੇਂਦਰੀ ਸੰਘਰਸ਼ ਪਛਾਣ ਮੰਨਣ ਦਾ ਹੀ ਨਹੀਂ ਰਿਹਾ- ਸਗੋਂ ਇਹ ਹਿੱਸੇਦਾਰੀ ਦੇਣ, ਸਾਥ ਦੇਣ, ਅਤੇ ਬਿਨਾਂ ਸਮਝੌਤਾ ਕੀਤੇ ਸਿਰਜਣਾ ਕਰਨ ਦੀ ਅਜ਼ਾਦੀ ਦੇਣ ਬਾਰੇ ਹੈ। ਅਸਲੀ ਤਰੱਕੀ ਉਦੋਂ ਹੋਈ ਹੋਵੇਗੀ ਜਦੋਂ ਨਾਰਾਂ ਨੂੰ ਕਲਾਕਾਰ ਹੋਣ ਅਤੇ ਨਾਰਾਂ ਹੋਣ ਵਿਚੋਂ ਇੱਕ ਦੀ ਚੋਣ ਨਹੀਂ ਕਰਨੀ ਪਏਗੀ- ਜਦੋਂ ਉਹ ਪੂਰੀ ਤਰ੍ਹਾਂ ਦੋਏ ਹੋ ਸਕਦੀਆਂ ਹੋਣਗੀਆਂ, ਬਿਨਾਂ ਖਿਮਾਜਾਚਨਾ ਜਾਂ ਨੁਕਸਾਨ ਦੇ।

ਅੰਮ੍ਰਿਤਾ ਸ਼ੇਰ-ਗਿਲ ਦੀ "ਲਿਟਲ ਗਰਲ ਇਨ ਬਲੂ"।

ਅਨੁਵਾਦ: ਪੂਨਮ ਸਿੰਘ

ਤਿੰਨ ਸਿੱਖਿਆਦਾਇਕ ਸ਼ਖ਼ਸੀਅਤਾਂ-2

ਗੁਰਬਖ਼ਸ਼ ਸਿੰਘ

2

ਸਾਨੂੰ ਦੋਹਾਦ ਵਿਚ ਰਹਿੰਦਿਆਂ ਇੱਕ ਵਰ੍ਹਾ ਹੋਣ ਲੱਗਾ ਸੀ। ਨਵਤੇਜ ਦਾ ਖਿਡਾਵਾ ਉਹਨੂੰ ਗੱਡੀ ਵਿੱਚ ਪਾ ਕੇ ਸ਼ਾਮੀਂ ਸੈਰ ਕਰਾਣ ਜਾਂਦਾ ਇੱਕ ਪਾਦਰੀ ਸਾਹਿਬ ਦੇ ਬੰਗਲੇ ਅੱਗੋਂ ਲੰਘਦਾ ਹੁੰਦਾ ਸੀ। ਪਾਦਰੀ ਸਾਹਿਬ ਦੀ ਮੇਮ ਕਈ ਵਾਰੀ ਨਵਤੇਜ ਨੂੰ ਪਿਆਰ ਦੇਣ ਲਈ ਸੜਕ ਉਤੇ ਆ ਜਾਇਆ ਕਰਦੀ ਸੀ।

ਅਚਾਨਕ ਨਵਤੇਜ ਨੂੰ ਵੱਡੀ ਮਾਤਾ ਨਿਕਲ ਆਈ। ਉਹਦਾ ਸਾਰਾ ਨਿੱਕਾ ਜਿਹਾ ਸਰੀਰ ਭਰੇ ਫਲੂਹਿਆਂ ਦਾ ਇੱਕ ਦਰਿਆ ਬਣ ਗਿਆ। ਫਲੂਹਿਆਂ ਦੀ ਝੱਗ ਹੇਠਾਂ ਉਹਦੇ ਨਕਸ਼ ਸਾਨੂੰ ਦਿਸਣੋਂ ਹਟ ਗਏ। ਅਸੀਂ ਬੜੇ ਉਦਾਸ ਹੋ ਗਏ। ਨਾਲੇ ਸਾਡਾ ਘਰ ਕੁਆਰਨਟੀਨ ਬਣਾ ਦਿੱਤਾ ਗਿਆ। ਫਾਟਕ ਉਤੇ ਚਿਤਾਵਣੀ-ਫੱਟਾ ਲੱਗ ਗਿਆ, ਬਾਹਰਲਾ ਕੋਈ ਸਾਡੇ ਘਰ ਨਹੀਂ ਸੀ ਆ ਸਕਦਾ, ਅੰਦਰਲਾ ਕੋਈ ਬਾਹਰ ਨਹੀਂ ਸੀ ਜਾ ਸਕਦਾ। ਦੋ ਨੌਕਰ ਸਾਡੇ ਅਹਾਤੇ ਵਿੱਚ ਰਹਿੰਦੇ ਫਾਟਕ ਤੋਂ ਦੁਨੀਆ ਨਾਲ ਸਾਡੀ ਕੁਝ ਸਾਂਝ ਕਾਇਮ ਰਖੀ ਰਖ ਰਹੇ ਸਨ।

ਵਰਾਂਡੇ ਵਿਚੋਂ ਸਾਰਾ ਸ਼ਹਿਰ ਵਸਦਾ ਤੇ ਕਲੋਲ ਕਰਦਾ ਮੈਂ ਵੇਖਦਾ ਸਾਂ, ਪਰ ਨਾ ਕੋਈ ਤੱਕਣੀ ਤੇ ਨਾ ਕੋਈ ਆਵਾਜ਼ ਸਾਡੇ ਲਈ ਹੁੰਦੀ ਸੀ, ਕਿਸੇ ਦੀ ਸਾਨੂੰ ਉਡੀਕ ਨਹੀਂ ਸੀ ਹੁੰਦੀ। ਬੇ-ਉਡੀਕ ਬੰਦਾ ਮੌਤ ਨੂੰ ਉਡੀਕਣਾ ਵੀ ਪਰਵਾਨ ਕਰ ਲੈਂਦਾ ਹੈ। ਨਵਤੇਜ ਦੀ ਮਾਂ ਮੇਰੇ ਜਿੰਨੀ ਉਦਾਸ ਨਹੀਂ ਸੀ। ਉਹਨੂੰ ਆਪਣੇ ਬੱਚੇ ਦਾ ਆਹਰ ਉਦਾਸ ਹੋਣ ਜੋਗਾ ਸਮਾਂ ਨਹੀਂ ਸੀ ਦੇਂਦਾ। ਪਰ ਮੈਂ ਬੱਚੇ ਨੂੰ ਹੱਥ ਲਾਣੋਂ ਡਰਦਾ ਸਾਂ ਤੇ ਹੈਰਾਨ ਹੁੰਦਾ ਸਾਂ ਕਿ ਉਹਦੀ ਮਾਂ ਕੀਕਰ ਅਛੂਹ ਹੱਥੋਂ ਉਹਨੂੰ ਚੁੱਕ ਕੇ ਵਰਚਾ ਲੈਂਦੀ ਸੀ।

ਵਸਦੀ ਦੁਨੀਆ ਵਿਚਾਲੇ ਸਾਡੇ ਬੰਗਲੇ ਨੂੰ ਬੀਆਬਾਨ ਬਣਿਆਂ ਸੱਤਵਾਂ ਦਿਨ ਸੀ। ਚਪੜਾਸੀ ਨੇ ਕਿਸੇ ਮੇਮ ਦਾ ਮਿਲਣ ਆਉਣਾ ਦੱਸਿਆ, ਮੈਂ ਕਾਹਲੀ ਕਾਹਲੀ ਫਾਟਕ ਉਤੇ ਗਿਆ। ਪਾਦਰੀ ਸਾਹਿਬ ਦੀ ਮੇਮ ਸੀ। ਕਹਿਣ ਲੱਗੀ-“ਕਈ ਦਿਨਾਂ ਤੋਂ ਤੁਹਾਡਾ ਬੱਚਾ ਸੈਰ ਨਹੀਂ ਸੀ ਗਿਆ । ਮੈਂ ਪੁਛ-ਗਿਛ ਕੀਤੀ, ਮਾਤਾ ਨਿਕਲੀ ਦਾ ਪਤਾ ਮਿਲਿਆ। ਮੈਨੂੰ ਮਾਤਾ ਨਿਕਲ ਚੁੱਕੀ ਹੈ। ਮੈਨੂੰ ਖ਼ਤਰਾ ਕੋਈ ਨਹੀ, ਤੇ ਪਾਦਰੀ ਸਾਹਿਬ ਕੋਲੋਂ ਪੁੱਛ ਕੇ ਮੈਂ ਆਪਣਾ ਘਰ ਆਪੇ ਕੁਆਰਨਟੀਨ ਬਣਾ ਲਿਆ ਹੈ- ਮੈਂ ਤੁਹਾਡੇ ਘਰ ਦੇ ਸਿਵਾ ਹੋਰ ਕਿਧਰੇ ਨਹੀਂ ਜਾਵਾਂਗੀ, ਪਾਦਰੀ ਸਾਹਿਬ ਨੇ ਵੀ ਕੁਝ ਲਿਖਾਈ ਕਰਨ ਲਈ ਛੁੱਟੀ ਲੈ ਲਈ ਹੈ।”

ਮੇਮ ਦੇ ਹੱਥ ਵਿਚ ਇੱਕ ਪਾਰਸਲ ਸੀ। ਉਹਨੂੰ ਮੈਂ ਨਵਤੇਜ ਦੇ ਕਮਰੇ ਵਿਚ ਲੈ ਗਿਆ। ਆਪਣੀ ਪਤਨੀ ਨੂੰ ਮੇਮ ਦੀ ਮਿਹਰਬਾਨ-ਦਿਲੀ ਦੀ ਗੱਲ ਸੁਣਾਈ। ਮੇਰੀ ਪਤਨੀ ਐਡੀ ਵੱਡੀ ਸਖਾਵਤ ਦਾ ਖ਼ਿਆਲ ਕਰ ਕੇ ਪਸੀਜ ਪਈ ਤੇ ਜਦੋਂ ਮੇਮ ਨੇ ਪਾਰਸਲ ਖੋਲ੍ਹ ਕੇ ਇੱਕ ਕੂਲੀ ਚਿੱਟੀ ਜੱਤ ਵਾਲਾ ਰਿੱਛ ਉਹਦੇ ਨਿਢਾਲ ਬੱਚੇ ਨੂੰ ਦੇਣ ਲਈ ਅਗਾਂਹ ਕੀਤਾ ਤਾਂ ਉਹਦੀਆਂ ਅੱਖਾਂ ਵਿਚ ਪ੍ਰਸ਼ੰਸਾ ਦੇ ਹੰਝੂ ਆ ਗਏ।

ਮੇਮ ਰੋਜ਼ ਸਾਡੇ ਘਰ ਆਉਂਦੀ। ਨਵਤੇਜ ਨਾਲ ਖੇਡਦੀ, ਤੇ ਸਾਡੇ ਨਾਲ ਵੀ ਕਈ ਚੰਗੀਆਂ ਗੱਲਾਂ ਕਰਦੀ।

ਮੈਨੂੰ ਅਮ੍ਰੀਕਾ ਤੋਂ ਲੰਦਨ ਆਉਂਦਿਆਂ ਜਹਾਜ਼ ਉਤੇ ਮਿਲੀ ਮਿਸ਼ਨਰੀ ਭੈਣ ਯਾਦ ਆਈ। ਉਹਦੇ ਨਾਲ ਐਲਿਜ਼ੀ ਦੀ ਖ਼ਾਹਸ਼ ਵੀ ਯਾਦ ਆਈ ਕਿ ਉਹ ਲੋਕਾਂ ਦੀ ਸੇਵਾ ਲਈ ਡਾਕਟਰ ਬਣਨਾ ਚਾਹੁੰਦੀ ਸੀ।

ਮਿਸ਼ਨਰੀ ਭੈਣ ਬੜੀ ਚੰਗੀ ਸੀ, ਪਰ ਜਿਹੜੀਆਂ ਗੱਲਾਂ ਅਸੀਂ ਕਰਦੇ ਸਾਂ, ਧਰਮ ਗੁਨਾਹ ਤੇ ਮੁਕਤੀ ਦੀਆਂ, ਉਹਨਾਂ ਕਾਰਨ ਸਾਡੀ ਕੋਈ ਸਾਂਝ ਵਧੀ ਨਹੀਂ ਸੀ। ਸਿਰਫ਼ ਅਸਤ ਹੁੰਦੇ ਸੂਰਜ ਨੂੰ ਵੇਖ ਕੇ ਇੱਕ ਸਾਂਝੀ ਪ੍ਰਸ਼ੰਸਾ ਅਸਾਂ ਇਕੱਠਿਆਂ ਮੁਸਕਰਾਈ ਸੀ।

ਓਸੇ ਹੀ ਤਰ੍ਹਾਂ ਪਾਦਰੀ, ਮੇਮ ਤੇ ਮੈਂ ਹਫ਼ਤਾ ਭਰ ਗੱਲਾਂ ਕੀਤੀਆਂ, ਪਰ ਸਾਡੀ ਦੋਸਤੀ ਕੋਈ ਵਧੀ ਨਾ।

ਮੇਮ ਬੜੀ ਹੀ ਸਿਆਣੀ ਇਸਤਰੀ ਸੀ। ਸਾਡੀ ਕੁਆਰਨਟੀਨ ਖ਼ਤਮ ਹੋਣ

“ਕੌਣ ਐਸ ਵੇਲੇ, ਖ਼ਾਨ ਸਾਹਿਬ ਗੌਂਦਾ ਹੋ ਸਕਦੈ!” ਮੈਂ ਕੰਮ-ਨਿਗਰਾਨ ਕੋਲੋਂ ਪੁੱਛਿਆ।
“ਸਾਡੇ ਹੀ ਭੀਲ ਮਜ਼ਦੂਰ ਨੇ।” ਉਹਨੇ ਜਵਾਬ ਦਿੱਤਾ।
“ਪਰ ਸਾਰਾ ਦਿਨ ਏਡੀ ਸਖਤ ਮਿੱਟੀ ਪੁੱਟ ਕੇ ਵੀ ਉਹ ਏਨੀ ਰਾਤ ਗਈ ਤਕ ਗੌਂ ਨੱਚ ਸਕਦੇ ਨੇ? ”
ਮੈਂ ਹੈਰਾਨ ਹੋ ਕੇ ਪੁੱਛਿਆ।
“ਇਹ ਲੋਕ ਬੜੇ ਰੰਗੀਲੇ ਨੇ।-ਕਈ ਵਾਰੀ ਮੈਂ ਇਹਨਾਂ ਨੂੰ ਸਾਰੀ ਸਾਰੀ ਰਾਤ ਨੱਚਦਿਆਂ ਤੇ ਦੂਜੇ ਦਿਨ
ਓਸੇ ਤਰ੍ਹਾਂ ਕੰਮ ਉਤੇ ਡਟਿਆਂ ਵੇਖਿਐ- ਤੁਹਾਡਾ ਜੋਤੀਆ ਤਾਂ ਨੱਚਦਾ ਥੱਕਦਾ ਹੀ ਨਹੀਂ!”
“ਕੀ ਉਹ ਵੀ ਏਥੇ ਹੀ ਰਹਿੰਦੈ?”

ਬਾਅਦ ਸ਼ੁਕਰੀਆ ਕਰਨ ਲਈ ਮੈਂ ਪਾਦਰੀ ਸਾਹਿਬ ਦੇ ਬੰਗਲੇ ਗਿਆ। ਪਾਦਰੀ ਸਾਹਿਬ ਡਾਕਟਰ ਸਨ। ਲੋਕਾਂ ਦੀ ਬੜੀ ਸੇਵਾ ਕਰਦੇ ਸਨ। ਉਨ੍ਹਾਂ ਦੇ ਘਰ ਵਿਚ ਪਲੇਟੀਅਰ ਸਾਹਿਬ ਵਰਗਾ ਸਹਿਮ ਨਹੀਂ ਸੀ। ਕੋਈ ਸਖ਼ਤ ਲਫ਼ਜ਼ ਬੋਲਿਆ ਨਹੀਂ ਸੀ ਜਾਂਦਾ। ਪਰ ਲਫ਼ਜ਼ ਕੋਮਲ ਹੁੰਦਿਆਂ ਵੀ ਉਨ੍ਹਾਂ ਵਿਚ ਚਮਕ ਕੋਈ ਨਹੀਂ ਸੀ। ਪਤੀ ਪਤਨੀ ਨੂੰ ਇੱਕ ਦੂਜੇ ਦਾ ਬੜਾ ਲਿਹਾਜ਼ ਸੀ, ਪਰ ਦਿਲ ਦੇ ਸਾਥੀਆਂ ਵਰਗਾ ਉਛਾਲਾ ਕੋਈ ਨਹੀਂ ਸੀ।

ਪਤੀ ਪਤਨੀ ਦੋਵੇਂ ਰੱਬ ਦੇ ਕੰਮਾਂ ਵਿਚ ਜੁਟੇ ਹੋਏ ਸਨ। ਉਹਨਾਂ ਦੇ ਚੰਗੇ ਕੰਮ

ਦੀ ਬੜੀ ਸ਼ੁਹਰਤ ਸੀ। ਪਰ ਜਾਪਦਾ ਸੀ ਕਿ ਉਹ ਸਭ ਕੁਝ ਰੱਬ ਲਈ ਹੀ ਕਰਦੇ ਸਨ, ਮੁਕਤੀ ਲਈ ਜਿਉਂਦੇ ਸਨ। ਇੱਕ ਦੂਜੇ ਨੂੰ ਉਹ ਰੋਜ਼ਾਨਾ ਦੇਂਦੇ ਤਾਂ ਬਹੁਤ ਕੁਝ ਸਨ, ਪਰ ਦੇਂਦੇ ਰੱਬ ਦੇ ਨਾਂ ਉਤੇ ਸਨ। ਆਪਣੇ ਵੱਲੋ ਕਿਸੇ ਨੂੰ ਜਾਂ ਸਾਥੀ ਨੂੰ ਕੁਝ ਦੇਣ ਦੇ ਸਵਰਗ ਦਾ ਸਵਾਦ ਉਹਨਾਂ ਚੱਖਿਆ ਹੀ ਨਹੀਂ ਸੀ। ਪਤੀ ਨੇ ਰੱਬ ਕੋਲੋਂ ਬੱਚਾ ਤਾਂ ਸ਼ਾਇਦ ਕਈ ਵਾਰੀ ਮੰਗਿਆ ਹੋਵੇ ਪਰ ਆਪਣੀ ਪਤਨੀ ਕੋਲੋਂ ਮੰਗਣ ਨੂੰ ਉਹੀ ਨਿਸੰਗਤਾ ਸਮਝਿਆ ਹੋਇਆ ਸੀ। ਸ਼ਾਇਦ ਏਸੇ ਲਈ ਪਤਨੀ ਦੀ ਗੋਦ ਵਿਚੋਂ ਕੋਈ ਕੋਂਪਲ ਹਰੀ ਨਹੀਂ ਸੀ ਫੁੱਟੀ।

ਦੋ ਮਿਲਣੀਆਂ ਬਾਅਦ ਹੀ ਮੈਨੂੰ ਸਮਝ ਆ ਗਈ ਕਿ ਐਡੀ ਮਿਹਰਬਾਨ ਇਸਤਰੀ ਐਡੀ ਲੋੜ ਸਮੇਂ ਸਾਡੇ ਘਰ ਆਵੇ, ਏਉਂ ਸਾਡੇ ਬੱਚੇ ਨੂੰ ਖਿਡਾਵੇ ਤੇ ਫੇਰ ਵੀ ਸਾਡੇ ਪਸੀਜੇ ਦਿਲਾਂ ਵਿਚ ਕੋਈ ਜਵਾਰ ਨਾ ਉਛਾਲ ਜਾਏ।

ਉਹ ਦੋਵੇਂ ਚੰਗੇ ਪਤੀ ਪਤਨੀ ਸਭ ਕੁੱਝ ਰੱਬ ਲਈ ਕਰਦੇ ਸਨ। ਮਨੁੱਖ ਉਨ੍ਹਾਂ ਦਾ ਇਸ਼ਕ ਨਹੀਂ ਸਨ, ਸਿਰਫ਼ ਰੱਬ ਦਾ ਹੁਕਮ ਪਾਲਣ ਲਈ ਇੱਕ ਵਸੀਲਾ ਸਨ। ਪਲੇਟੀਅਰ ਸਰਦਾਰ ਤੇ ਪਾਦਰੀ ਤੇ ਮੇਮ ਵਿਚ ਫ਼ਰਕ ਸਿਰਫ਼ ਉਹਨਾਂ ਦੇ ਅਖਾੜੇ ਦਾ ਸੀ। ਪਾਦਰੀ ਸਾਹਿਬ ਤੇ ਉਨ੍ਹਾਂ ਦੀ ਮੇਮ ਦੇ ਅਖਾੜੇ ਵਿਚ ਬੀਮਾਰਾਂ, ਗੁਨਾਹਗਾਰਾਂ ਤੇ ਮੁਕਤੀ ਜਾਚਕਾਂ ਦੀ ਵਸੋਂ ਸੀ; ਤੇ ਪਲੇਟੀਅਰ ਸਰਦਾਰ ਦੇ ਅਖਾੜੇ ਵਿਚ ਜ਼ਿੰਦਗੀ ਦੀਆਂ ਰੋਜ਼ਾਨਾ ਲੋੜਾਂ ਨਾਲ ਘੁਲਣ ਵਾਲੇ ਤੇ ਪਿਆਰ-ਤੱਕਣੀ ਦੀ ਆਸ ਰੱਖਣ ਵਾਲੇ ਤੰਦਰੁਸਤ ਲੋਕ ਰਹਿੰਦੇ ਸਨ। ਪਲੇਟੀਅਰ ਸਾਹਿਬ ਵੀ ਆਪਣੇ ਦੁਆਲੇ ਬਹੁਤ ਕੁਝ ਦੇ ਰਹੇ ਸਨ; ਤੇ ਪਾਦਰੀ ਸਾਹਿਬ ਤੇ ਉਨ੍ਹਾਂ ਦੀ ਚੰਗੀ ਮੇਮ ਵੀ ਬੜਾ ਕੁਝ ਦੇ ਰਹੇ ਸਨ, ਪਰ ਤਿੰਨੇ ਕਿਸੇ ਅੰਦਰਲੀ ਮਜਬੂਰੀਓਂ ਸਿੱਧਾ ਰਿਸ਼ਤਾ ਲੋਕਾਂ ਨਾਲ ਨਾ ਬਣਾਨ ਕਰਕੇ ਦਿਲੋਂ ਅਭਿੱਜ ਰਹਿੰਦੇ ਸਨ।

ਪਰ ਜ਼ਿੰਦਗੀ ਵੀ ਡਾਢੀ ਨਖਰੇਲੋ ਹੈ; ਕਿਸੇ ਦੇ ਨਾਂ ਉਤੇ ਦਿੱਤੀਆਂ ਸੁਗਾਤਾਂ ਭਾਵੇਂ ਸਾਂਭ ਲਵੇ, ਉਹਨਾਂ ਦਾ ਹੁੰਗਾਰਾ ਕਦੇ ਨਹੀਂ ਦੇਂਦੀ। ਜਿੰਨਾ ਚਿਰ ਉਹਨੂੰ ਪ੍ਰੀਤਮਾ ਆਖ ਕੇ ਇਹਦੇ ਪ੍ਰੇਮ ਦੀ ਅਰਾਧਨਾ ਨਾ ਕਰੋ, ਇਹਦੀਆਂ ਬੁੱਲ੍ਹੀਆਂ ਉਤੇ ਉਹ ਮਸਤਾਨੀ ਮੁਸਕਾਨ ਨਹੀਂ ਆਉਂਦੀ, ਨਾ ਉਹ ਰੂਹ-ਛੇੜਵੀਂ ਅੰਗ-ਕੰਬਣੀ ਆਉਂਦੀ ਹੈ, ਜਿਦ੍ਹੇ ਲਈ ਹਰ ਮਨੁੱਖੀ ਦਿਲ ਕਿਸੇ ਨਾ ਕਿਸੇ ਸਮੇਂ ਬੇਤਾਬ ਹੋ ਜਾਂਦਾ ਹੈ।

3

ਕਈ ਸੌ ਏਕੜ ਜੰਗਲ ਬੀਆਬਾਨ ਨੇ ਕਈ ਹਜ਼ਾਰ ਕਾਮਿਆਂ ਦਾ ਵਸਦਾ ਸ਼ਹਿਰ ਬਣਨਾ ਸੀ, ਸੈਂਕੜੇ ਬੰਗਲੇ ਉਸਰਨੇ ਸਨ, ਬਿਜਲੀ ਲੱਗਣੀ ਸੀ, ਇੱਕ ਮਹਾਨ ਰੇਲ-ਇੰਜਣਾਂ ਦੀ ਵਰਕਸ਼ਾਪ ਪੰਜਾਂ ਵਰ੍ਹਿਆਂ ਵਿਚ ਮੁਕੰਮਲ ਹੋਣੀ ਸੀ ਉਹਦੇ ਤੇ ਘਰਾਂ ਲਈ ਨੌਂ ਮੀਲਾਂ ਤੋਂ ਪਾਣੀ ਲਿਆਉਣ ਲਈ ਸਰਵੇਖਣ ਮੈਂ ਕਰ ਚੁੱਕਾ ਸਾਂ। ਹਜ਼ਾਰਾਂ ਭੀਲ ਤੇ ਭੀਲਣੀਆਂ ਮਿੱਟੀ ਦੀ ਪੁਟਾਈ ਕਰਦੇ ਸਨ। ਮੇਰਾ ਰੋਜ਼ਾਨਾ ਮੁਆਇਨਾ ਮੈਨੂੰ ਕਈ ਕੰਮਾਂ ਉਤੇ ਖੜਦਾ ਸੀ। ਭੱਠੇ ਦੀਆਂ ਇੱਟਾਂ ਮੈਂ ਛੇਤੀ ਪਾਸ ਕਰ ਆਉਂਦਾ, ਕੰਕਰੀਟ ਦੀ ਰਲਾਈ ਉਤੇ ਵੀ ਝਾਤੀ ਮਾਰ ਆਉਂਦਾ, ਚੜ੍ਹਦੀਆਂ ਕੰਧਾਂ ਦੀ ਸਿਧਾਈ ਦੇ ਨੁਕਸ ਵੀ ਕੱਢ ਆਉਂਦਾ, ਪਰ ਬਹੁਤਾ ਵਕਤ ਜੇ ਕੁਝ ਵਿਹਲ ਹੋਵੇ ਤਾਂ ਮੈਂ ਉਥੇ ਲਾਂਦਾ ਸਾਂ ਜਿਥੇ ਇੰਜੀਨੀਅਰ ਦੇ ਵੇਖਣ ਵਾਲੀ ਕੋਈ ਗੱਲ ਨਹੀਂ ਸੀ ਹੁੰਦੀ।

ਕਿੰਨਾ ਕਿੰਨਾ ਚਿਰ ਮੈਂ ਮਿੱਟੀ ਦੀ ਪੁਟਾਈ ਕਰਦੇ ਇਸਤਰੀਆਂ ਮਰਦਾਂ ਨੂੰ ਵੇਖਦਾ ਰਹਿੰਦਾ ਸਾਂ, ਏਥੇ ਸ੍ਰਿਸ਼ਟੀ ਦੀ ਰਚਨਾ ਵਰਗੀ ਖੁੱਲ੍ਹ ਤੇ ਖੇੜਾ ਹੁੰਦੇ ਸਨ। ਕਈ ਜੋੜੇ ਠੇਕੇ ਉਤੇ ਇਕੱਠੇ ਕੰਮ ਕਰਦੇ ਸਨ। ਮਰਦ ਪੁੱਟਦਾ ਤੇ ਚੁਕਾਂਦਾ, ਇਸਤਰੀ ਟੋਕਰੀ ਸੁੱਟ ਆਉਂਦੀ ਸੀ। ਕਈ ਸਜ-ਵਿਆਹੇ, ਕਈ ਦਿਓਰ ਭਾਬੀ, ਕਈ ਮਾਂ ਪੁੱਤਰ। ਇਹ ਗੋਂਦੇ ਸਨ, ਇਹ ਚੁਕਾਂਦਿਆਂ ਅੱਖਾਂ ਵਿਚ ਹੱਸਦੇ ਸਨ, ਛੇੜਖਾਨੀ ਵੀ ਕਰ ਲੈਂਦੇ ਸਨ, ਮੇਟ-ਮਿਸਤਰੀ ਵੀ ਇਹਨਾਂ ਦੀ ਹੱਸ-ਖੇਡ ਵਿਚ ਰਾਜ਼ੀ ਰਹਿੰਦੇ ਸਨ। ਇਹਨਾਂ ਵਿਚੋਂ ਇੱਕ ਜੋੜਾ ਮੈਨੂੰ ਖ਼ਾਸ ਚੰਗਾ ਲੱਗਦਾ ਸੀ। ਗੱਭਰੂ ਦਾ ਨਾਂ ਸੀ ਜੋਤੀਆ, ਕੁੜੀ ਦਾ ਨਾਂ ਮੈਨੂੰ ਵਿਸਰ ਗਿਆ ਹੈ- ਉਹਨੂੰ ਓਦੋਂ ਵੀ ਮੈਂ ਜੋਤੀਏ ਦੀ ਜੋਤਿਸਨੀ ਆਖਿਆ ਕਰਦਾ ਸਾਂ, ਇਹੋ ਨਾਂ ਮੈਂ ਹੁਣ ਵੀ ਵਰਤ ਲੈਂਦਾ ਹਾਂ।

ਇਹ ਦੋਵੇਂ ਬੜੇ ਚੰਗੇ ਕਾਮੇ ਸਨ; ਇਹਨਾਂ ਦੇ ਮੂੰਹ ਬੜੇ ਖ਼ੁਸ਼ ਸਨ। ਇਹਨਾਂ ਦੇ ਜਿਸਮ ਬੜੇ ਸੁਡੌਲ ਸਨ, ਇਹ ਇੱਕ ਦੂਜੇ ਨਾਲ ਰਾਜ਼ੀ ਸਨ, ਇਹਨਾਂ ਦੇ ਕੰਮ ਦਾ ਨਾਪ ਵੀ ਦੂਜਿਆਂ ਨਾਲੋਂ ਬਹੁਤਾ ਨਿਕਲਦਾ ਸੀ। ਜੋਤੀਏ ਦੀ ਆਦਤ ਸੀ, ਨਾਪ ਵਾਲੀ ਬੁਰਜੀ ਨੂੰ ਛਿੱਲ ਕੇ ਤਰਾਸ਼ ਕੇ ਕਹੀ ਦੇ ਤਿੱਖੇ ਟੱਪਾਂ ਨਾਲ ਬੜੀ ਸੁਹਣੀ ਚਮਕਦੀ ਬਣਾ ਦੇਂਦਾ ਸੀ।
"ਤੂੰ ਕਿਉਂ ਏਨਾ ਵਕਤ ਲਾਨਾਂ ਏਂ," ਮੈਂ ਉਹਨੂੰ ਪੁੱਛਦਾ।
ਉਹ ਹੱਸ ਕੇ ਕਹਿੰਦਾ, "ਆਪਣੇ ਕੰਮ ਦੀ ਰਾਖੀ ਮੈਂ ਤੁਹਾਡੀ ਜੋਤਿਸਨੀ ਨੂੰ ਖੜਾ ਕਰ ਜਾਂਦਾ ਹਾਂ।"

ਕਦੇ ਜਦੋਂ ਮੈਨੂੰ ਇਹ ਜੋੜਾ ਨਹੀਂ ਸੀ ਦਿੱਸਦਾ, ਮੇਰੀਆਂ ਢੂੰਡਦੀਆਂ ਅੱਖਾਂ ਤੋਂ ਇਸ਼ਾਰਾ ਲੈ ਕੇ ਮਿਸਤਰੀ ਦੋਹਾਂ ਨੂੰ ਬੁਲਾ ਲਿਆਉਂਦਾ ਸੀ। ਕਈਆਂ ਦਾ ਖ਼ਿਆਲ ਸੀ ਮੈਨੂੰ ਜੋਤਿਸਨੀ ਚੰਗੀ ਲੱਗਦੀ ਏ, ਸ਼ਾਇਦ ਮੇਰੇ ਪਿੱਛੋਂ ਉਹਨਾਂ ਕੋਈ ਮੇਰਾ ਮਖ਼ੌਲ ਵੀ ਬਣਾਇਆ ਹੋਇਆ ਹੋਵੇ। ਤੱਦੇ ਜੋਤੀਆ ਵੀ ਸਾਥਣ ਨੂੰ ਮਖ਼ੌਲ ਨਾਲ ਆਖਦਾ ਸੀ, "ਜਾਹ ਤੈਨੂੰ ਸਾਹਬ ਨੇ ਬੁਲਾਇਐ।" ਉਹ ਅੱਗੋਂ ਸ਼ਰਮਾ ਕੇ ਆਖ ਦੇਂਦੀ; "ਨਹੀਂ ਤੂੰ ਜਾ, ਤੈਨੂੰ ਬੁਲਾਇਐ," ਤੇ ਮਿਸਤਰੀ ਮੁੱਛਾਂ ਵਿਚ ਹੱਸਦਾ ਦੋਹਾਂ ਨੂੰ ਲੈ ਆਉਂਦਾ ਸੀ।

ਜੋਤਿਸਨੀ ਦਾ ਰੰਗ ਪੂਰਾ ਪੱਕਾ ਕਾਲਾ, ..ਦੰਦ ਸੱਚੀਂ ਮੁੱਚੀਂ ਮੋਤੀਆਂ ਦੀ ਬੀੜ ਸਨ, ਅੱਖਾਂ ਐਉਂ ਸਨ ਜਿਉਂ ਆਕਾਸ਼ ਵਿਚ ਕੋਲ ਕੋਲ ਦੇ ਦੋ ਤਾਰੇ ਇੱਕ

ਦੂਜੇ ਵੱਲ ਝੰਮ ਝੰਮ ਕਰਦੇ ਹਨ, ਤੇ ਉਹਦੇ ਕਾਲੇ ਬੁੱਲ੍ਹਾਂ ਦੇ ਕੁੰਡਲ ਜਦੋਂ ਮੁਸਕਰਾਂਦੇ, ਜਾਪਦਾ ਤਾਰਿਆਂ-ਲਿਸ਼ਕਵੀਂ ਕਾਲੀ ਰਾਤ ਵਿਚ ਕੋਈ ਪਹੁ ਫੁੱਟ ਪਈ।
ਜਿਸਮ ਉਹਦਾ ਸੱਚੀਂ ਮੁੱਚੀਂ ਕੰਮ ਦਾ ਇੱਕ ਸੁਰੀਲਾ ਗੀਤ ਸੀ।

ਮੇਰੇ ਵੇਖਣ ਚਾਅ ਨਾਲ ਉਹਦੇ ਮੈਨੂੰ ਚੰਗੇ ਲੱਗਣ ਦਾ ਕੋਈ ਵਾਸਤਾ ਨਹੀਂ ਸੀ। ਚੰਗੀ ਲੱਗਦੀ ਸੀ ਉਹਨਾਂ ਦੀ ਪਿਆਰ-ਲੀਲ੍ਹਾ, ਜਿਹੜੀ ਉਹ ਦੋਵੇਂ ਸਾਰਾ ਦਿਨ ਆਪਣੇ ਕੰਮ ਉਤੇ ਰਚਾਈ ਰਖਦੇ ਸਨ। ਉਹਨਾਂ ਦੀ ਪਿਆਰ-ਲੀਲ੍ਹਾ ਮੇਰੇ ਅੰਦਰ ਵੀ ਕਦੇ ਕੋਈ ਸੰਭਵ ਜਾਂ ਅਸੰਭਵ ਪਿਆਰ-ਸੁਪਨਾ ਜਗਾ ਦੇਂਦੀ ਸੀ।

ਇੱਕ ਰਾਤ, ਯਾਰਾਂ ਵਜੇ ਮੈਨੂੰ ਸੁੱਤੇ ਨੂੰ ਜਗਾ ਕੇ ਚਪੜਾਸੀ ਨੇ ਵੱਡੇ ਸਾਹਿਬ ਦਾ ਰੁੱਕਾ ਦਿੱਤਾ। ਕੰਮਾਂ ਉਤੇ ਪਾਣੀ ਬੰਦ ਹੋ ਗਿਆ ਸੀ, ਟੁੱਟੀ ਪਾਈਪ-ਲਾਈਨ ਦੀ ਪੜਤਾਲ ਫ਼ੌਰਨ ਕੀਤੀ ਜਾਏ। ਆਪਣੇ ਕੰਮ-ਨਿਗਰਾਨ, ਮਿਸਤਰੀ ਤੇ ਦੋ ਪਲਾਸੀਆਂ ਨੂੰ ਲੈ ਕੇ ਮੈਂ ਅੱਧੀ ਰਾਤੀਂ ਜੰਗਲ ਵਿੱਚ ਫਿਰ ਰਿਹਾ ਸਾਂ। ਘੰਟਾ ਪੂਰਾ ਖ਼ੁਆਰ ਹੋ ਕੇ ਖ਼ਾਟਕ ਸਾਨੂੰ ਲੱਭਾ। ਠੀਕ ਕਰਾ ਕੇ ਮੈਂ ਪਾਈਪ ਉਤੇ ਸੁਖ ਦਾ ਸਾਹ ਲੈਣ ਲਈ ਬਹਿ ਗਿਆ।

ਗੌਂਦੇ ਬੋਲਾਂ ਤੇ ਨੱਚਦੇ ਪੈਰਾਂ ਦੀ ਆਵਾਜ਼, ਐਉਂ ਜਿਉਂ ਰਾਤ ਦੇ ਖ਼ਾਮੋਸ਼ ਅਸਮਾਨੋਂ ਝਰਦੀ ਆ ਰਹੀ ਸੀ।
"ਕੌਣ ਐਸ ਵੇਲੇ, ਖ਼ਾਨ ਸਾਹਿਬ ਗੌਂਦਾ ਹੋ ਸਕਦੈ!" ਮੈਂ ਕੰਮ-ਨਿਗਰਾਨ ਕੋਲੋਂ ਪੁੱਛਿਆ।
"ਸਾਡੇ ਹੀ ਭੀਲ ਮਜ਼ਦੂਰ ਨੇ।" ਉਹਨੇ ਜਵਾਬ ਦਿੱਤਾ।
"ਪਰ ਸਾਰਾ ਦਿਨ ਏਡੀ ਸਖਤ ਮਿੱਟੀ ਪੁੱਟ ਕੇ ਵੀ ਉਹ ਏਨੀ ਰਾਤ ਗਈ ਤਕ ਗੌਂ ਨੱਚ ਸਕਦੇ ਨੇ?"
ਮੈਂ ਹੈਰਾਨ ਹੋ ਕੇ ਪੁੱਛਿਆ।
"ਇਹ ਲੋਕ ਬੜੇ ਰੰਗੀਲੇ ਨੇ।-ਕਈ ਵਾਰੀ ਮੈਂ ਇਹਨਾਂ ਨੂੰ ਸਾਰੀ ਸਾਰੀ ਰਾਤ ਨੱਚਦਿਆਂ ਤੇ ਦੂਜੇ ਦਿਨ ਓਸੇ ਤਰ੍ਹਾਂ ਕੰਮ ਉਤੇ ਡਟਿਆਂ ਵੇਖਿਐ-ਤੁਹਾਡਾ ਜੋਤੀਆ ਤਾਂ ਨੱਚਦਾ ਥੱਕਦਾ ਹੀ ਨਹੀਂ!"
"ਕੀ ਉਹ ਵੀ ਏਥੇ ਹੀ ਰਹਿੰਦੈ?"
"ਇਹਨਾਂ ਦੀ ਇੱਕ ਵਸਤੀ ਅਸਾਂ ਏਸ ਪਾਸੇ ਤੇ ਦੂਜੀ ਦੂਜੇ ਪਾਸੇ ਪੁਆਈ ਹੋਈ ਏ- ਜੋਤੀਆ ਮੇਰੇ ਖ਼ਿਆਲੋਂ ਏਧਰ ਹੀ ਰਹਿੰਦੈ- ਜੇ ਘੜੀ ਵੇਖਣਾ ਚਾਹੋ ਤਾਂ?"
"ਪਰ ਉਹ ਬੁਰਾ ਨਾ ਮੰਨਣ!" ਮੈਂ ਪੁੱਛਿਆ ।
"ਉਹ ਸਗੋਂ ਖ਼ੁਸ਼ ਹੋਣਗੇ -ਇਹਨਾਂ ਲੋਕਾਂ ਵਿਚ ਪਰਦਾ ਕੋਈ ਨਹੀਂ- ਬੜੇ ਜ਼ਿੰਦਾ-ਦਿਲ ਲੋਕ ਹੁੰਦੇ ਨੇ।" ਖ਼ਾਨ ਸਾਹਿਬ ਨੇ ਉੱਤਰ ਦਿੱਤਾ।

ਅਸੀਂ ਉਹਨਾਂ ਕੋਲੋਂ ਜ਼ਰਾ ਦੁਰੇਡੇ ਖਲੋ ਗਏ ਮਤੇ ਨਾਚ ਵਿਚ ਵਿਘਨ ਪਾਂਦੇ ਹੋਈਏ। ਇੱਕ ਚੱਕਰ ਵਿਚ ਦਸ ਕੁ ਜੋੜੇ ਨਚ ਰਹੇ ਸਨ, ਵਿਚ ਵਿਚ ਉਹ ਬੋਲ ਵੀ ਕੱਢਦੇ ਸਨ। ਚੱਕਰ ਦੇ ਵਿਚਕਾਰ ਇੱਕ ਆਦਮੀ ਮਸ਼ਾਲ ਬਲਦੀ ਰੱਖ ਰਿਹਾ ਸੀ, ਦੂਜਾ ਢੋਲਕ ਵਜਾ ਰਿਹਾ ਸੀ। ਨਾਚਿਆਂ ਨਾਚੀਆਂ ਦਾ ਇੱਕ ਹੱਥ ਸੱਜੇ ਸਾਥੀ ਤੇ ਦੂਜਾ ਹੱਥ ਖੱਬੀ ਸਾਥਣ ਦੇ ਹੱਥ ਫੜਿਆ ਸੀ, ਤੇ ਉਹ ਤਾਲ ਵਿਚ ਪੈਰ ਮਾਰਦੇ ਚੱਕਰ ਵਿੱਚ ਸਾਦਾ ਜਿਹਾ ਨਾਚ ਨੱਚੀ ਜਾਂਦੇ ਸਨ। ਇੱਕ ਵਾਰੀ ਇੱਕ ਪਾਸੇ ਦੇ ਸਾਥੀ ਦੀਆਂ ਅੱਖਾਂ ਵਿਚ ਤੇ ਦੂਜੀ ਵਾਰੀ ਦੂਜੇ ਪਾਸੇ ਦੀ ਸਾਥਣ ਦੀਆਂ ਅੱਖਾਂ ਵਿਚ ਬੜੀ ਮਟਕ ਨਾਲ ਧੌਣ ਭੁਆਂ ਕੇ ਤਕਦੇ ਸਨ।

ਚੌਹ ਚਕਰਾਂ ਬਾਅਦ ਕਿਸੇ ਨੂੰ ਸਾਡੀ ਭਿਣਖ ਪੈ ਗਈ। ਚੱਕਰ ਟੁੱਟ ਗਿਆ, ਹੱਥ-ਮਾਲਾ ਖੁੱਲ੍ਹ ਗਈ।
ਕਿਸੇ ਆਖਿਆ, "ਸਾਹਬ।" ਇਕ ਜੋੜਾ ਸਾਡੇ ਵਲ ਦੌੜਦਾ ਆਇਆ। ਜੋਤੀਆ ਤੇ ਜੋਤਿਸਨੀ ਸਨ, ਉਹ ਬੜੇ ਖੁਸ਼ ਸਨ। ਨੇੜੇ ਆ ਕੇ ਵੇਖਣ ਦੀ ਦਾਅਵਤ ਜੋਤਿਸਨੀ ਨੇ ਚਾਂਬਲ ਚਾਂਬਲ ਕੇ ਦਿੱਤੀ। ਐਸ ਵੇਲੇ ਉਹ ਅਨੋਖੀ ਕਿਸਮ ਦੀ ਆਜ਼ਾਦੀ ਮੇਰੇ ਨਾਲ ਮਹਿਸੂਸ ਕਰ ਰਹੇ ਸਨ।
ਫੇਰ ਚੱਕਰ ਜੁੜ ਗਿਆ। ਜਦੋ ਜੋਤੀਆ ਤੇ ਜੋਤਿਸਨਾ ਮੇਰੇ ਕੋਲੋਂ ਦੀ ਪੈਰ ਮਾਰਦੇ ਤੇ ਇੱਕ ਦੂਜੇ ਉਤੇ ਅੱਖਾਂ ਮਟਕਾਂਦੇ ਲੰਘਦੇ ਤਾਂ ਉਹਨਾਂ ਦੀਆਂ ਅੱਖਾਂ ਬੜਾ ਕੁਝ ਆਖਦੀਆਂ ਮੈਂ ਸੁਣਦਾ। ਕੋਈ ਮਸਤੀ ਸੀ ਉਹਨਾਂ ਅੱਖਾਂ ਵਿਚ, ਕੋਈ ਪਛਾਣ ਸੀ, ਕੋਈ ਗਲਵਕੜੀ ਸੀ, ਇੱਕ ਦੂਜੇ ਤੋਂ ਬਲਿਹਾਰੇ ਜਾਣ ਦੀ ਕੋਈ ਤੜਫਣੀ ਸੀ।
ਉਹਨਾਂ ਦੀ ਹਰ ਅਦਾ ਕੁਝ ਦੂਜੇ ਦੀ ਆਤਮਾ ਵਿਚ ਧਰ ਜਾਂਦੀ ਤੇ ਕੁਝ ਲੈ ਜਾਂਦੀ ਸੀ।

ਅੱਧਾ ਘੰਟਾ ਮੈਂ ਉਹਨਾਂ ਦਾ ਰੂਹ-ਥਕੇਵੇਂ ਲਾਹੁੰਦਾ ਨਾਚ ਵੇਖਿਆ। ਉਹਨਾਂ ਦੇ ਰੂਹਾਨੀ ਖੇੜੇ ਦੀ ਦਾਦ ਦੇ ਕੇ ਅਸੀਂ ਚਲੇ ਆਏ। ਕਿੰਨਾ ਹੀ ਚਿਰ ਉਹਨਾਂ ਦੀ ਮਸ਼ਾਲ ਟਿਮਕਦੀ ਦਿੱਸਦੀ ਰਹੀ, ਤੇ ਮੇਰੇ ਮਨ ਦੀਆਂ ਅੱਖਾਂ ਵਿੱਚੋਂ ਕਿੰਨੀ ਵਾਰ ਜੋਤੀਏ ਤੇ ਉਹਦੀ ਜੋਤਿਸਨੀ ਦੀ ਨਸ਼ੀਲੀ ਮੁਸਕਰਾਹਟ ਲਿਸ਼ਕਦੀ ਰਹੀ।

ਘਰ ਪਹੁੰਚ ਕੇ ਕਿੰਨਾ ਹੀ ਚਿਰ ਮੈਨੂੰ ਨੀਂਦ ਨਾ ਆਈ। ਕਦੇ ਇਕ, ਕਦੇ ਦੂਜਾ, ਚਾਰ ਜੋੜੇ ਮੇਰੀਆਂ ਮੀਟੀਆਂ ਅੱਖਾਂ ਵਿਚ ਆਪੋ ਆਪਣੀ ਮਿੱਠੀ ਫਿੱਕੀ ਪਿਆਰ-ਰਾਸ ਰਚਾਂਦੇ ਰਹੇ। ਕਦੇ ਪਿਆਰ-ਸਹਿਕਦੀ ਸਰਦਾਰਨੀ (ਪਿਛਲੇ ਅੰਕ ਵਿਚ-ਸੰ.) ਕੋਲੋਂ ਖ਼ੁਸ਼ੀ-ਸਹਿਕਦਾ ਸਰਦਾਰ ਮੂੰਹ ਭੁਆਂਈ ਬੈਠਾ ਨਜ਼ਰੀਂ ਆਉਂਦਾ; ਕਦੇ ਰੱਬ ਕੋਲੋਂ ਬਾਲ-ਮੰਗਦੇ ਪਾਦਰੀ ਤੇ ਮੇਮ ਇੱਕ ਦੂਜੇ ਦੇ ਨੇੜੇ ਹੋ ਕੇ ਕੂਲੇ ਲਫ਼ਜ਼ ਬੋਲਦੇ, ਪਰ ਅੱਖਾਂ ਵਿਚ ਮੁਸਕਰਾ ਕੇ ਤਕਣੋਂ ਹਿਚਕਚਾਂਦੇ ਮੈਨੂੰ ਦਿਸਦੇ; ਕਦੇ ਆਪਣਾ ਤੇ ਕਦੇ ਪਤਨੀ ਦਾ ਖ਼ਿਆਲ ਆ ਜਾਂਦਾ। ਪਹਿਲੇ ਦੋਹਾਂ ਜੋੜਿਆਂ ਨਾਲੋਂ ਮਿਠੇਰੇ ਸੁਆਦ ਨੇ ਮੇਰੇ ਅੰਗਾਂ ਵਿਚੋਂ ਪੁਚਾਕਾ ਮਾਰਿਆ। ਪਰ ਆਹਾ! ਉਹ ਜੋਤੀਏ ਜੋਤਿਸਨਾ ਵਾਲਾ ਸੁਆਦ! ਕੰਮ ਉਤੇ ਇਕੱਠਿਆਂ ਗੌਣ ਤੇ ਸਾਰਿਆਂ ਵਿਚ ਨਿਸ਼ੰਗ ਹੋ ਕੇ ਨੱਚਣ ਦਾ ਸੁਆਦ- ਰਾਤੀਂ ਸੌਣ ਲੱਗਿਆਂ ਦਿਨ ਦੀ ਮੁਸ਼ੱਕਤ ਪਿਆਰ-ਮਿਲਣੀ ਵਿਚ ਭੁੱਲ ਜਾਣ ਦਾ ਸੁਆਦ!

ਸਿੰਘ ਬ੍ਰਦਰਜ਼ 9915048001 ਤੋਂ ਇਸ ਆਤਮਕਥਾ ਦੀਆਂ ਪੁਸਤਕਾਂ ਮਿਲ ਸਕਦੀਆਂ ਹਨ। -ਸੰ.

ਰੇਡੀਓ ਦੀਆਂ ਯਾਦਾਂ

ਸੀਜ਼ਨ ਦੋ ਐਪੀਸੋਡ- 21

ਅੱਜ ਗੱਲ ਮੀਸ਼ਾ ਜੀ ਦੀ ਕਰਦੇ ਹਾਂ, ਵਧੀਆ ਕਵੀ ਤੇ ਉਸ ਤੋਂ ਵੀ ਵਧੀਆ ਇਨਸਾਨ। ਇੱਕ ਦਿਨ, ਪਰਮਜੀਤ ਦੇ ਕਮਰੇ ਵਿੱਚ ਵੜਦਿਆਂ ਹੀ, ਨਜ਼ਰ ਸੱਜੇ ਪਾਸੇ ਕੰਧ ’ਤੇ ਲੱਗੀ ਅੰਮ੍ਰਿਤਾ ਦੀ ਫ਼ੋਟੋ ’ਤੇ ਪੈ ਗਈ। ਯਾਦ ਆਇਆ- ਇਹ ਤਾਂ ਮੀਸ਼ਾ ਜੀ ਦੇ ਕਮਰੇ ਵਿੱਚ ਲੱਗੀ ਹੁੰਦੀ ਸੀ। ਅੰਮ੍ਰਿਤਾ ਦੀ ਏਨੀ ਸੁਹਣੀ ਫ਼ੋਟੋ ਮੈਨੂੰ ਨਹੀਂ ਲੱਗਦਾ ਕੋਈ ਹੋਰ ਹੋਵੇਗੀ। ਪਰਮਜੀਤ ਨੇ ਦੱਸਿਆ- ਉਹਨੂੰ ਵੀ ਇਹ ਫ਼ੋਟੋ ਬਹੁਤ ਪਸੰਦ ਹੈ। 1976 ’ਚ ਮੈਂ ਇਹ ਮੀਸ਼ਾ ਜੀ ਦੇ ਕਮਰੇ ਵਿੱਚ ਦੇਖੀ ਸੀ। ਜਿੰਨੇ ਕੁ ਸੁਹਜ ਸੁਆਦ ਦੇ ਉਹ ਮਾਲਕ ਸਨ, ਉਹ ਹੀ ਕਿਤੋਂ ਲਿਆਏ ਹੋਣਗੇ ਇਹ ਤਸਵੀਰ! ਵੈਸੇ ਲਿਆਂਦੀ ਤਾਂ ਇਹ ਕਰਤਾਰ ਸਿੰਘ ਦੁੱਗਲ ਵੱਲੋਂ ਵੀ ਹੋ ਸਕਦੀ ਹੈ, ਜੋ ਇੱਥੋਂ ਦੇ ਸਟੇਸ਼ਨ ਡਾਇਰੈਕਟਰ ਸਨ, 1949 ਵਿੱਚ।

ਮੀਸ਼ਾ ਜੀ ਨੂੰ ਜਲੰਧਰ ਰੇਡੀਓ ਦੇ ਕਾਰੀਡੋਰ ਵਿੱਚ ਦੇਖਿਆ ਪਹਿਲੀ ਵਾਰ। ਮੈਨੂੰ ਦੇਖ ਕੇ ਉਹ ਰੁਕੇ- ‘ਤੁਸੀਂ ਆਏ ਹੋ ਸ੍ਰੀਨਗਰ ਤੋਂ?’ ‘ਜੀ’। ‘ਹੂੰਅ,’ ਉਨ੍ਹਾਂ ਮੇਰੇ ਵੱਲ ਨੀਝ ਨਾਲ ਤੱਕਦੇ ਹੋਏ ਕਿਹਾ। ਮੈਨੂੰ ਇਸ ਹੂੰਅ ਦੀ ਕੋਈ ਸਮਝ ਨਹੀਂ ਲੱਗੀ। “ਬੀਬਾ, ਧਿਆਨ ਨਾਲ ਰਹਿਉ”। ਦਿਲ ਤਾਂ ਕਰ ਰਿਹਾ ਸੀ, ਪੁੱਛਾਂ, ਕਿਵੇਂ? ਕਿਉਂ? ਪਰ ਉਮਰ ਦਾ ਲਿਹਾਜ਼, ਚੁੱਪ ਹੀ ਰਹੀ। ਏਨਾ ਜ਼ਰੂਰ ਲੱਗਾ- ਇਹ ਜੋ ਵੀ ਹਨ ਮੇਰੇ ਖ਼ੈਰ ਖ਼ਵਾਹ ਹਨ। ਉਨ੍ਹਾਂ ਆਪਣਾ ਨਾਂ ਦੱਸਿਆ- ‘ਮੈਂ ਸੋਹਣ ਸਿੰਘ ਮੀਸ਼ਾ’। ਬੇਸ਼ੱਕ ਐਮ ਏ ਪੰਜਾਬੀ ਕਰ ਚੁੱਕੀ ਸੀ ਪੰਜ ਸਾਲ ਪਹਿਲਾਂ, ਪਰ ਮੈਨੂੰ ਮੀਸ਼ਾ ਦੀ ਪੰਜਾਬੀ ਸਾਹਿਤ ਨੂੰ ਕਿਸੇ ਦੇਣ ਦਾ ਕੋਈ ਇਲਮ ਨਹੀਂ ਸੀ। ਇਸਦਾ ਕਾਰਣ ਪਿੰਡ ਰਹਿ ਕੇ ਕੀਤੀ ਪ੍ਰਾਈਵੇਟ ਤੌਰ ’ਤੇ ਐਮ ਏ ਹੋ ਸਕਦਾ ਹੈ; ਕਿਸੇ ਵੀ ਕਲਾਸ ਦੇ ਸਿਲੇਬਸ ਵਿੱਚ ਮੀਸ਼ਾ ਦੀ ਕਿਸੇ ਕਵਿਤਾ ਦਾ ਨਾ ਹੋਣਾ ਹੋ ਸਕਦਾ ਹੈ; ਮੇਰੀ ਹੱਦ ਦਰਜੇ ਦੀ ਨਲਾਇਕੀ ਹੋ ਸਕਦਾ ਹੈ। ਦਸਵੀਂ ਤੱਕ ਜ਼ਰੂਰੀ ਵਿਸ਼ਾ - ਪੰਜਾਬੀ- ਵਿੱਚ ਡੇਢ ਸੌ ’ਚੋਂ ਇੱਕ ਸੌ ਤੀਹ ਨੰਬਰ ਦੇ ਆਸਪਾਸ ਲੈਣ ਦੀ ਯਾਦ ਮੈਨੂੰ ਹੈ। ਗਿਆਨੀ ਕੀਤੀ, ਦਸਵੀਂ ਤੋਂ ਬਾਅਦ। ਦੋਵੇਂ ਇਮਤਿਹਾਨ 1967 ਵਿੱਚ ਦਿੱਤੇ। ਸੱਚੀਂ, ਮੈਂ ਮੀਸ਼ਾ ਦਾ ਨਾਂ ਨਹੀਂ ਸੀ ਸੁਣਿਆ ਹੋਇਆ, ਵਿੱਦਿਆ ਕਸਮ! ਐਮ ਏ ਦੇ ਸਿਲੇਬਸ ਵਿੱਚ ਵੀ ਨਹੀਂ ਪੜ੍ਹਿਆ ਮੀਸ਼ਾ ਨੂੰ।

ਬਹੁਤ ਦੇਰ ਤੱਕ ਮੇਰੇ ਲਈ ਉਹ ‘ਇਸ ਕੇਂਦਰ ਦੇ ਪੰਜਾਬੀ ਪ੍ਰੋਗਰਾਮਾਂ ਦੇ ਇੰਚਾਰਜ ਪ੍ਰੋਡਿਊਸਰ’ ਸਨ, ਜਿਨ੍ਹਾਂ ਦੀ ਵੁੱਕਤ ‘ਉਸ ਵੇਲੇ ਵੱਡੇ ਵੱਡੇ ਲੇਖਕਾਂ ਕਵੀਆਂ ਅਤੇ ਵਿਦਵਾਨਾਂ ਨੂੰ ਆਪਣੇ ਪ੍ਰੋਗਰਾਮ ਵਿੱਚ ਬੁਲਾਉਣ ਕਰਕੇ’ ਸੀ। ਯਾ ਫੇਰ ਉਨ੍ਹਾਂ ਦੇ ਕਮਰੇ ਵਿੱਚ ਨਾਲ ਬੈਠੀ ਸੁਖਜਿੰਦਰ ਚੂੜਾਮਣੀ ਕਰਕੇ ਸੀ।

ਸੁਖਜਿੰਦਰ ਦੇ ਆਤਮਵਿਸ਼ਵਾਸ ਨੇ ਮੈਨੂੰ ਹਮੇਸ਼ਾ ਮੋਹਿਆ ਸੀ। ਇਹ ਦੋਵੇਂ ਬਹੁਤ ਵਾਰ ਇਕੱਠੇ ਲਾਇਬ੍ਰੇਰੀ ਵਿੱਚ ਆਉਂਦੇ ਸਨ। ਮੀਸ਼ਾ ਜੀ ਕਿਤਾਬਾਂ ਲੈਣ ਅਤੇ ਮੈਡਮ ਟੇਪ ਲੈਣ। “ਆਹ ਦੇਈਂ ਦੇਵਿੰਦਰ, ਆਪਣੇ ਵਰਗੀ ਸੋਹਣੀ ਜਿਹੀ ਟੇਪ!” ਹਮੇਸ਼ਾ ਸੁਖਜਿੰਦਰ ਹੁਰਾਂ ਇਹੀ ਕਹਿ ਕੇ ਟੇਪ ਇਸ਼ੂ ਕਰਵਾਈ। ਇਹ ਇੱਕ ਪਿਆਰੀ ਜਿਹੀ ਦੋਸਤੀ ਦੀ ਸ਼ੁਰੂਆਤ ਵੀ ਸੀ। ਮੀਸ਼ਾ ਜੀ ਹਰ ਵਾਰ ਸੁਣਦੇ ਤੇ ਮੁਸਕੜੀਆਂ ਹੱਸਦੇ।

ਮੈਂ ਉਨ੍ਹਾਂ ਲਈ ਇੱਕ ਬਹੁਤ ਸੰਭਾਲ ਕੇ ਰੱਖਣ ਵਾਲੀ ਚੀਜ਼ ਸੀ। ਇੱਕ ਅਜਿਹੀ ਕੁੜੀ ਜਿਸਨੂੰ ਹਰ ਨ੍ਹੇਰੀ ਝੱਖੜ ਤੋਂ ਬਚਾਉਣ ਦੀ ਜ਼ਿਮੇਵਾਰੀ ਉਨ੍ਹਾਂ ਆਪੇ ਹੀ ਲੈ ਲਈ ਸੀ। ਇਹ ਮੇਰੇ ਲਈ ਇੱਕ ਬਹੁਤ ਵਧੀਆ ਅਹਿਸਾਸ ਸੀ। ਲਾਇਬ੍ਰੇਰੀ ਵਿੱਚ ਵਾਪਰੀ ਇੱਕ ਘਟਨਾ, ਜਿਸ ਨੂੰ ਮੈਂ ਕਦੇ ਵੀ ਨਹੀਂ ਭੁਲਾਅ ਸਕਦੀ, ਇਨ੍ਹਾਂ ਦੋਵ੍ਹਾਂ ਹਸਤੀਆਂ ਨਾਲ ਜੁੜੀ ਹੋਈ ਹੈ।

ਅਰਮਿੰਦਰ, ਸਾਡੀ ਅਸਿਸਟੈਂਟ ਐਡੀਟਰ, ਦਾ ਭਰਾ, ਜਿਹੜਾ ਵੇਰਕਾ ਮਿਲਕ ਕੇਂਦਰ ਵਿੱਚ ਨੌਕਰੀ ਕਰਦਾ ਸੀ, ਭੈਣ ਆਪਣੀ ਕੋਲ ਕਿਸੇ ਕੰਮ ਆਇਆ ਸੀ ਤੇ ਦੋਵੇਂ ਭੈਣ ਭਰਾ ਮੇਰੇ ਕੋਲ ਲਾਇਬ੍ਰੇਰੀ ਵਿੱਚ ਬੈਠੇ ਸਨ। ਅਚਾਨਕ ਦਰਵਾਜ਼ਾ ਖੋਲ੍ਹ ਕੇ ਸੁਖਜਿੰਦਰ ਤੇ ਮੀਸ਼ਾ ਜੀ ਦਾਖ਼ਲ ਹੋਏ ਤੇ ਮੈਡਮ ਨੇ ਅਰਮਿੰਦਰ ਦੇ ਭਰਾ ਨੂੰ ਪੁੱਛਿਆ- ‘ਤੁਸੀਂ ਸਾਨੂੰ ਜਾਣਦੇ ਹੋ?’ ਮੁੰਡੇ ਨੇ ਨਾਂਹ ਵਿੱਚ ਸਿਰ ਹਿਲਾਇਆ। ‘ਦੇਖ ਲਓ ਮੀਸ਼ਾ ਜੀ, ਇਨ੍ਹਾਂ ਦੀ ਹਿਮਾਕਤ!’ ਮੈਡਮ ਦੁਖੀ ਸਨ, ਨਰਾਜ਼ ਵੀ। ਅਸਲ ਵਿੱਚ ਉਨ੍ਹਾਂ ਦਿਨਾਂ ਵਿੱਚ ਵੇਰਕਾ ਮਿਲਕ ਪਲਾਂਟ ਦਾ ਹੈੱਡ ਮੈਡਮ ਦਾ ਭਰਾ ਸੀ ਅਤੇ ਅਰਮਿੰਦਰ ਦੇ ਭਰਾ ਨੇ ਉੱਥੇ ਮੀਸ਼ਾ ਜੀ ਤੇ ਮੈਡਮ ਬਾਰੇ ਕੁਝ ਕਹਿ ਦਿੱਤਾ ਸੀ! ਬਹੁਤ ਹੀ ਕੌੜਾ ਜਿਹਾ ਵਾਕਿਆ ਸੀ ਇਹ, ਜਿਸਦੀ ਚਰਚਾ ਆਕਾਸ਼ਵਾਣੀ ਜਲੰਧਰ ਦੇ ਗਲਿਆਰਿਆਂ ਵਿੱਚ ਸਾਲਾਂ ਤੱਕ ਰਹੀ।

ਦੇਵਿੰਦਰ ਮਹਿੰਦਰੂ

ਇੱਕ ਹੋਰ ਵਾਕਿਆ ਮੀਸ਼ਾ ਜੀ ਨਾਲ ਜੁੜਿਆ ਹੋਇਆ ਹੈ- ਪਤਾ ਨਹੀਂ ਕਿਸ ਸਿਲਸਿਲੇ ਵਿੱਚ, ਅੰਮ੍ਰਿਤਾ, ਗਾਰਗੀ ਅਤੇ ਕੁਝ ਹੋਰ ਹਸਤੀਆਂ, ਰੇਡੀਓ ਆਏ। ਮੀਸ਼ਾ ਜੀ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਅਤੇ ਕੇਂਦਰ ਨਿਰਦੇਸ਼ਕ ਦੇ ਕਮਰੇ ਵੱਲ ਲੈ ਤੁਰੇ। ਮੈਂ ਬਾਹਰ ਹੀ ਖੜ੍ਹੀ ਸੀ, ਆਪਣੇ ਹੀ ਰੋਜ਼ ਦੇਖਣ ਲਈ। ਅੰਮ੍ਰਿਤਾ ਹੋਰਾਂ ਨੂੰ ਨਮਸਕਾਰ ਕੀਤੀ। ਹਲਕਾ ਜਿਹਾ ਸਿਰ ਹਿਲਾਅ ਕੇ ਉਹ ਕੇਂਦਰ ਨਿਰਦੇਸ਼ਕ ਦੇ ਕਮਰੇ ਵੱਲ ਵਧ ਗਏ। ਮੇਰੀ ਨਜ਼ਰ ਅਜੇ ਉਨ੍ਹਾਂ ਦਾ ਪਿੱਛਾ ਕਰ ਹੀ ਰਹੀ ਸੀ ਕਿ ਇੱਕ ਅਵਾਜ਼ ਮੈਨੂੰ ਸੰਬੋਧਤ ਹੋਈ ‘‘ਤੁਸੀਂ..’’ ਗਾਰਗੀ ਉਤਸੁਕਤਾ ਨਾਲ ਮੈਨੂੰ ਦੇਖ ਰਹੇ ਸਨ।

ਮੈਂ ਕਾਹਲੀ ਨਾਲ ਆਪਣੀ ਪਛਾਣ ਕਰਾਉਣ ਲੱਗੀ। ਦੱਸਣ ਲੱਗੀ- ‘‘ਕੁਆਰੀ ਟੀਸੀ’’ ਪੜ੍ਹਿਆ ਹੈ ਮੈਂ ਤੇ ‘‘ਬੇਬੇ’’, ‘‘ਲੋਹਾ ਕੁੱਟ’’ ਕਹਾਣੀਆਂ ਅਤੇ.....। ਏਨੇ ਨੂੰ ਮੀਸ਼ਾ ਜੀ ਗਾਰਗੀ ਨੂੰ ਲੱਭਦੇ ਬਾਹਰ ਆ ਗਏ। ਉਨ੍ਹਾਂ ਦੇ ਚਿਹਰੇ ’ਤੇ ਚਿੰਤਾ ਦੇ ਨਿਸ਼ਾਨ ਸਨ।

‘ਗੱਲ ਸੁਣ ਬੇਟਾ, ਲਾਇਬ੍ਰੇਰੀ ਵਿੱਚ ਤੁਹਾਨੂੰ ਕੋਈ ਬੁਲਾਅ ਰਿਹਾ ਹੈ।’

‘ਜੀ’ ਅਤੇ ਮੈਂ ਲਾਇਬ੍ਰੇਰੀ ਜਾਣ ਲਈ ਮੁੜੀ। ਗਾਰਗੀ ਕਮਰੇ ਵਿੱਚ ਚਲੇ ਗਏ। ਮੀਸ਼ਾ ਜੀ ਕਾਹਲੀ ਨਾਲ ਮੇਰੇ ਕੋਲ ਆ ਕੇ ਕਹਿੰਦੇ- ‘ਇਹ ਬੰਦਾ ਨਹੀਂ ਠੀਕ, ਤੂੰ ਨਾ ਆਈਂ ਹੁਣ ਇੱਧਰ। ਉਹਨੇ ਤੈਨੂੰ ਕੋਈ ਐਸੀ ਵੈਸੀ ਗੱਲ ਤਾਂ ਨਹੀਂ ਕਹੀ ਨਾ?’

‘ਨਹੀਂ ਮੀਸ਼ਾ ਜੀ’। ‘ਫੇਰ ਠੀਕ ਹੈ। ਜਾਉ ਤੁਸੀਂ ਲਾਇਬ੍ਰੇਰੀ ਵਿੱਚ।’

ਇਹ ਗੱਲ 1980 ਦੇ ਆਸਪਾਸ ਦੀ ਹੈ। 1982 ਵਿੱਚ ਮੈਨੂੰ ਡਿਊਟੀ ਅਫ਼ਸਰ ਬਣਾਅ ਦਿੱਤਾ ਗਿਆ। ਲਾਇਬ੍ਰੇਰੀ ਦਾ ਚਾਰਜ ਮੇਰੇ ਕੋਲ ਹੀ ਰਿਹਾ। ਪਰ ਮੈਂ ‘‘ਸ਼ਿਫ਼ਟ ਡਿਊਟੀ’’ ਵਿੱਚ ਆ ਗਈ। ਮੈਨੂੰ ਦੂਰਦਰਸ਼ਨ ਜਲੰਧਰ ਦਿੱਤਾ ਗਿਆ, ਜਿੱਥੇ ਜਾਣ ਤੋਂ ਮੈਂ ਨਾਂਹ ਕਰ ਦਿੱਤੀ। ਪਤੀ ਦੂਰਦਰਸ਼ਨ ਵਿੱਚ ਸਨ ਅਤੇ ਇਹ ਮੇਰਾ ਫ਼ੈਸਲਾ ਸੀ ਕਿ ਮੈਂ ਉੱਥੇ ਨਹੀਂ ਜਾਣਾ।

ਦੂਰਦਰਸ਼ਨ ਸ੍ਰੀਨਗਰ ਵਿੱਚ ਬਹੁਤ ਜੋੜੀਆਂ ਸਨ। ਮਹੇਸ਼ ਚੋਪੜਾ- ਸ਼ੀਲਾ ਚੋਪੜਾ, ਸਰੋਜਨੀ ਰੈਣਾ-ਆਰ ਕੇ ਰੈਣਾ, ਹੋਰ ਵੀ ਬਹੁਤ.. ਕਮਲੇਸ਼ ਅਤੇ ਰਹਿਮਾਨ। ਬਹੁਤ ਅਜੀਬ ਹਲਾਤ ਵਿੱਚ ਫਸੇ ਉਨ੍ਹਾਂ ਨੂੰ ਦੇਖਿਆ ਸੀ ਕਈ ਵਾਰ!

ਅਗਲੀ ਪ੍ਰਮੋਸ਼ਨ ’ਤੇ ਵੀ ਮਿਲਿਆ ਸੀ ਦੂਰਦਰਸ਼ਨ, ਫੇਰ ਵੀ ਨਹੀਂ ਸੀ ਗਈ। ਪਤੀ ਪਤਨੀ ਇੱਕੋ ਥਾਂ ’ਤੇ ਕੰਮ ਕਰ ਰਹੇ ਹੋਣ ਤਾਂ ਗੱਲ ਕਰਨ ਵੇਲੇ ਵੀ ਸੋਚਣਾ ਪੈਂਦਾ ਹੈ ਕਿ ਫ਼ਲਾਂ ਫ਼ਲਾਂ ਨਾਲ ਮੇਰੇ ਪਤੀ ਯਾ ਮੇਰੀ ਪਤਨੀ ਦੀ ਕਿੰਨੀ ਕੁ ਬਣਦੀ ਹੈ ਅਤੇ ਉਸੇ ਲੈਵਲ ’ਤੇ ਹੀ ਗੱਲ ਕਰਨੀ ਪੈਂਦੀ ਹੈ, ਤੁਹਾਨੂੰ ਅੱਛਾ ਲੱਗੇ ਭਾਵੇਂ ਨਾ!

ਇੱਕ ਦਿਨ ਰਾਤ ਦੀ ਡਿਊਟੀ ਕਰ ਰਹੀ ਸੀ। ਬਹੁਤ ਵਧੀਆ ਡਿਊਟੀ ਅਫ਼ਸਰ ਮੰਨਿਆ ਜਾਂਦਾ ਸੀ, ਮੈਨੂੰ। ਕੇਂਦਰ ਨਿਰਦੇਸ਼ਕ, ਜਿਹੜੇ ਵੀ ਆਏ, ਉਨ੍ਹਾਂ ਕਿਹਾ ਇਹ ਹੋਵੇ ਡਿਊਟੀ ’ਤੇ ਤਾਂ ਅਸੀਂ ਆਪਣੇ ਘਰ ਵਿੱਚ ਚੈਨ ਦੀ ਨੀਂਦ ਸੌਂ ਸਕਦੇ ਹਾਂ। ਰਾਤ ਦੇ ਦਸ ਸਾਢੇ ਦਸ ਵੱਜੇ ਹੋਣਗੇ, ਟੈਲੀਫ਼ੋਨ ਦੀ ਘੰਟੀ ਵੱਜੀ। ਮੀਸ਼ਾ ਜੀ ਸਨ। ‘ਬੇਟਾ, ਇੱਕ ਕੰਮ ਕਰੋ ਮੇਰਾ’। ‘ਹਾਂ ਜੀ ਦੱਸੋ’। ‘ਮੇਰੇ ਘਰ ਇੱਕ ਸੁਨੇਹਾ ਦੇ ਦਿਉ ਕਿ ਅੱਜ ਮੈਂ ਘਰ ਨਹੀਂ ਆ ਸਕਾਂਗਾ’। ‘ਠੀਕ ਹੈ, ਮੀਸ਼ਾ ਜੀ’। ਉਨ੍ਹਾਂ ਦੱਸਿਆ - ਘਰ ਦਾ ਫ਼ੋਨ ਉਨ੍ਹਾਂ ਤੋਂ ਲੱਗ ਨਹੀਂ ਰਿਹਾ; ਕਿਸੇ ਪੈਟਰੋਲ ਪੰਪ ਤੋਂ ਫ਼ੋਨ ਕਰ ਰਹੇ ਹਨ ਉਹ; ਫ਼ੋਨ ਨੂੰ ਲੌਕ ਲੱਗਾ ਹੋਇਆ ਹੈ; ਬੜੀ ਮੁਸ਼ਕਲ ਇਹ ਫ਼ੋਨ ਮਿਲਿਆ ਹੈ।

ਗਿਆਰਾਂ ਦਸ ’ਤੇ ਡਿਊਟੀ ਖ਼ਤਮ ਹੋ ਜਾਣੀ ਸੀ। ਜਲਦੀ ਜਲਦੀ ਰਜਿਸਟਰ ਲੱਭਿਆ, ਫ਼ੋਨ ਲਾਇਆ ਮੈਡਮ ਨੂੰ।

‘‘ਹੈਲੋ ਮੈਡਮ, ਰੇਡੀਓ ਦੇ ਡਿਊਟੀ ਰੂਮ ਤੋਂ ਬੋਲ ਰਹੀ ਹਾਂ। ਮੀਸ਼ਾ ਜੀ ਦਾ ਫ਼ੋਨ ਆਇਆ ਸੀ ਕਿ ਘਰ ਸੁਨੇਹਾ ਦੇ ਦੇਣਾ ਕਿ ਉਹ ਅੱਜ ਘਰ ਨਹੀਂ ਆ ਸਕਣਗੇ’’।

‘‘ਕੌਣ ਬੋਲ ਰਹੀ ਹੈਂ, ਤੂੰ! ਕਿੱਥੇ ਐ ਉਹ! ਗੱਲ ਕਰਾਅ ਮੇਰੀ!’’।

‘‘ਮੈਡਮ, ਉਹ ਕਿਸੇ ਪੈਟਰੋਲ ਪੰਪ ਦੇ ਫ਼ੋਨ ਤੋਂ ਗੱਲ ਕਰ ਰਹੇ ਸਨ’’।

‘‘ਗੱਲਾਂ ਨਾ ਬਣਾਅ! ਫ਼ੋਨ ਦੇਹ ਉਹਨੂੰ’’।

ਮੈਂ ਫ਼ੋਨ ਕੱਟ ਦਿੰਦੀ ਹਾਂ... ਬਾਹਰ ਗੱਡੀ ਦਾ ਹਾਰਨ ਵੱਜ ਰਿਹਾ ਹੈ.. ਸਾਰੀ ਸ਼ਿਫ਼ਟ ਲੇਟ ਹੋ ਰਹੀ ਹੈ... ਮੈਂ ਅਪਮਾਨ ਨਾਲ ਕੰਬ ਰਹੀ ਹਾਂ.. ਮੇਰੀਆਂ ਅੱਖਾਂ ਵਿੱਚੋਂ ਪਾਣੀ ਦੀਆਂ ਧਰਾਲਾਂ ਵਗ ਰਹੀਆਂ ਹਨ! ਬਹੁਤ ਮੁਸ਼ਕਲ, ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ, ਜਾ ਕੇ ਗੱਡੀ ਵਿੱਚ ਬੈਠ ਜਾਂਦੀ ਹਾਂ। ਲੱਗਾ ਇੱਕ ਔਰਤ ਨੇ ਪੂਰੀ ਔਰਤ ਜ਼ਾਤ ਦੀ ਬੇਇੱਜ਼ਤੀ ਕਰ ਦਿੱਤੀ ਅਤੇ ਛੋਟਾ ਕਰ ਲਿਆ ਆਪਣਾ ਆਪ ਵੀ।

....ਇੱਕ ਬੜੇ ਚੰਦਰੇ ਦਿਨ ਖ਼ਬਰ ਆਉਂਦੀ ਹੈ - ‘ਮੀਸ਼ਾ ਜੀ ਨਹੀਂ ਮਿਲ ਰਹੇ’ ਅਤੇ ਫੇਰ ਲਾਸ਼ ਮਿਲ ਜਾਂਦੀ ਹੈ, ਮਾੜੀ ਹਾਲਤ ਵਿੱਚ..। ਪਰਕਾਸ਼ ਢਿੱਲੋਂ ਦੀਦੀ ਸਾਨੂੰ ਸਭਨਾਂ ਨੂੰ ਇਕੱਠੇ ਕਰ ਕੇ ਕੈਂਟ ਤੁਰ ਪੈਂਦੇ ਹਨ, ਸੁਰਿੰਦਰ ਮੀਸ਼ਾ ਨੂੰ ਦਿਲਾਸੇ ਦੇਣ ਲਈ।

ਮੈਡਮ ਮੀਸ਼ਾ ਕਿਸੇ ਨਾਲ ਗੱਲ ਨਹੀਂ ਕਰ ਰਹੇ। ਸਿਰ ਨੀਵਾਂ ਕਰ ਕੇ ਬੈਠੇ ਹਨ। ਕੁਝ ਦੇਰ ਉੱਥੇ ਬੈਠ ਕੇ ਅਸੀਂ ਸਾਰੇ ਰੇਡੀਓ ਸਟੇਸ਼ਨ ਵਾਪਸ ਆ ਜਾਂਦੇ ਹਾਂ।

ਅੱਜ ਤੱਕ ਨਹੀਂ ਸਮਝ ਸਕੀ ਪਤੀ ਪਤਨੀ ਦੇ ਰਿਸ਼ਤੇ ਵਿੱਚ ਏਨੀ ਬੇਵਸਾਹੀ ਕਿਉਂ?

ਸ਼ੱਕ ਕਿੰਨੇ ਘਰ ਬਰਬਾਦ ਕਰ ਦਿੰਦਾ ਹੈ..।

ਕੋਈ ਏਨਾ ਸੌਖਾ ਨਹੀਂ ਭਾਰਤ ਅਤੇ ਚੀਨ ਦਰਮਿਆਨ ਸਬੰਧਾਂ ਦਾ ਠੀਕ ਹੋਣਾ

31 ਅਗੱਸਤ 2025 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜੇਸ਼ਨ (ਐਸ.ਸੀ.ਓ.) ਸੰਮੇਲਨ ਦੇ ਸਬੰਧ ਵਿੱਚ ਚੀਨ ਦਾ ਦੋ ਦਿਨਾ ਦੌਰਾ ਕੀਤਾ। ਉਹ 7 ਸਾਲਾਂ ਬਾਅਦ ਚੀਨ ਗਏ। ਅਜੇ ਕੁਝ ਸਮਾਂ ਪਹਿਲਾਂ ਮੋਦੀ-ਟਰੰਪ ਦੀ ਦੋਸਤੀ ਦੇ ਸੋਹਲੇ ਗਾਉਂਦੇ ਅਤੇ ਚੀਨ ਨੂੰ ਭਾਰਤ ਦਾ ਦੁਸ਼ਮਣ ਨੰਬਰ ਇੱਕ ਗਰਦਾਨਦੇ ਟੀ.ਵੀ. ਖਬਰ ਚੈਨਲ, ਹੁਣ, ਚੀਨ ਨੂੰ ਭਾਰਤ ਦਾ ਸਭ ਤੋਂ ਨਜ਼ਦੀਕੀ ਮਿੱਤਰ ਐਲਾਨ ਰਹੇ ਹਨ। ਅਸਲੀਅਤ ਪਰ ਇਹ ਹੈ ਕਿ ਭਾਰਤ ਅਤੇ ਚੀਨ ਦੇ ਆਪਸੀ ਸਬੰਧ ਆਮ ਵਰਗੇ ਹੋਣੇ ਫ਼ਿਲਹਾਲ ਬਹੁਤ ਮੁਸ਼ਕਲ ਹਨ।

ਇਸ ਦੌਰੇ ਨੇ ਭਾਰਤੀ ਮੀਡੀਆ ਵਿੱਚ ਵੱਡੇ ਪੱਧਰ 'ਤੇ ਉਤਸ਼ਾਹ ਭਰਿਆ ਹੈ ਪਰ ਇਸ ਦੀਆਂ ਪ੍ਰਾਪਤੀਆਂ ਕੁਝ ਖ਼ਾਸ ਨਹੀਂ ਹਨ।

ਚੀਨ ਨਾਲ ਭਾਰਤ ਦੇ ਸੀਮਾਂ ਸਬੰਧੀ ਐਨੇ ਵਿਵਾਦ ਹਨ ਕਿ ਉਨ੍ਹਾਂ ਨੂੰ ਸੁਲਝਾਉਣ ਵਿੱਚ ਹੀ ਕਈ ਸਾਲ ਗੁਜ਼ਰ ਜਾਣਗੇ। ਸਭ ਨੂੰ ਪਤਾ ਹੈ ਕਿ "ਅਪਰੇਸ਼ਨ ਸਿੰਧੂਰ" ਸਮੇਂ, ਚੀਨ ਨੇ, ਪਾਕਿਸਤਾਨ ਦੀ ਹਥਿਆਰਾਂ ਅਤੇ ਗੁਪਤ ਸੂਚਨਾਵਾਂ ਦੇਣ ਸਮੇਤ ਹਰ ਪ੍ਰਕਾਰ ਦੀ ਖੁੱਲ੍ਹਮ ਖੁੱਲੀ ਮਦਦ ਕੀਤੀ।

ਇਸ ਤੋਂ ਇਲਾਵਾ, ਚੀਨ ਨੇ, ਦੋ ਕੁ ਮਹੀਨੇ ਪਹਿਲਾਂ, ਭਾਰਤ ਨੂੰ ਖਾਦ ਅਤੇ ਦੁਰਲੱਭ ਖਣਿਜ ਪਦਾਰਥ (ਰੇਅਰ ਅਰਥ ਮੈਟਲਜ਼) ਦੇਣ 'ਤੇ ਪਬੰਦੀ ਵੀ ਲਾ ਦਿੱਤੀ ਸੀ।

ਦੋਵੇਂ ਦੇਸ਼ ਇੱਕ ਦੂਸਰੇ 'ਤੇ ਦਬਾਅ ਵੀ ਰੱਖਣਾ ਚਾਹੁੰਦੇ ਹਨ ਅਤੇ ਸਬੰਧ ਸੁਧਾਰਨਾ ਵੀ ਚਾਹੁੰਦੇ ਹਨ।

ਭਾਰਤ ਦਾ ਕਹਿਣਾ ਹੈ ਕਿ ਭਾਰਤ-ਚੀਨ ਸਬੰਧਾਂ ਵਿੱਚ ਕਿਸੇ ਤੀਸਰੀ ਧਿਰ ਦੀ ਦਖ਼ਲਅੰਦਾਜ਼ੀ ਨਹੀਂ ਹੋਣੀ ਚਾਹੀਦੀ। ਚੀਨ ਦੇ ਵਿਦੇਸ਼ ਮੰਤਰੀ, ਵਾਂਗ ਝੀ, ਨੇ ਅਮਰੀਕਾ ਦਾ ਨਾਂ ਨਾ-ਲੈਂਦਿਆਂ, ਇੱਕ ਬਿਆਨ ਦਿੱਤਾ ਸੀ ਕਿ 'ਭਾਰਤ, ਚੀਨ ਨਾਲ ਰਲ ਕੇ, ਸੰਸਾਰੀ ਧੌਂਸ ਦਾ ਮੁਕਾਬਲਾ ਕਰਨ ਲਈ ਰਾਜ਼ੀ ਹੋ ਗਿਆ ਹੈ' (ਅਗਸਤ ਮਹੀਨੇ ਵਿੱਚ ਆਪਣੇ ਭਾਰਤ ਦੌਰੇ ਦੌਰਾਨ)।

1925 ਦਾ ਇੱਕ ਮਸ਼ਹੂਰ ਭਵਿੱਖਮੁਖੀ ਕਾਰਟੂਨ- ਬੌਬ ਮਾਈਨਰ ਦਾ ਬਣਾਇਆ- ਕਿ ਭਵਿੱਖ ਵਿਚ ਚੀਨ, ਭਾਰਤ ਤੇ ਅਫ਼ਰੀਕਾ ਵੱਡੀਆਂ ਤਾਕਤਾਂ ਹੋ ਜਾਣਗੇ।

ਇਸ ਬਿਆਨ ਨਾਲ, ਭਾਰਤ ਨਾਲ ਪਹਿਲਾਂ ਹੀ ਨਰਾਜ਼ ਚੱਲ ਰਿਹਾ ਟਰੰਪ, ਹੋਰ ਭੜਕ ਗਿਆ ਸੀ।

ਟਰੰਪ ਵੱਲੋਂ 50% ਟੈਰਿਫ਼ (ਜੋ ਏਸ਼ੀਆ ਦੇ ਹੋਰ ਕਿਸੇ ਵੀ ਦੇਸ਼ ਨਾਲੋਂ ਵੱਧ, ਰੂਸ ਤੋਂ ਤੇਲ ਖ਼ਰੀਦਣ ਦਾ ਲਾਇਆ ਡੰਨ ਹਨ-ਸੰ.) ਲਾਉਣ ਦੇ ਬਾਵਜੂਦ, ਭਾਰਤ, ਅਮਰੀਕਾ ਨਾਲ ਆਪਣੇ ਵਪਾਰਕ ਸਬੰਧ ਕਿਸੇ ਹਾਲਤ ਵਿੱਚ ਵੀ ਖ਼ਤਮ ਨਹੀਂ ਕਰ ਸਕਦਾ- ਅਮਰੀਕਾ ਹੀ ਇੱਕ ਅਜਿਹਾ ਵੱਡਾ ਦੇਸ਼ ਹੈ ਜਿਸ ਨਾਲ ਵਪਾਰ ਭਾਰਤ ਦੇ ਪੱਖ ਵਿੱਚ ਹੈ, ਜਿਸਤੋਂ ਭਾਰਤ ਨੂੰ ਹਰ ਸਾਲ ਕਰੋੜਾਂ ਡਾਲਰਾਂ ਦਾ ਫ਼ਾਇਦਾ ਹੁੰਦਾ ਹੈ।

ਓਧਰ ਚੀਨ, ਭਾਰਤ-ਅਮਰੀਕਾ ਦੇ ਵਿਗੜ ਰਹੇ ਸਬੰਧਾਂ ਕਰਕੇ, ਅਮਰੀਕਾ ਖਿਲਾਫ਼ ਸਾਂਝਾ ਮੋਰਚਾ ਬਨਾਉਣਾ ਚਾਹੁੰਦਾ ਹੈ।

ਟਰੰਪ ਚਾਹੇ ਰੋਜ਼ ਭਾਰਤ ਖਿਲਾਫ਼ ਕੋਈ ਨਾ ਕੋਈ ਬਿਆਨ ਦਿੰਦਾ ਰਹਿੰਦਾ ਹੈ, ਫਿਰ ਵੀ, ਚੀਨ ਨੂੰ ਆਪਣਾ ਸਭ ਤੋਂ ਵੱਡਾ ਸੈਨਿਕ ਅਤੇ ਵਪਾਰਕ ਦੁਸ਼ਮਣ ਮੰਨਦਾ ਹੈ।

ਚੀਨ ਵੱਲੋਂ ਇਹ ਪ੍ਰਾਪੇਗੰਡਾ ਕੀਤਾ ਜਾਂਦਾ ਹੈ ਕਿ "ਭਾਰਤ ਅਤੇ ਚੀਨ ਦੀ ਵਧਦੀ-ਜਾਂਦੀ ਦੁਸ਼ਮਣੀ ਨਹੀਂ ਹੈ" ਸਗੋਂ ਭਾਈਵਾਲ ਹਨ- ਜਦੋਂ ਕਿ ਉਸਨੇ ਭਾਰਤ-ਚੀਨ ਸਰਹੱਦ 'ਤੇ ਭਾਰੀ ਸੈਨਿਕ ਬਲ ਤਾਇਨਾਤ ਕੀਤੇ ਹੋਏ ਹਨ- ਅਤੇ ਉਸ ਵੱਲੋਂ ਅਰੁਣਾਚਲ ਪ੍ਰਦੇਸ਼ ਸਮੇਤ ਭਾਰਤ ਦੇ ਕਈ ਇਲਾਕਿਆਂ 'ਤੇ ਲਗਾਤਾਰ ਦਾਅਵਾ ਕੀਤਾ ਜਾਂਦਾ ਹੈ। ਉਹ,

ਫ਼ਿਲਹਾਲ, ਭਾਰਤ-ਚੀਨ ਵਿੱਚ ਆਮ ਜਨਤਾ ਨਾਲ ਜੁੜੇ ਆਮ ਮੁੱਦਿਆਂ- ਸਿੱਧੀਆਂ ਹਵਾਈ ਉਡਾਨਾਂ, ਹਿਮਾਲੀਆ ਪਰਬਤ ਦੇ ਰਾਹ ਵਪਾਰ, ਕੈਲਾਸ਼ ਮਾਨਸਰੋਵਰ ਯਾਤਰਾ ਅਤੇ ਸੌਖੀ ਵੀਜ਼ਾ ਪ੍ਰਣਾਲੀ- 'ਤੇ ਹੀ ਗੱਲ ਬਾਤ ਚੱਲ ਰਹੀ ਹੈ।

ਭਾਰਤ ਨੇ, ਚੀਨ ਤੋਂ ਅਤਿ ਜ਼ਰੂਰੀ ਵਸਤਾਂ- ਖਾਦਾਂ ਅਤੇ ਦੁਰਲਭ ਖਣਿਜ ਪਦਾਰਥਾਂ- ਉੱਤੇ ਲੱਗੀਆਂ ਪਬੰਦੀਆਂ ਵੀ ਹਟਵਾਅ ਲਈਆਂ ਹਨ।

ਭਾਰਤ ਦੇ ਵਿਰੋਧ ਦੇ ਬਾਵਜੂਦ, ਬ੍ਰਹਮਪੁੱਤਰ ਨਦੀ ਉੱਤੇ ਸੰਸਾਰ ਦਾ ਸਭ ਤੋਂ ਵੱਡਾ ਡੈਮ ਬਣਾਅ ਰਿਹਾ ਹੈ, ਜਿਸਦੀ ਮਦਦ ਨਾਲ ਉਹ ਭਾਰਤ ਵਿੱਚ ਜਦੋਂ ਚਾਹੇ ਸੋਕਾ ਜਾਂ ਹੜ੍ਹ ਲਿਆ ਸਕਦਾ ਹੈ!

ਭਾਰਤ ਚੀਨ ਸਬੰਧਾਂ ਵਿੱਚ ਇੱਕ ਹੋਰ ਵੱਡਾ ਰੋੜਾ ਤਾਇਵਾਨ ਦਾ ਮਸਲਾ ਹੈ। ਚੀਨ ਚਾਹੁੰਦਾ ਹੈ ਕਿ ਭਾਰਤ ਉਸਦੀ "ਇੱਕ-ਚੀਨ ਪਾਲਸੀ" ਦਾ ਸਮਰਥਨ ਕਰੇ ਅਤੇ ਤਾਇਵਾਨ ਨੂੰ ਉਸਦਾ ਹਿੱਸਾ ਮੰਨੇ। ਵਾਂਗ ਝੀ ਦੇ ਦੌਰੇ ਤੋਂ ਬਾਅਦ, ਚੀਨ ਨੇ ਦਾਅਵਾ ਕੀਤਾ ਸੀ ਕਿ ਭਾਰਤ ਨੇ ਉਸਦੀ ਇਹ ਗੱਲ ਮੰਨ ਲਈ ਹੈ। ਜਦੋਂ ਪਰ ਭਾਰਤ ਦੇ

ਬਲਰਾਜ ਸਿੰਘ ਸਿੱਧੂ ਏਡੀਜੀ (ਰਿਟਾ.)

ਵਿਦੇਸ਼ ਮੰਤਰਾਲੇ ਨੇ ਇਸਦਾ ਖੰਡਨ ਕਰ ਦਿੱਤਾ, ਚੀਨ ਨੇ ਇਸਦਾ ਬਹੁਤ ਬੁਰਾ ਮਨਾਇਆ ਸੀ; ਉਸਦੇ ਵਿਦੇਸ਼ ਮੰਤਰਾਲੇ ਨੇ ਸਖ਼ਤ ਬਿਆਨ ਜਾਰੀ ਕੀਤਾ ਕਿ ਭਾਰਤ ਦਾ ਇਹ ਬਿਆਨ ਹੈਰਾਨੀਜਨਕ ਹੈ ਕਿਉਂਕਿ ਉਸਨੇ ਦੁਵੱਲੀ ਗੱਲ ਬਾਤ ਦੌਰਾਨ ਇਸ ਬਾਰੇ ਸਹਿਮਤੀ ਪ੍ਰਗਟਾਈ ਸੀ; ਇਸ ਤਰ੍ਹਾਂ ਲੱਗਦਾ ਹੈ ਕਿ ਭਾਰਤ ਵਿੱਚ ਕੁਝ ਲੋਕ ਨਹੀਂ ਚਾਹੁੰਦੇ ਕਿ ਭਾਰਤ-ਚੀਨ ਸਬੰਧਾਂ ਵਿੱਚ ਸੁਧਾਰ ਆਵੇ; ਇਹ ਲੋਕ ਚੀਨ ਦੀ ਅ-ਖੰਡਤਾ ਦੇ ਖਿਲਾਫ਼ ਕੰਮ ਕਰ ਰਹੇ ਹਨ ਅਤੇ ਚੀਨ ਇਸ ਪਹੁੰਚ ਦਾ ਪੁਰਜ਼ੋਰ ਵਿਰੋਧ ਕਰਦਾ ਹੈ।

ਫ਼ਿਲਹਾਲ, ਭਾਰਤ-ਚੀਨ ਵਿੱਚ ਆਮ ਜਨਤਾ ਨਾਲ ਜੁੜੇ ਆਮ ਮੁੱਦਿਆਂ- ਸਿੱਧੀਆਂ ਹਵਾਈ ਉਡਾਨਾਂ, ਹਿਮਾਲੀਆ ਪਰਬਤ ਰਸਤੇ ਵਪਾਰ, ਕੈਲਾਸ਼ ਮਾਨਸਰੋਵਰ ਯਾਤਰਾ ਅਤੇ ਸੌਖੀ ਵੀਜ਼ਾ ਪ੍ਰਣਾਲੀ- 'ਤੇ ਹੀ ਗੱਲ ਬਾਤ ਚੱਲ ਰਹੀ ਹੈ।

ਇਨ੍ਹਾਂ ਤੋਂ ਇਲਾਵਾ, ਭਾਰਤ ਨੇ, ਚੀਨ ਤੋਂ ਅਤਿ ਜਰੂਰੀ ਵਸਤਾਂ ਜਿਵੇਂ ਖਾਦਾਂ ਅਤੇ ਦੁਰਲਭ ਖਣਿਜ ਪਦਾਰਥਾਂ, ਆਦਿ, ਉੱਤੇ ਲੱਗੀਆਂ ਪਬੰਦੀਆਂ ਵੀ ਹਟਵਾਅ ਲਈਆਂ ਹਨ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਚੀਨ ਨਾਲ ਸਾਡਾ ਵਪਾਰ ਚੀਨ-ਪੱਖੀ (ਚੀਨ ਦੇ ਹੱਕ ਵਿਚ ਭੁਗਤਦਾ- ਸੰ.) ਹੈ। ਮਿਸਾਲ ਦੇ ਤੌਰ 'ਤੇ, ਜੇ ਭਾਰਤ, ਚੀਨ ਤੋਂ 100 ਰੁਪਏ ਦਾ ਸਮਾਨ ਖਰੀਦਦਾ ਹੈ- ਤਾਂ ਸਿਰਫ਼ 23 ਰੁਪਏ ਦਾ ਸਮਾਨ ਉਸਨੂੰ ਵੇਚਦਾ ਪਿਆ ਹੈ, ਜਦੋਂ ਕਿ, ਦੂਸਰੇ ਪਾਸੇ, ਟਰੰਪ ਦੇ 50% ਟੈਰਿਫ਼ ਲਾਉਣ ਤੋਂ ਪਹਿਲਾਂ, ਅਮਰੀਕਾ ਨਾਲ ਵਪਾਰ ਵਿਚ ਭਾਰਤ ਦਾ ਵਪਾਰ-ਵਾਧਾ 400 ਕਰੋੜ ਡਾਲਰ ਸਲਾਨਾ ਤੋਂ ਵੱਧ ਸੀ।

ਮੁਸੀਬਤ ਇਹ ਹੈ ਕਿ ਦੁਰਲੱਭ ਖਣਿਜ ਪਦਾਰਥਾਂ (ਰੇਅਰ ਅਰਥ ਐਲੀਮੈਂਟਸ, ਜਿਨ੍ਹਾਂ ਤੋਂ ਡਿਫ਼ੈਂਸ ਸਿਸਟਮ, ਬਿਜਲਈ ਕਾਰਾਂ ਅਤੇ ਇਲੈੱਕਟਰੌਨਿਕਸ ਦੇ ਜ਼ਰੂਰੀ ਪੁਰਜ਼ੇ ਬਣਦੇ ਹਨ -ਸੰ.) ਵਰਗੀਆਂ ਕਈ ਵਸਤਾਂ 'ਤੇ ਚੀਨ ਦੀ ਮਨੌਪਲੀ ਹੈ ਅਤੇ ਚੀਨ, ਇਸਨੂੰ, ਭਾਰਤ ਅਤੇ ਬਾਕੀ ਦੁਨੀਆ ਖਿਲਾਫ਼ ਹਥਿਆਰ ਵਾਂਗ ਵਰਤਦਾ ਹੈ। ਏਸੇ ਲਈ, ਟਰੰਪ ਚਾਹ ਕੇ ਵੀ ਚੀਨ 'ਤੇ ਟੈਰਿਫ਼ ਨਹੀਂ ਲਾ ਸਕਿਆ, ਭਾਵੇਂ ਚੀਨ, ਰੂਸ ਤੋਂ, ਭਾਰਤ ਨਾਲੋਂ ਕਿਤੇ ਵੱਧ "ਤੇਲ ਖਰੀਦਦਾ ਹੈ"।

ਵਾਂਗ ਝੀ ਦੇ ਦੌਰੇ, ਅਤੇ ਐਸ.ਸੀ.ਓ. ਸੰਮੇਲਨ ਦੌਰਾਨ, ਪ੍ਰਧਾਨ ਮੰਤਰੀ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ, ਜ਼ੀ ਜਿੰਨਪਿੰਗ ਵਿਚਾਲੇ ਹੋਈ ਮੁਲਾਕਾਤ ਵੇਲੇ, ਬਾਰਡਰ ਉੱਤੇ ਵਧ ਰਹੇ ਤਨਾਅ ਨੂੰ ਖਤਮ ਕਰਨ ਬਾਰੇ ਖ਼ਬਰਾਂ ਚੱਲੀਆਂ ਸਨ।

ਮੋਦੀ ਨੇ ਵਪਾਰਕ ਰਿਸ਼ਤਿਆਂ ਨੂੰ ਠੀਕ ਰੱਖਣ ਲਈ ਬਾਰਡਰ 'ਤੇ ਸ਼ਾਂਤੀ ਕਾਇਮ ਰੱਖਣ ਉੱਤੇ ਜ਼ੋਰ ਦਿੱਤਾ - ਅਤੇ ਜ਼ੀ ਨੇ ਵੀ ਇਹ ਕਿਹਾ ਕਿ ਦੋਹਾਂ ਦੇਸ਼ਾਂ ਨੂੰ ਆਪਸੀ ਰਿਸ਼ਤਿਆਂ ਵਿੱਚ ਨਿੱਘ ਲਿਆਉਣ ਲਈ ਬਾਰਡਰ 'ਤੇ ਵਾਪਰ ਰਹੀਆਂ ਛੋਟੀਆਂ ਮੋਟੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਨਹੀਂ ਲੈਣਾ ਚਾਹੀਦਾ। ਬੇਸ਼ੱਕ, ਸਰਹੱਦੀ ਝਗੜੇ ਦਾ ਹੱਲ ਕੱਢਣ ਲਈ ਚੀਨ, ਝਗੜੇ ਨੂੰ ਸਿਰਫ਼ ਸਿੱਕਮ ਤੱਕ ਸੀਮਤ ਰੱਖਣਾ ਚਾਹੁੰਦਾ ਹੈ- ਜੋ ਭਾਰਤ ਨੂੰ ਮਨਜ਼ੂਰ ਨਹੀਂ ਹੈ। ਯਾਨੀ, ਚੀਨ ਚਾਹੁੰਦਾ ਹੈ ਕਿ ਚੀਨ ਅਤੇ ਇੰਗਲੈਂਡ ਦਰਮਿਆਨ 1890 ਈਸਵੀ ਵਿੱਚ ਸਿੱਕਮ ਅਤੇ ਤਿੱਬਤ ਬਾਰੇ ਹੋਈ ਸੰਧੀ ਨੂੰ, ਭਾਰਤ, ਮਨਜ਼ੂਰ ਕਰ ਲਏ। ਭਾਰਤ ਨੂੰ ਇਹ ਮਨਜ਼ੂਰ ਨਹੀਂ ਹੈ ਕਿਉਂਕਿ ਇਸ ਨਾਲ ਸਿੱਕਮ ਦਾ ਕਾਫ਼ੀ ਹਿੱਸਾ ਚੀਨ ਦੇ ਕਬਜ਼ੇ ਹੇਠ ਚਲਾ ਜਾਵੇਗਾ। ਭਾਰਤ ਇਹ ਵੀ ਕਹਿੰਦਾ ਹੈ ਕਿ- ਚੀਨ ਦੀ ਕਿਸੇ ਬਸਤੀਵਾਦੀ ਦੇਸ਼ ਨਾਲ ਹੋਈ ਕਿਸੇ ਸੰਧੀ ਨੂੰ ਭਾਰਤ ਮਾਨਤਾ ਨਹੀਂ ਦੇ ਸਕਦਾ।

ਐੱਸਸੀਓ ਸੰਮੇਲਨ ਦੌਰਾਨ, ਜ਼ੀ ਨੇ ਇਹ ਸੰਦੇਸ਼ ਦਿੱਤਾ - 'ਹਾਥੀ ਅਤੇ ਡਰੈਗਨ ਨੂੰ ਸਾਥੀਆਂ ਵਾਂਗ ਰਲ਼ ਕੇ ਨੱਚਣਾ ਚਾਹੀਦਾ ਹੈ', ਭਾਵ ਦੋਵਾਂ ਦੇਸ਼ਾਂ ਨੂੰ ਸ਼ਾਂਤੀ ਅਤੇ ਸਹਿਯੋਗ ਨਾਲ ਰਹਿਣਾ ਚਾਹੀਦਾ ਹੈ। ਪਰ ਹਰ ਕੋਈ ਜਾਣਦਾ ਹੈ ਕਿ ਚੀਨ, ਕਦੇ ਵੀ, ਪਾਕਿਸਤਾਨ ਦੀ ਕੀਮਤ 'ਤੇ, ਭਾਰਤ ਨਾਲ ਵਪਾਰ ਤੋਂ ਇਲਾਵਾ, ਹੋਰ ਕੋਈ ਸਹਿਯੋਗ ਨਹੀਂ ਵਧਾਅ ਸਕਦਾ।

ਪਾਕਿਸਤਾਨ ਨੇ ਆਪਣੇ ਕਬਜ਼ੇ ਵਾਲੇ ਕਸ਼ਮੀਰ ਵਿੱਚੋਂ 5180 ਸੁਕੇਅਰ ਕਿ.ਮੀ. ਇਲਾਕਾ ਚੀਨ ਨੂੰ ਦਿੱਤਾ ਹੋਇਆ ਹੈ। ਚੀਨ ਨੇ ਆਪਣੇ ਸੂਬੇ ਕਾਸ਼ਗਰ ਤੋਂ ਲੈ ਕੇ ਪਾਕਿਸਤਾਨ ਦੇ ਸ਼ਹਿਰ ਹਸਨ ਅਬਦਾਲ ਤੱਕ ਕੋਈ 1300 ਕਿ.ਮੀ. ਸੜਕ ਬਣਾਈ ਹੋਈ ਹੈ- ਜਿਸ ਰਾਹੀਂ ਦੋਹਾਂ ਦੇਸ਼ਾਂ ਵਿਚ ਭਾਰੀ ਵਪਾਰ ਚੱਲਦਾ ਹੈ। ਚੀਨ ਨੇ ਪਾਕਿਸਤਾਨ ਦੇ ਬਲੋਚਸਤਾਨ ਸੂਬੇ ਵਿਚ ਗਵਾਦਰ ਵਿਖੇ ਬੰਦਰਗਾਹ ਬਣਾਈ ਹੈ ਜਿਸਦਾ ਸਾਰਾ ਕੰਟਰੋਲ ਵੀ ਚੀਨ ਕੋਲ ਹੈ। ਇਸੇ ਬੰਦਰਗਾਹ ਕਾਰਨ ਚੀਨ ਦੀ ਅਰਬ ਸਾਗਰ ਅਤੇ ਹੋਰਮੁਜ਼ ਦੀ ਖਾੜੀ ਤੱਕ ਸਿੱਧੀ ਪਹੁੰਚ ਹੋ ਗਈ ਹੈ। ਬਦਲੇ ਵਿੱਚ, ਚੀਨ, ਪਾਕਿਸਤਾਨ ਦੀ ਹਥਿਆਰਾਂ ਵੱਲੋਂ ਕੁੱਲ ਲੋੜ ਵਿਚੋਂ 90% ਲੋੜ ਨੂੰ ਬਹੁਤ ਹੀ ਘੱਟ ਕੀਮਤ 'ਤੇ ਪੂਰੀ ਕਰ ਰਿਹਾ ਹੈ।

ਵੇਖਿਆ ਜਾਏ ਤਾਂ ਪਾਕਿਸਤਾਨ, ਇਸ ਵੇਲੇ, ਅਮਰੀਕਾ, ਰੂਸ ਅਤੇ ਚੀਨ -ਤਿੰਨਾਂ ਦੀਆਂ ਅੱਖਾਂ ਦਾ ਤਾਰਾ ਬਣਿਆ ਹੋਇਆ ਹੈ!

ਓਧਰ ਟਰੰਪ ਪਰ, ਪਤਾ ਨਹੀਂ ਕਿਸ ਗੱਲੋਂ, ਭਾਰਤ ਨਾਲ ਨਰਾਜ਼ ਹੈ ਅਤੇ ਲਗਾਤਾਰ ਧਮਕੀਆਂ ਦਈ ਜਾ ਰਿਹਾ ਹੈ।

ਭਾਰਤ, ਪਰ, ਚੀਨ 'ਤੇ ਵੀ ਬਹੁਤਾ ਭਰੋਸਾ ਨਹੀਂ ਕਰ ਸਕਦਾ।

ਭਾਰਤ ਨੂੰ ਚੀਨ ਦੀ ਬਜਾਏ ਅਮਰੀਕਾ ਨਾਲ ਆਪਣੇ ਸਬੰਧ ਸੁਧਾਰਨੇ ਚਾਹੀਦੇ ਹਨ।

ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਗਲਵਾਨ ਘਾਟੀ ਦੀ ਲੜਾਈ (16 ਜੂਨ 2020) ਵਿੱਚ, ਚੀਨੀ ਫ਼ੌਜ ਹੱਥੋਂ ਭਾਰਤ ਦੇ 20 ਜਵਾਨ ਸ਼ਹੀਦ ਹੋ ਗਏ ਸਨ ਅਤੇ, ਇਸ ਤੋਂ ਪਹਿਲਾਂ 1962 ਵਿੱਚ ਵੀ ਚੀਨ ਭਾਰਤ ਨੂੰ ਧੋਖਾ ਦੇ ਚੁੱਕਾ ਹੈ।

ਪੰਡੋਰੀ ਸਿੱਧਵਾਂ

ਭਗਤ ਸਿੰਘ ਬਾਰੇ ਸ਼ਬਦ- ਸੋਹਨ ਸਿੰਘ ਭਕਨਾ ਦੇ

ਜਿਹੜੀ ਕੇਂਦਰੀ ਜੇਲ੍ਹ, ਲਹੌਰ ਵਿੱਚ ਭਗਤ ਸਿੰਘ ਨੂੰ ਲਿਆਂਦਾ ਗਿਆ ਉਸ ਜੇਲ੍ਹ ਵਿੱਚ ਮੈਂ ਅਤੇ ਭਾਈ ਕੇਸਰ ਸਿੰਘ ਠੱਠਗੜ੍ਹ ਪਹਿਲਾਂ ਹੀ ਸੀ। ਦੋ ਤਿੰਨ ਦਿਨ ਬਾਅਦ ਕਿਸੇ ਨਾ ਕਿਸੇ ਤਰ੍ਹਾਂ ਮੈਂ ਤੇ ਭਗਤ ਸਿੰਘ ਜ਼ਰੂਰ ਮਿਲਦੇ ਅਤੇ ਗੰਭੀਰ ਵਿਚਾਰ-ਵਟਾਂਦਰਾ ਕਰਦੇ। ਇੱਕ ਦਿਨ ਮੈਂ ਮਖ਼ੌਲ ਨਾਲ ਭਗਤ ਸਿੰਘ ਨੂੰ ਪੁੱਛਿਆ: "ਤੂੰ ਅਜੇ ਨੌਜਵਾਨ ਸੀ। ਪੜ੍ਹਿਆ ਲਿਖਿਆ ਵੀ ਸੀ। ਤੇਰੀ ਉਮਰ ਅਜੇ ਖਾਣ-ਪੀਣ ਅਤੇ ਐਸ਼ ਕਰਨ ਦੀ ਸੀ। ਤੂੰ ਇਧਰ ਕਿਵੇਂ ਫਸ ਗਿਆ?"

ਭਗਤ ਸਿੰਘ ਨੇ ਹੱਸ ਕੇ ਜਵਾਬ ਦਿੱਤਾ: "ਇਹ ਮੇਰਾ ਕਸੂਰ ਨਹੀਂ, ਤੁਹਾਡਾ ਅਤੇ ਤੁਹਾਡੇ ਸਾਥੀਆਂ ਦਾ ਹੈ।" ਮੈਂ ਕਿਹਾ, "ਸਾਡਾ ਕਿਸ ਤਰ੍ਹਾਂ ਹੈ?" ਭਗਤ ਸਿੰਘ ਦਾ ਜਵਾਬ ਸੀ: "ਜੇ ਕਰਤਾਰ ਸਿੰਘ ਸਰਾਭਾ ਤੇ ਉਹਦੇ ਸਾਥੀ ਹੱਸ ਕੇ ਫ਼ਾਂਸੀ ਨਾ ਚੜ੍ਹੇ ਹੁੰਦੇ, ਤੁਹਾਡੇ ਵਰਗੇ ਅੰਡੇਮਾਨ ਦੇ ਕੁੰਭੀ ਨਰਕ ਵਿੱਚੋਂ ਸਾਬਤ ਨਾ ਨਿਕਲਦੇ- ਤਾਂ ਸ਼ਾਇਦ ਮੈਂ ਇਧਰ ਨਾ ਆਉਂਦਾ।"।

ਬਾਬਾ ਭਕਨਾ ਦੀ ਇੱਕ ਸਤਰ ਹੀ ਭਗਤ ਸਿੰਘ ਦੇ ਸਿਆਸੀ ਜੀਵਨ ਦੀ ਕਹਾਣੀ ਸੁਣਾਅ ਜਾਂਦੀ ਹੈ। ਉਹ ਲਿਖਦੇ ਹਨ: "ਭਗਤ ਸਿੰਘ ਆਪਣੇ ਮੁਲਕ ਦੀ ਅਜ਼ਾਦੀ ਲਈ ਹੀ ਜੂਝਣ ਵਾਲਾ ਇਨਕਲਾਬੀ ਨਹੀਂ ਸੀ ਸਗੋਂ ਉਸ ਦੇ ਖ਼ਿਆਲਾਂ ਦੀ ਬਿਜਲੀ 'ਚ ਦੁਨੀਆਂ ਭਰ ਦੇ ਕਿਰਤੀਆਂ ਦੀ ਅਜ਼ਾਦੀ ਅਤੇ ਮੁਕਤੀ ਦੀ ਰੌਸ਼ਨੀ ਸੀ। ਭਗਤ ਸਿੰਘ 6 ਫੁੱਟ ਲੰਮਾ ਖ਼ੂਬਸੂਰਤ ਮੁੱਛ ਫੁੱਟ ਗੱਭਰੂ ਸੀ ਜਿਸਦੇ ਖ਼ਿਆਲ ਉਸਦੇ ਤੁਰ ਜਾਣ ਤੋਂ ਬਾਅਦ ਵੀ ਸਦਾ ਜੁਆਨ ਰਹਿਣਗੇ।"

"ਮੈਂ ਜਦ ਵੀ ਭਗਤ ਸਿੰਘ ਨੂੰ ਮਿਲਦਾ ਤਾਂ ਮੈਨੂੰ ਇੰਝ ਲੱਗਦਾ ਕਿ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਦੀਆਂ ਕੇਵਲ ਮੂਰਤੀਆਂ ਹੀ ਦੋ ਹਨ, ਪਰ ਉਨ੍ਹਾਂ ਦੇ ਗੁਣ ਅਤੇ ਕੰਮ ਇੱਕੋ ਹੀ ਹਨ। 'ਏਕ ਜੋਤ ਦੋਏ ਮੂਰਤਿ' ਵਾਲੀ ਮਿਸਾਲ ਇਨ੍ਹਾਂ 'ਤੇ ਢੁੱਕਦੀ ਹੈ।"

ਬਾਬਾ ਜੀ ਲਿਖਦੇ ਹਨ ਕਿ- ਇੱਕ ਦਿਨ ਮੈਂ ਭਗਤ ਸਿੰਘ ਨੂੰ ਇਹ ਵੀ ਪੁੱਛਿਆ, "ਤੁਸੀਂ ਜੋ ਸਾਂਡਰਸ ਨੂੰ ਮਾਰਿਆ, ਕੀ ਉਹ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਮਾਰਿਆ?"

ਭਗਤ ਸਿੰਘ ਦਾ ਜਵਾਬ ਸੀ: "ਸਾਡੀ ਪਾਰਟੀ ਦਾ ਟੀਚਾ ਦਹਿਸ਼ਤਗਰਦੀ ਨਹੀਂ। ਅਸੀਂ ਤਾਂ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਾਉਣਾ ਚਾਹੁੰਦੇ ਹਾਂ। ਜਿਵੇਂ 1914-15 ਦੇ ਗ਼ਦਰ ਪਾਰਟੀ ਦੇ ਇਨਕਲਾਬੀ ਆਜ਼ਾਦੀ, ਜਮਹੂਰੀਅਤ ਅਤੇ ਬਰਾਬਰੀ ਲਈ ਗ਼ਦਰ ਪਾਰਟੀ ਦਾ ਝੰਡਾ ਲੈ ਕੇ ਮੈਦਾਨ 'ਚ ਨਿੱਤਰੇ, ਉਸੇ ਤਰ੍ਹਾਂ ਪਾਰਲੀਮੈਂਟ ਵਿੱਚ ਧਮਾਕਾ ਕਰ ਕੇ ਅਸੀਂ ਦੁਸ਼ਮਣਾਂ ਨੂੰ ਇਹ ਸੁਨਾਉਣੀ ਕਰਨਾ ਚਾਹੁੰਦੇ ਸੀ ਕਿ ਹਿੰਦੋਸਤਾਨ ਦੇ ਨੌਜਵਾਨ ਹੁਣ ਤੁਹਾਡੀ ਗ਼ੁਲਾਮੀ ਬਰਦਾਸ਼ਤ ਨਹੀਂ ਕਰਨਗੇ।"

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜੇਲ੍ਹ ਵਿੱਚ ਭੁੱਖ ਹੜਤਾਲ ਕਰ ਕੇ ਮੰਗ ਕੀਤੀ ਕਿ ਕੈਦੀਆਂ ਨਾਲ ਵਿਤਕਰਾ ਬੰਦ ਕੀਤਾ ਜਾਵੇ। ਜਦੋਂ ਬਾਬਾ ਸੋਹਣ ਸਿੰਘ ਭਕਨਾ ਨੂੰ ਪਤਾ ਲੱਗਾ ਤਾਂ ਉਨ੍ਹਾਂ ਵੀ ਭੁੱਖ ਹੜਤਾਲ ਕਰ ਦਿੱਤੀ। ਭਗਤ ਸਿੰਘ ਨੇ ਬਾਬਾ ਜੀ ਨੂੰ ਕਿਹਾ, "ਤੁਸੀਂ ਪਹਿਲਾਂ ਹੀ ਬਹੁਤ ਕਸ਼ਟ ਝੱਲ ਚੁੱਕੇ ਹੋ। ਤੁਸੀਂ ਭੁੱਖ ਹੜਤਾਲ ਨਾ ਕਰੋ।" ਬਾਬਾ ਜੀ ਦਾ ਮਾਣ ਮੱਤਾ ਜਵਾਬ ਸੀ, "ਜਦ ਮੇਰੇ ਜੁਆਨ ਪੁੱਤ ਭੁੱਖ ਹੜਤਾਲ 'ਤੇ ਨੇ, ਮੈਂ ਉਨ੍ਹਾਂ ਨਾਲ ਸ਼ਾਮਲ ਕਿਵੇਂ ਨਹੀਂ ਹੋਵਾਂਗਾ।"

(ਬਾਬਾ ਸੋਹਣ ਸਿੰਘ ਭਕਨਾ ਦੀ ਜੀਵਨੀ "ਮੇਰੀ ਰਾਮ ਕਹਾਣੀ" ' ਵਿਚੋਂ)

ਮੇਰੀ ਵਸੀਅਤ/ ਅੰਮ੍ਰਿਤਾ ਪ੍ਰੀਤਮ

ਆਪਣੇ *ਪੂਰੇ ਹੋਸ਼ ਓ ਹਵਾਸ ਵਿਚ ਲਿਖ ਰਹੀ ਹਾਂ ਅੱਜ...ਮੈਂ ਵਸੀਅਤ...ਆਪਣੀ..*

ਮੇਰੇ ਮਰਨ ਤੋਂ ਬਾਅਦ ਖੰਘਾਲਣਾ...ਮੇਰਾ ਕਮਰਾ ਟਟੋਲਣਾ...ਹਰੇਕ ਚੀਜ਼ ਸਾਰੇ ਘਰ ਵਿਚ...ਬਿਨ ਤਾਲੇ ਦਾ ਮੇਰਾ ਸਮਾਨ...ਖਿਲਰਿਆ ਪਿਆ ਹੈ ...

ਦੇ ਦੇਣਾ...ਮੇਰੇ ਸੁਫ਼ਨੇ ਉਨ੍ਹਾਂ ਸਾਰੀਆਂ....ਨਾਰਾਂ ਨੂੰ ਜੋ ਕਿਚਨ ਤੋਂ ਬੈਡਰੂਮ ਤੱਕ ਰਹਿ ਗਈਆਂ...ਆਪਣੀ ਦੁਨੀਆ ਵਿਚ ਗੁਆਚ ਗਈਆਂ ਹਨ ਉਹ ...ਭੁੱਲ ਚੁੱਕੀਆਂ ਹਨ ਵਰ੍ਹਿਆਂ ਪਹਿਲਾਂ ਸੁਫ਼ਨੇ ਵੇਖਣਾ!

ਵੰਡ ਦੇਣਾ ...ਮੇਰੇ ਠਹਾਕੇ ਬਿਰਧ ਆਸ਼ਰਮ ਦੇ...ਉਨ੍ਹਾਂ ਬੁੱਢਿਆਂ ਵਿਚ ਜਿਨ੍ਹਾਂ ਦੇ ਬੱਚੇ ਅਮਰੀਕਾ ਦੇ ਜਗਮਗਾਉਂਦੇ ਸ਼ਹਿਰਾਂ ਵਿਚ ਲਾਪਤਾ ਹੋ ਗਏ ਹਨ!

ਟੇਬਲ 'ਤੇ, ਮੇਰੇ...ਵੇਖਣਾ ਕੁਝ ਰੰਗ ਪਏ ਹੋਣਗੇ। ਇਨ੍ਹਾਂ ਰੰਗਾਂ ਨਾਲ ...ਰੰਗ ਦੇਣਾ ਉਸ ਵਿਧਵਾ ਦੀ ਸਾੜ੍ਹੀ ਜਿਸਦੇ ਆਦਮੀ ਦੇ ਖ਼ੂਨ ਨਾਲ ਬੋੱਰਡਰ...ਰੰਗਿਆ ਹੋਇਆ ਹੈ...ਤਿਰੰਗਾ ਲਪੇਟ ਕੇ ਉਹ ਕੱਲ੍ਹ ਸ਼ਾਮ ਸੌਂ ਗਿਆ ਹੈ!

ਹੰਝੂ ਮੇਰੇ ਦੇ ਦੇਣਾ ਉਨ੍ਹਾਂ ਸਾਰਿਆਂ ਸ਼ਾਇਰਾਂ ਨੂੰ ...ਹਰ ਬੂੰਦ ਨਾਲ ਹੋਏਗੀ ਗ਼ਜ਼ਲ ਪੈਦਾ ਮੇਰਾ ਵਾਅਦਾ ਹੈ!

ਮੇਰਾ ਮਾਣ, ਮੇਰੀ ਇੱਜ਼ਤ ਉਸ ਵੇਸਵਾ ਦੇ ਨਾਂ ....ਜੋ ਵੇਚਦੀ ਹੈ ਜਿਸਮ ਧੀ ਨੂੰ ਪੜ੍ਹਾਉਣ ਦੇ ਲਈ!

ਇਸ ਦੇਸ਼ ਦੇ ਇੱਕ ਇੱਕ ਨੌਜਵਾਨ ਨੂੰ ਫੜ ਕੇ ਲਾ ਦੇਣਾ ਇੰਜੈਕਸ਼ਨ ਮੇਰੇ ਰੋਹ ਦਾ ਕਿ ਪਏਗੀ ਇਸਦੀ ਲੋੜ ਇਨਕਲਾਬ ਦੇ ਦਿਨ ਉਨ੍ਹਾਂ ਨੂੰ!

ਦੀਵਾਨਗੀ ਮੇਰੀ ..ਹਿੱਸੇ ਵਿਚ ਹੈ ਉਸ ਸੂਫ਼ੀ ਦੇ, ਨਿੱਕਲਿਆ ਹੈ ਜੋ ਸਭ ਛੱਡ ਕੇ ਖ਼ੁਦਾ ਦੀ ਤਲਾਸ਼ ਵਿਚ!

ਬੱਸ! ਬਾਕੀ ਬਚੀ ਮੇਰੀ ਈਰਖਾ, ਮੇਰਾ ਲਾਲਚ, ਮੇਰਾ ਗੁੱਸਾ, ਮੇਰਾ ਝੂਠ, ਮੇਰਾ ਸੁਆਰਥ ਤਾਂ ਇਓਂ ਕਰਨਾ, ਉਨ੍ਹਾਂ ਨੂੰ ਮੇਰੇ ਨਾਲ ਹੀ ਸਾੜ ਦੇਣਾ...!!!

(ਹਿੰਦੀ ਅਨੁਵਾਦ ਤੋਂ- ਪ.ਸ..)

ਸੋਫ਼ੀ ਦਾ ਸੰਸਾਰ

ਯੌਸਤੀਨ ਗਾਰਦਰ

ਅਨੁਵਾਦ: ਪੂਨਮ ਸਿੰਘ

ਪੂਰਕ-ਸੁਆਦ

...ਨਾਲੋ ਨਾਲ ਸੁਣਦੀਆਂ ਦੋ ਜਾਂ ਵੱਧ ਧੁਨਾਂ ...

ਹਿਲਡੇ ਬਿਸਤਰ ਵਿੱਚ ਉੱਠ ਕੇ ਬੈਠ ਗਈ। ਇੱਥੇ ਕਹਾਣੀ ਮੁੱਕ ਗਈ ਸੀ ਸੋਫ਼ੀ ਅਤੇ ਅਲਬਰਟੋ ਦੀ। ਪਰ ਅਸਲ ਵਿਚ ਕੀ ਵਾਪਰਿਆ ਸੀ?
ਕਿਉਂ ਲਿਖਿਆ ਸੀ ਉਸਦੇ ਪਿਤਾ ਨੇ ਉਹ ਅਖੀਰੀ ਚੈਪਟਰ? ਕੀ ਬੱਸ ਸੋਫ਼ੀ ਦੀ ਦੁਨੀਆਂ ਉੱਤੇ ਆਪਣੇ ਦਬਦਬੇ ਦਾ ਰੋਅਬ ਝਾੜਨ ਲਈ ਹੀ?
ਡੂੰਘੀ ਸੋਚ ਵਿਚ ਪੈ, ਉਹ ਨਹਾਤੀ ਅਤੇ ਤਿਆਰ ਹੋ ਗਈ। ਉਹ ਫਟਾਫਟ ਨਾਸ਼ਤਾ ਕਰ ਬਗੀਚੇ ਵਿਚ ਨਿੱਕਲ ਕੇ ਆ ਕੇ ਗਲਾਈਡਰ ਜਹਾਜ਼ ਵਿਚ ਬੈਠ ਗਈ। ਉਹ ਅਲਬਰਟੋ ਨਾਲ ਸਹਿਮਤ ਸੀ ਕਿ ਬਗੀਚਾ ਪਾਰਟੀ ਵਿਚ ਜਿਹੜੀ ਇੱਕੋ ਚੱਜ ਦੀ ਗੱਲ ਹੋਈ ਸੀ ਉਹ ਸੀ ਉਸਦਾ ਭਾਸ਼ਣ। ਕੀ ਸੱਚੀਂ ਉਸਦੇ ਪਿਤਾ ਇਹ ਸੋਚਦੇ ਸਨ ਕਿ ਹਿਲਡੇ ਦੀ ਦੁਨੀਆ ਵੀ ਸੋਫ਼ੀ ਦੀ ਬਗੀਚਾ ਪਾਰਟੀ ਜਿੰਨੀ ਹੀ ਤਰਥੱਲੀਆਂ ਭਰੀ ਹੈ? ਯਾਨੀ ਉਸਦੀ ਦੁਨੀਆ ਵੀ ਅਖੀਰ ਹੌਲੀ ਹੌਲੀ ਭੰਗ ਹੀ ਹੋ ਜਾਏਗੀ?
ਅਤੇ ਫੇਰ ਸੋਫ਼ੀ ਅਤੇ ਅਲਬਰਟੋ ਵਾਲਾ ਮਾਮਲਾ ਵੀ ਤਾਂ ਹੈ ਸੀ। ਉਨ੍ਹਾਂ ਦੀ ਭੇਤਭਰੀ ਵਿਓਂਤ-ਯੋਜਨਾ ਦਾ ਕੀ ਬਣਿਆ ਸੀ?
ਕੀ ਕਹਾਣੀ ਦਾ ਅੱਗੇ ਵਧਣਾ ਹਿਲਡੇ ’ਤੇ ਹੀ ਟਿਕਿਆ ਹੈ? ਜਾਂ ਕੀ ਉਹ ਸੱਚੀਂ ਮੁੱਚੀਂ ਉਸ ਵਿੱਚੋਂ ਦੀ ਖਿਸਕ ਸਕੇ ਸੀ?
ਅਤੇ ਹੁਣ ਹੈ ਕਿੱਥੇ ਸਨ ਉਹ? ਇੱਕ ਵਿਚਾਰ ਅਚਾਨਕ ਉਸਦੇ ਦਿਮਾਗ਼ ਵਿਚ ਕੌਂਧ ਗਿਆ। ਜੇ ਅਲਬਰਟੋ ਅਤੇ ਸੋਫ਼ੀ ਸੱਚੀਂ ਕਹਾਣੀ ਵਿੱਚੋਂ ਖਿਸਕ ਕੇ ਨਿੱਕਲ ਸਕੇ ਸਨ, ਫੇਰ ਤਾਂ ਰਿੰਗ ਬਾਈਂਡਰ ਵਿੱਚ ਉਸ ਬਾਰੇ ਕੁਝ ਵੀ ਨਹੀਂ ਹੋਣ ਲੱਗਾ। ਜੋ ਵੀ ਉਸ ਵਿੱਚ ਹੈ ਸੀ, ਉਹ ਸਾਰਾ ਤਾਂ ਬਦਕਿਸਮਤੀ ਨਾਲ ਉਸਦੇ ਪਿਤਾ ਨੂੰ ਸਾਫ਼ ਪਤਾ ਸੀ।

ਕੀ ਸਤਰਾਂ ਦੇ ਵਿਚ-ਵਿਚਾਲੇ ਕੁਝ ਹੋ ਸਕਦਾ ਹੈ? ਬੱਸ ਮਾੜੀ ਜਿਹੀ ਭਿਣਕ ਤੋਂ ਵੱਧ। ਹਿਲਡੇ ਨੂੰ ਸਮਝ ਆ ਗਈ ਕਿ ਉਸਨੂੰ ਇਹ ਸਾਰੀ ਕਹਾਣੀ ਮੁੜ ਇੱਕ-ਦੋ ਵਾਰ ਪੜ੍ਹਨੀ ਪਏਗੀ।

***

ਜਦੋਂ ਚਿੱਟੀ ਮਰਸਿਡੀਜ਼ ਚੱਲਦੀ ਚੱਲਦੀ ਬਗੀਚੇ ਵਿਚ ਆਈ, ਅਲਬਰਟੋ ਸੋਫ਼ੀ ਨੂੰ ਬਾਹੋਂ ਫੜ ਘੜੀਸਦਾ ਉਸਦੇ ਟਿਕਾਣੇ ਵਾਲੇ ਅੱਡੇ ਵਿੱਚ ਲੈ ਗਿਆ ਸੀ। ਉਹ ਜੰਗਲ ਵਿੱਚ ਮੇਜਰ ਦੀ ਕੈਬਿਨ ਵੱਲ ਨੂੰ ਭੱਜ ਤੁਰੇ ਸਨ।
“ਝੱਟ ਕਰ!” ਅਲਬਰਟੋ ਚੀਖਿਆ। “ਉਸਦੇ ਸਾਨੂੰ ਲੱਭਣਾ ਸ਼ੁਰੂ ਕਰਨ ਤੋਂ ਪਹਿਲਾਂ ਪਹਿਲਾਂ ਹੀ ਕਰਨਾ ਹੋਏਗਾ।”
“ਕੀ ਹੁਣ ਅਸੀਂ ਮੇਜਰ ਦੀ ਪਹੁੰਚ ਤੋਂ ਬਾਹਰ ਹੋ ਚੁੱਕੇ ਹਾਂ ਕਿ ਨਹੀਂ?”
“ਅਸੀਂ ਸਰਹੱਦ ਜਿਹੀ ’ਤੇ ਹਾਂ।”
ਉਨ੍ਹਾਂ ਕਿਸ਼ਤੀ ਵਿੱਚ ਬੈਠ ਝੀਲ ਪਾਰ ਕੀਤੀ ਅਤੇ ਭੱਜ ਕੇ ਕੈਬਿਨ ਵਿਚ ਜਾ ਵੜੇ। ਅਲਬਰਟੋ ਨੇ ਫ਼ਰਸ਼ ਵਿੱਚ ਲੱਗੀ ਤਹਿਖਾਨੇ ਨੂੰ ਜਾਂਦੀ ‘ਫ਼ੈਕਟਰੀ’ ਚੁੱਕੀ। ਉਸ ਸੋਫ਼ੀ ਨੂੰ ਹੇਠਾਂ ਤਹਿਖਾਨੇ ਵਿੱਚ ਧੱਕ ਦਿੱਤਾ। ਫੇਰ ਸਭ ਹਨੇਰਾ ਸੀ।

ਅਗਲੇ ਦਿਨਾਂ ਵਿਚ, ਹਿਲਡੇ ਆਪਣੇ ਮਨਸੂਬੇ ’ਤੇ ਕੰਮ ਕਰਦੀ ਰਹੀ। ਉਸ ਨੇ ਕੋਪਨਹੇਗਨ ਵਿਚ ਐਨ ਕਵਾਮਸਦਾਲ ਨੂੰ ਕਈ ਖ਼ਤ ਲਿਖੇ, ਅਤੇ ਦੋ ਕੁ ਵਾਰੀ ਫ਼ੋਨ ਵੀ ਕੀਤਾ। ਉਸ ਨੇ ਮਿੱਤਰਾਂ ਅਤੇ ਵਾਕਫ਼ਾਂ ਤੋਂ ਵੀ ਮਦਦ ਲਈ, ਅਤੇ ਆਪਣੀ ਜਮਾਤ ਵਿੱਚੋਂ ਵੀ ਅੱਧਿਆਂ ਕੁ ਨੂੰ ਭਰਤੀ ਕਰ ਲਿਆ।

ਇਸ ਸਭ ਦੇ ਦਰਮਿਆਨ ਹੀ, ਉਸ ਨੇ “ਸੋਫ਼ੀ ਦਾ ਸੰਸਾਰ” ਪੜ੍ਹੀ। ਇਹ ਕੋਈ ਅਜਿਹੀ ਕਹਾਣੀ ਤਾਂ ਹੈ ਨਹੀਂ ਸੀ ਜਿਹੜੀ ਬੱਸ ਇੱਕੋ ਵਾਰ ਪੜ੍ਹ ਲਓ। ਉਸਨੂੰ ਇਸ ਬਾਰੇ ਘੜੀ ਮੁੜੀ ਨਵੇਂ ਨਵੇਂ ਵਿਚਾਰ ਆਈ ਜਾ ਰਹੇ ਸਨ ਕਿ ਜਦੋਂ ਉਹ ਬਗੀਚਾ ਪਾਰਟੀ ਵਿੱਚੋਂ ਨਿੱਕਲੇ ਤਾਂ ਸੋਫ਼ੀ ਅਤੇ ਅਲਬਰਟੋ ਨਾਲ ਕੀ ਕੀ ਵਾਪਰਿਆ ਹੋਏਗਾ।
ਸ਼ਨੀਵਾਰ, ਜੂਨ 23 ਨੂੰ, ਉਹ ਨੌਂ ਕੁ ਵਜੇ ਤ੍ਰਭਕ ਕੇ ਜਾਗੀ। ਉਹ ਜਾਣਦੀ ਸੀ ਕਿ ਉਸ ਦੇ ਪਿਤਾ ਲੈਬਨੌਨ ਵਿਚ ਆਪਣੀ ਕੈਂਪ ਤੋਂ ਨਿੱਕਲ ਚੁੱਕੇ ਹੋਣਗੇ। ਹੁਣ ਤਾਂ ਬੱਸ ਉਡੀਕ ਹੀ ਕਰਨੀ ਸੀ। ਉਨ੍ਹਾਂ ਦੇ ਉਸ ਦਿਨ ਦੇ ਅਖੀਰੀ ਹਿੱਸੇ ਨੂੰ ਬਹੁਤ ਬਰੀਕੀ ਨਾਲ ਵਿਓਂਤਿਆ ਜਾ ਚੁੱਕਾ ਸੀ।



ਸਵੇਰ ਦੇ ਮਗਰਲੇ ਹਿੱਸੇ ਵਿਚ ਉਸਨੇ ਆਪਣੀ ਮਾਂ ਨਾਲ ਰਲ਼ ਮਿਡਸਮਰ ਈਵ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਹਿਲਡੇ ਇਹ ਸੋਚਣੋਂ ਨਾ ਰਹਿ ਸਕੀ ਕਿ ਸੋਫ਼ੀ ਅਤੇ ਉਸਦੀ ਮਾਂ ਨੇ ਆਪਣੀ ਮਿਡਸਮਰ ਈਵ ਦੀ ਪਾਰਟੀ ਕਿਸ ਤਰ੍ਹਾਂ ਦੀ ਵਿਓਂਤੀ ਸੀ। ਪਰ ਇਹ ਤਾਂ ਉਨ੍ਹਾਂ ਦਾ ਕੀਤਾ ਕਰਾਇਆ ਸੀ। ਉਹ ਮੁੱਕ ਚੁੱਕੀ ਸੀ, ਖ਼ਤਮ ਸੀ। ਕਿ ਨਹੀਂ? ਕੀ ਉਹ ਮਾਂ-ਧੀ ਹੁਣ ਏਸ ਵੇਲੇ ਵੀ ਤੁਰੀਆਂ ਫਿਰਦੀਆਂ ਸਨ, ਹਰੇਕ ਥਾਂ ਨੂੰ ਸਜਾਉਂਦੀਆਂ?
ਸੋਫ਼ੀ ਅਤੇ ਅਲਬਰਟੋ ਦੋ ਵੱਡੀਆਂ ਵੱਡੀਆਂ ਇਮਾਰਤਾਂ ਅੱਗੇ, ਜਿਨ੍ਹਾਂ ਦੇ ਬਾਹਰਵਾਰ ਕੋਝੇ ਜਿਹੇ ਹਵਾ-ਰਾਹ ਅਤੇ ਵੈਂਟੀਲੇਸ਼ਨ ਕਨਾਲ ਲੱਗੇ ਸਨ, ਇੱਕ ਲਾੱਅਨ ਵਿਚ ਬੈਠ ਗਏ। ਇੱਕ ਇਮਾਰਤ ਵਿੱਚੋਂ ਇੱਕ ਨੌਜਵਾਨ ਜੋੜਾ ਨਿੱਕਲ ਕੇ ਤੁਰਦਾ ਹੋਇਆ ਆਇਆ। ਜਣੇ ਨੇ ਭੂਰਾ ਬ੍ਰੀਫ਼ਕੇਸ ਫੜਿਆ ਸੀ ਅਤੇ ਜਣੀ ਨੇ ਇੱਕ ਮੋਢੇ ਤੋਂ ਲਾਲ

ਪਰਸ ਲਮਕਾਇਆ ਹੋਇਆ ਸੀ। ਉਨ੍ਹਾਂ ਦੇ ਪਿੱਛੇ ਇੱਕ ਸਉੜੀ ਸੜਕ 'ਤੇ ਇੱਕ ਕਾਰ ਆ ਰਹੀ ਸੀ।

"ਹੁਣ?" ਸੋਫ਼ੀ ਨੇ ਪੁੱਛਿਆ।

"ਅਸੀਂ ਹਾਸਲ ਕਰ ਲਿਆ ਹੈ।"

"ਪਰ ਅਸੀਂ ਹਾਂ ਕਿੱਥੇ?"

"ਇਹ ਓਸਲੋ ਹੈ।"

"ਤੁਹਾਨੂੰ ਪੱਕਾ ਪਤਾ ਹੈ?"

"ਪੱਕੀ ਗੱਲ ਹੈ। ਇਨ੍ਹਾਂ ਵਿੱਚੋਂ ਇੱਕ ਇਮਾਰਤ ਦਾ ਨਾਂ Chateau Neuf ਹੈ, ਜਿਸਦਾ ਮਤਲਬ ਹੁੰਦਾ ਹੈ 'ਨਵਾਂ ਮਹੱਲ'। ਓਥੇ ਸੰਗੀਤ ਦੀ ਪੜ੍ਹਾਈ ਕੀਤੀ ਜਾਂਦੀ ਹੈ। ਦੂਸਰੀ ਹੈ ਕੌਂਗ੍ਰੀਗੇਸ਼ਨ ਫ਼ੈਕਲਟੀ। ਇਹ ਧਰਮ-ਵਿੱਦਿਆ ਦਾ ਸਕੂਲ ਹੈ। ਪਹਾੜੀ ਉੱਤੇ ਹੋਰ ਅੱਗੇ ਚੜ੍ਹੀਏ ਤਾਂ, ਓਥੇ ਵਿਗਿਆਨ ਪੜ੍ਹਿਆ ਜਾਂਦਾ ਹੈ ਅਤੇ ਸਿਖ਼ਰ 'ਤੇ ਸਾਹਿਤ ਅਤੇ ਫ਼ਲਸਫ਼ਾ।"

"ਕੀ ਅਸੀਂ ਹਿਲਡੇ ਦੀ ਕਿਤਾਬ ਅਤੇ ਮੇਜਰ ਦੀ ਪਕੜ ਤੋਂ ਬਾਹਰ ਹਾਂ?"

"ਹਾਂ, ਦੋਹਾਂ ਤੋਂ। ਉਹ ਇੱਥੇ ਸਾਨੂੰ ਕਦੇ ਨਹੀਂ ਲੱਭ ਸਕੇਗਾ।"

"ਪਰ ਜਦੋਂ ਅਸੀਂ ਜੰਗਲ ਵਿੱਚ ਭੱਜ ਰਹੇ ਸੀ ਤਾਂ ਓਦੋਂ ਉਹ ਕਿੱਥੇ ਸੀ?"

"ਜਦੋਂ ਮੇਜਰ ਵਿੱਤੀ-ਮਾਲੀ ਸਲਾਹਕਾਰ ਦੀ ਗੱਡੀ ਨੂੰ ਸੇਬ ਦੇ ਰੁੱਖ ਵਿਚ ਮਾਰਨ ਵਿੱਚ ਰੁੱਝਾ ਹੋਇਆ ਸੀ, ਅਸੀਂ ਉਹੀ ਮੌਕਾ ਸਾਂਭ ਕੇ ਟਿਕਾਣੇ-ਅੱਡੇ ਵਿਚ ਲੁਕਣ ਚਲੇ ਗਏ ਸੀ। ਓਦੋਂ ਅਸੀਂ ਭਰੂਣ ਦੇ ਪੜਾਅ ਵਿਚ ਸੀ। ਪੁਰਾਣੀ ਦੇ ਵੀ ਅਤੇ ਨਵੀਂ ਦੁਨੀਆ ਦੇ ਵੀ ਸੀ ਅਸੀਂ। ਪਰ ਅਸੀਂ ਆਪਣੇ ਆਪ ਨੂੰ ਲੁਕੋਅ ਲਵਾਂਗੇ ਇਸਦਾ ਤਾਂ ਮੇਜਰ ਨੂੰ ਕਦੇ ਖ਼ਿਆਲ ਵੀ ਨਹੀਂ ਆ ਸਕਿਆ ਹੋਣਾ।"

"ਕਿਉਂ ਨਹੀਂ?"

"ਉਸਨੇ ਏਨੀ ਸੌਖ ਨਾਲ ਨਿਕਲਣ ਜੋ ਨਹੀਂ ਸੀ ਦੇਣਾ। ਪਰ ਹੋਇਆ ਇਹ, ਕਿ ਸਾਨੂੰ ਕੋਈ ਮੁਸ਼ਕਿਲ ਹੀਂ ਪੇਸ਼ ਨਾ ਆਈ। ਬੇਸ਼ਕ, ਇਹ ਵੀ ਹੋ ਹੀ ਸਕਦਾ ਹੈ ਕਿ ਉਹ ਆਪ ਵੀ ਸਭ ਕੁਝ ਜਾਣਦਾ ਹੋਏ।"

"ਕੀ ਮਤਲਬ ਹੈ ਤੁਹਾਡਾ?"

"ਚਿੱਟੀ ਮਰਸੀਡੀਜ਼ ਤਾਂ ਉਸੇ ਨੇ ਚਲਵਾਈ। ਹੋ ਸਕਦਾ ਹੈ ਉਸਨੇ ਪੂਰੀ ਪੂਰੀ ਕੋਸ਼ਿਸ਼ ਨਾਲ ਸਾਨੂੰ ਆਪਣੀਆਂ ਅੱਖਾਂ ਤੋਂ ਓਹਲੇ ਕੀਤਾ। ਸ਼ਾਇਦ ਉਸ ਸਭ ਕੁਝ ਦੇ ਬਾਅਦ ਜੋ ਚੱਲਦਾ ਰਿਹਾ ਸੀ, ਉਹ ਪੂਰਾ ਹੀ ਥੱਕ ਚੁੱਕਾ ਹੋਏ ....."

ਹੁਣ ਉਹ ਨੌਜਵਾਨ ਜੋੜਾ ਸਿਰਫ਼ ਕੁਝ ਹੀ ਗਜ਼ ਦੀ ਦੂਰੀ 'ਤੇ ਸਨ। ਸੋਫ਼ੀ ਨੂੰ ਜ਼ਰਾ ਹੋਰ ਤਰ੍ਹਾਂ ਦਾ ਲੱਗਾ- ਕਿ ਉਹ ਆਪਣੇ ਨਾਲੋਂ ਕਿੰਨੇ ਹੀ ਵੱਡੇ ਆਦਮੀ ਨਾਲ ਇਉਂ ਘਾਅ 'ਤੇ ਬੈਠੀ ਹੋਈ ਹੈ। ਇਸ ਤੋਂ ਇਲਾਵਾ, ਉਹ ਚਾਹੁੰਦੀ ਸੀ ਕਿ ਅਲਬਰਟੋ ਦੇ ਹੁਣੇ ਆਖੇ ਬਾਰੇ ਕਿਸੇ ਤੋਂ ਪੱਕਾ ਕਰਾਅ ਲਏ।

ਉਹ ਉੱਠ ਕੇ ਉਨ੍ਹਾਂ ਤੱਕ ਗਈ।

"ਮੁਆਫ਼ ਕਰਨਾ, ਤੁਸੀਂ ਮੈਨੂੰ ਇਸ ਸੜਕ ਦਾ ਨਾਂ ਦੱਸ ਸਕਦੇ ਹੋ?"

ਪਰ ਉਨ੍ਹਾਂ ਉਸ ਨੂੰ ਉੱਕਾ ਨਾ ਗੌਲਿਆ। ਸੋਫ਼ੀ ਨੂੰ ਏਨਾ ਵੱਟ ਚੜ੍ਹਿਆ ਕਿ ਉਸ ਮੁੜ ਉਨ੍ਹਾਂ ਤੋਂ ਪੁੱਛਿਆ।

"ਕਿਸੇ ਦੇ ਪੁੱਛੇ ਦਾ ਜੁਆਬ ਤਾਂ ਦੇਣਾ ਹੁੰਦਾ ਹੈ, ਨਾ?"

ਨੌਜਵਾਨ ਸਪੱਸ਼ਟ ਹੀ ਆਪਣੀ ਸਾਥਣ ਨੂੰ ਕੁਝ ਸਮਝਾਉਣ ਵਿਚ ਖੁਭਿਆ ਹੋਇਆ ਸੀ:

"ਸਹਿ-ਵਿਰੋਧੀ ਰੂਪ ਦੋ ਅਯਾਮਾਂ ਵਿੱਚ ਚੱਲਦੇ ਹਨ, ਲੇਟੇ ਦਾਅ, ਜਾਂ ਧੁਨਾਤਮਕਤਾ ਨਾਲ, ਅਤੇ ਖੜ੍ਹੇ ਦਾਅ, ਜਾਂ ਧੁਨਾਤਮਕਤਾ ਨਾਲ।

ਹਮੇਸ਼ਾ ਦੋ ਜਾਂ ਵੱਧ ਧੁਨੀਆਂ ਇਕੱਠੀਆਂ ਵੱਜ ਰਹੀਆਂ ਹੋਣਗੀਆਂ...."

"ਮੁਆਫ਼ ਕਰਨਾ, ਮੈਂ ਦਖ਼ਲ ਦੇ ਰਹੀ ਹਾਂ, ਪਰ....."

"ਧੁਨਾਂ ਏਸ ਤਰ੍ਹਾਂ ਜੁੜ ਰਹੀਆਂ ਹੋਣਗੀਆਂ ਕਿ ਉਹ ਜਿੰਨਾ ਹੋ ਸਕੇ ਵਧਣ, ਇਸ ਤੋਂ ਅਜ਼ਾਦ ਕਿ ਉਹ, ਦੂਜੀ ਧੁਨ ਦੇ ਅੱਗੇ, ਸੁਣਨ ਨੂੰ- ਕਿਸ ਤਰ੍ਹਾਂ ਦੀਆਂ ਲੱਗ ਰਹੀਆਂ ਹਨ। ਪਰ ਅਸਲ ਵਿਚ ਉਨ੍ਹਾਂ ਨੂੰ ਆਪਸ ਵਿਚ ਇੱਕ ਸਹਿਮਤੀ ਵਿਚ ਹੋਣਾ ਪਏਗਾ। ਅਸਲ ਵਿਚ ਤਾਂ ਇਹ ਸੁਰ ਨਾਲ ਪੂਰਕ ਸੁਰ ਹੋਏਗਾ।"

ਹਉ ਹਾਇ, ਕਿੰਨੇ ਰੁੱਖੇ! ਨਾ ਤਾਂ ਉਹ ਬੋਲੇ ਸਨ ਅਤੇ ਨਾ ਅੰਨ੍ਹੇ। ਸੋਫ਼ੀ ਨੇ ਤੀਜੀ ਵਾਰ ਫੇਰ ਕੋਸ਼ਿਸ਼ ਕੀਤੀ, ਉਨ੍ਹਾਂ ਦੇ ਸਾਹਮਣੇ ਆ ਉਨ੍ਹਾਂ ਦਾ ਰਾਹ ਰੋਕ। ਉਸਨੂੰ ਬੱਸ ਪਾਸੇ ਕਰ ਦਿੱਤਾ ਗਿਆ।

"ਇੱਕ ਬੁੱਲਾ ਜਿਹਾ ਆਇਆ," ਮੁਟਿਆਰ ਨੇ ਕਿਹਾ। ਸੋਫ਼ੀ ਭੱਜੀ ਭੱਜੀ ਅਲਬਰਟੋ ਕੋਲ ਵਾਪਿਸ ਆਈ।

"ਇਹ ਮੈਨੂੰ ਸੁਣ ਹੀ ਨਹੀਂ ਸਕਦੇ ਪਏ!" ਉਸ ਨੇ ਤੜਫ਼ ਕੇ ਕਿਹਾ- ਅਤੇ ਕਹਿੰਦਿਆਂ ਸਾਰ, ਉਸਨੂੰ ਹਿਲਡੇ ਅਤੇ ਸੋਨੇ ਦੀ ਸਲੀਬ ਬਾਰੇ ਆਪਣਾ ਉਹੀ ਸੁਫ਼ਨਾ ਚੇਤੇ ਆਇਆ।

"ਇਹੀ ਹੈ ਉਹ ਉਹ ਕੀਮਤ ਜੋ ਅਸੀਂ ਤਾਰਨੀ ਹੈ। ਹਾਲਾਂਕਿ ਅਸੀਂ ਕਿਤਾਬ ਵਿੱਚੋਂ ਤਾਂ ਖਿਸਕ ਆਏ ਹਾਂ, ਅਸੀਂ ਇਹ ਉੱਮੀਦ ਨਹੀਂ ਕਰ ਸਕਦੇ ਕਿ ਸਾਡੀ ਐਨ ਓਹੀ ਔਕਾਤ ਹੋਏ ਜੋ ਇਸਦੇ ਲਿਖਾਰੀ ਦੀ ਹੈ। ਪਰ ਅਸੀਂ ਸੱਚਮੁਚ ਇੱਥੇ ਹਾਂ। ਹੁਣ ਤੋਂ ਲੈ ਕੇ, ਉਮਰ ਵਿਚ, ਉਸ ਉਮਰ ਨਾਲੋਂ ਅਸੀਂ ਇੱਕ ਦਿਨ ਵੀ ਵੱਡੇ ਨਹੀਂ ਹੋਣਾ ਜਦੋਂ ਅਸੀਂ ਫ਼ਲਸਫ਼ਾਨਾ ਬਗੀਚਾ ਪਾਰਟੀ ਵਿੱਚੋਂ ਖਿਸਕੇ ਸੀ।

"ਕੀ ਇਸਦਾ ਮਤਲਬ ਹੈ ਕਿ ਅਸੀਂ ਕਦੇ ਵੀ ਆਪਣੇ ਆਸ ਪਾਸ ਦੇ ਲੋਕਾਂ ਨਾਲ ਅਸਲੀ ਰਾਬਤਾ ਨਹੀਂ ਕਰ ਸਕਾਂਗੇ?"

"ਕੋਈ ਵੀ ਸੱਚਾ ਫ਼ਲਸਫ਼ਈ ਕਦੇ ਵੀ 'ਕਦੇ ਵੀ ਨਹੀਂ' ਨਹੀਂ ਕਹਿੰਦਾ। ਹੁਣ ਕਿੰਨੇ ਵੱਜੇ ਹਨ?"

"ਅੱਠ।"

"ਓਨੇ ਹੀ, ਜ਼ਾਹਰ ਹੈ, ਜਿੰਨੇ ਓਦੋਂ ਵੱਜੇ ਸੀ ਜਦੋਂ ਅਸੀਂ ਕੈਪਟੇਨ ਦੇ ਮੋੜੋਂ ਨਿਕਲੇ ਸੀ।"

"ਅੱਜ ਉਹ ਦਿਨ ਹੈ ਜਦੋਂ ਹਿਲਡੇ ਦੇ ਪਿਤਾ ਨੇ ਲੈਬਨਾਨ ਤੋਂ ਪਰਤਣਾ ਹੈ।"

"ਏਸੇ ਲਈ ਤਾਂ ਸਾਨੂੰ ਛੇਤੀ ਕਰਨੀ ਪੈਣੀ ਹੈ।"

"ਕਿਉਂ- ਕੀ ਮਤਲਬ ਹੈ ਤੁਹਾਡਾ?"

"ਕੀ ਤੈਨੂੰ ਇਹ ਜਾਨਣ ਦੀ ਕਾਹਲ ਨਹੀਂ ਕਿ ਓਦੋਂ ਕੀ ਹੋਏਗਾ ਜਦੋਂ ਮੇਜਰ ਮੁੜ ਬਿਯਰਕਲੇ, ਘਰ, ਪੁੱਜਣਗੇ?"

"ਉਹ ਤਾਂ ਹੈ ਹੀ, ਪਰ...."
"ਫੇਰ ਚੱਲ!"

ਉਹ ਸ਼ਹਿਰ ਵੱਲ ਨੂੰ ਤੁਰ ਪਏ। ਕਈ ਲੋਕ ਉਨ੍ਹਾਂ ਦੇ ਕੋਲੋਂ ਦੀ ਲੰਘੇ, ਪਰ ਉਹ ਸਾਰੇ ਇਓਂ ਅਗਾਂਹ ਤੁਰੀ ਗਏ ਜਿਵੇਂ ਸੋਫ਼ੀ ਅਤੇ ਅਲਬਰਟੋ ਅ-ਦਿੱਖ ਹੋਣ।
ਸਾਰੇ ਰਾਹ, ਗਲੀ ਦੇ ਨਾਲ ਨਾਲ, ਬੰਨਿਆਂ 'ਤੇ ਗੱਡੀਆਂ ਲੱਗੀਆਂ ਹੋਈਆਂ ਸਨ। ਅਲਬਰਟੋ ਇੱਕ ਨਿੱਕੀ ਜਿਹੀ ਲਾਲ ਰੰਗ ਦੀ ਛੱਤ-ਲੱਥੀ ਕਾਰ ਕੋਲ ਖੜ੍ਹ ਗਿਆ।
"ਇਹ ਠੀਕ ਰਹੇਗੀ," ਉਸ ਕਿਹਾ। "ਅਸੀਂ ਬੱਸ ਇਹੀ ਪੱਕਾ ਕਰਨਾ ਹੈ ਕਿ ਇਹ ਸਾਡੀ ਹੈ।"
"ਮੈਨੂੰ ਕੁਝ ਨਹੀਂ ਪਤਾ ਤੁਸੀਂ ਕੀ ਕਹਿ ਰਹੇ ਹੋ।"
"ਚੱਲ ਫੇਰ ਸਮਝਾਵਾਂ। ਅਸੀਂ ਇੱਥੇ ਸ਼ਹਿਰ ਵਿਚੋਂ ਕਿਸ ਦੀ ਕੋਈ ਵੀ ਆਮ ਗੱਡੀ ਨਹੀਂ ਲਿਜਾਅ ਸਕਦੇ। ਤੂੰ ਕੀ ਸੋਚਦੀ ਹੈਂ ਕਿ ਲੋਕ ਕੀ ਸੋਚਣਗੇ ਜਦੋਂ ਵੇਖਣਗੇ ਕਿ ਬਿਨਾ ਡ੍ਰਾਈਵਰ ਦੇ ਕਾਰ ਚੱਲੀ ਜਾ ਰਹੀ ਹੈ? ਅਤੇ ਉਂਝ ਵੀ, ਅਸੀਂ ਸ਼ਾਇਦ ਇਸਨੂੰ ਸਟਾੱਰਟ ਵੀ ਨਾ ਕਰ ਸਕੀਏ।"
"ਤਾਂ ਫੇਰ ਛੱਤ-ਲੱਥੀ ਹੀ ਕਿਉਂ?"
"ਮੇਰਾ ਖ਼ਿਆਲ ਹੈ ਕਿ ਮੈਂ ਕਿਸੇ ਪੁਰਾਣੀ ਫ਼ਿਲਮ ਤੋਂ ਇਸਨੂੰ ਪਛਾਣ ਰਿਹਾ ਹਾਂ।"
"ਵੇਖੋ, ਮੈਨੂੰ ਮੁਆਫ਼ ਕਰਨਾ, ਪਰ ਮੈਂ ਇਨ੍ਹਾਂ ਸਾਰੀਆਂ ਅਸਪੱਸ਼ਟ ਜਿਹੀਆਂ ਟਿੱਪਣੀਆਂ ਤੋਂ ਥੱਕ ਰਹੀ ਹਾਂ।"
"ਇਹ ਝੂਠੀ-ਮੂਠੀ ਦੀ ਕਾਰ ਹੈ, ਸੋਫ਼ੀ। ਇਹ ਐਨ ਸਾਡੇ ਵਾਂਗ ਹੈ। ਲੋਕਾਂ ਨੂੰ ਇੱਥੇ ਸਿਰਫ਼ ਖਾਲੀ ਥਾਂ ਦਿਸਦੀ ਹੈ। ਇਸੇ ਦੀ ਅਸੀਂ ਚੱਲਣੋਂ ਪਹਿਲਾਂ ਪੱਕ ਕਰਨੀ ਹੈ।"
ਉਹ ਕਾਰ ਕੋਲ ਖਲੋਤੇ ਉਡੀਕਣ ਲੱਗੇ। ਕੁਝ ਚਿਰ ਬਾਅਦ, ਇੱਕ ਨਿੱਕਾ ਮੁੰਡਾ ਸੜਕ ਕਿਨਾਰੇ ਬੰਨੀ 'ਤੇ ਸਾਈਕਲ ਚਲਾਉਂਦਾ ਆਇਆ। ਉਹ ਅਚਾਨਕ ਮੋੜ ਕੱਟ ਕੇ ਸਿੱਧਾ ਲਾਲ ਗੱਡੀ ਦੇ ਵਿੱਚੋਂ ਦੀ ਸਾਈਕਲ ਚਲਾਉਂਦਾ ਸੜਕ 'ਤੇ ਹੋ ਗਿਆ।
"ਲੈ, ਵੇਖਿਆ ਹੈ ਨਾ? ਇਹੀ ਸਾਡੀ ਹੈ!"
ਅਲਬਰਟੋ ਨੇ ਕਾਰ ਦਾ ਸੁਆਰੀ ਵਾਲੇ ਪਾਸੇ ਦਾ ਬੂਹਾ ਖੋਲ੍ਹਿਆ।
"ਮੇਰੀ ਮਹਿਮਾਨ ਹੈਂ!" ਉਸਨੇ ਕਿਹਾ, ਅਤੇ ਸੋਫ਼ੀ ਕਾਰ ਵਿਚ ਚੜ੍ਹ ਗਈ।
ਉਹ ਡ੍ਰਾਈਵਰ ਵਾਲੀ ਸੀਟ 'ਤੇ ਬੈਠ ਗਿਆ।
ਚਾਬੀ ਲੱਗੀ ਹੀ ਹੋਈ ਸੀ, ਉਸ ਘੁਮਾਈ, ਅਤੇ ਇੰਜਨ ਚੱਲ ਪਿਆ।
ਉਹ ਦੱਖਣ ਵੱਲ ਨੂੰ ਸ਼ਹਿਰੋਂ ਬਾਹਰ ਹੋ ਗਏ, ਲਾਇਸਕਰ ਲੰਘੇ, ਸੈਂਡਵਿਕਾ ਲੰਘੇ, ਦ੍ਰੈਮਨ, ਅਤੇ ਲਿੱਲੇਸੈਂਡ ਵੱਲ ਹੋ ਲਏ। ਰਾਹ ਵਿੱਚ ਕਈ ਮਿਡਸਮਰ ਧੂਣੀਆਂ ਬਲ਼ਦੀਆਂ ਵੇਖੀਆਂ, ਖ਼ਾਸਕਰ ਦ੍ਰੈਮਨ ਲੰਘਣ ਤੋਂ ਬਾਅਦ।
"ਮਿਡਸਮਰ ਹੈ, ਸੋਫ਼ੀ। ਹੈ ਨਾ ਚੰਗੀ ਗੱਲ?"
"ਤੇ ਖੁੱਲ੍ਹੀ ਕਾਰ ਵਿਚ ਏਨੀ ਮਿੱਠੀ ਤਾਜ਼ੀ ਹਵਾ ਲੱਗ ਰਹੀ ਹੈ। ਕੀ ਇਹ ਸੱਚ ਹੈ ਕਿ ਅਸੀਂ ਕਿਸੇ ਨੂੰ ਨਹੀਂ ਦਿਸ ਰਹੇ?"
"ਸਿਰਫ਼ ਸਾਡੇ ਵਰਗਿਆ ਨੂੰ। ਸ਼ਾਇਦ ਸਾਨੂੰ ਕੁਝ ਦਿਸ ਪੈਣ। ਹੁਣ ਕਿੰਨੇ ਵੱਜੇ ਹਨ?"
"ਸਾਢੇ ਅੱਠ।"
"ਸਾਨੂੰ ਕੁਝ ਛੋਟੇ-ਰਾਹ ਲੈਣੇ ਪੈਣਗੇ। ਅਸੀਂ ਇਸ ਟ੍ਰੇਲਰ ਦੇ ਹੀ ਪਿੱਛੇ ਪਿੱਛੇ ਨਹੀਂ ਚੱਲਦੇ ਰਹਿ ਸਕਦੇ, ਇਹ ਤਾਂ ਪੱਕੀ ਗੱਲ ਹੈ।"
ਉਹ ਕਣਕ ਦੇ ਇੱਕ ਵੱਡੇ ਸਾਰੇ ਖੇਤ ਵੱਲ ਮੁੜ ਪਏ। ਸੋਫ਼ੀ ਨੇ ਪਿਛਾਂਹ ਮੁੜ ਕੇ ਵੇਖਿਆ ਅਤੇ ਉਸਨੂੰ ਦਿਸਿਆ ਕਿ ਉਹ ਤਾਂ ਲਮੀਆਂ ਪਾਈਆਂ ਕਣਕ ਦੀਆਂ ਬੱਲੀਆਂ ਵਿੱਚੋਂ ਦੀ ਹੀ ਡੰਡੀ ਬਣਾਈ ਜਾ ਰਹੇ ਹਨ।
"ਕੱਲ੍ਹ ਨੂੰ ਉਨ੍ਹਾਂ ਕਹਿਣਾ ਹੈ ਕਿ ਪਤਾ ਨਹੀਂ ਕਿਹੜੀ ਕਿੱਥੋਂ ਹਵਾ ਆਈ ਜਿਸ ਖੇਤ ਦਾ ਇਹ ਹਾਲ ਕਰ ਦਿੱਤਾ ਹੈ," ਅਲਬਰਟੋ ਨੇ ਕਿਹਾ।

......

ਮੇਜਰ ਅਲਬਰਟੋ ਨੈੱਗ ਹੁਣੇ ਹੁਣੇ ਕੋਪਨਹੇਗਨ ਦੇ ਬਾਹਰਵਾਰ ਕਾਸਤ੍ਰੂਪ ਹਵਾਈ ਅੱਡੇ 'ਤੇ ਉਤਰੇ ਸਨ। ਜੂਨ 23, ਸਨਿੱਚਰਵਾਰ, ਦੇ ਸਾਢੇ ਚਾਰ ਵੱਜੇ ਸਨ। ਇਹ ਤਾਂ ਪਹਿਲਾਂ ਹੀ ਬਹੁਤ ਲੰਮਾ ਦਿਨ ਰਿਹਾ ਸੀ। ਸਫ਼ਰ ਦਾ ਇਹ ਅਖੀਰੀ ਪੜਾਅ ਰੋਮ ਤੋਂ ਫੜੇ ਹਵਾਈ ਜਹਾਜ਼ ਨਾਲ ਮੁੱਕਾ ਸੀ।
ਉਹ ਆਪਣੀ ਯੂਐੱਨ ਵਰਦੀ ਵਿਚ ਪਾਸਪੋਰਟ ਕੰਟ੍ਰੋਲ ਵਿੱਚੋਂ ਲੰਘੇ, ਜਿਸਨੂੰ ਪਹਿਨ ਉਹ ਬਹੁਤ ਮਾਣ ਮਹਿਸੂਸ ਕਰ ਰਹੇ ਸਨ। ਉਹ ਸਿਰਫ਼ ਆਪਣੇ ਆਪ ਦੀ ਅਤੇ ਆਪਣੇ ਦੇਸ਼ ਦੀ ਹੀ ਨੁਮਾਇੰਦਗੀ ਨਹੀਂ ਸਨ ਕਰ ਰਹੇ। ਐਲਬਟਰ ਨੈੱਗ ਇੱਕ ਅੰਤਰਰਾਸ਼ਟਰੀ ਕਨੂੰਨੀ ਢਾਂਚੇ ਦੀ ਵੀ ਨੁਮਾਇੰਦਗੀ ਕਰ ਰਹੇ ਸਨ- ਇੱਕ ਅਜਿਹੀ ਰਿਵਾਇਤ ਦੀ ਜੋ ਇੱਕ ਸਦੀ ਪੁਰਾਣੀ ਸੀ ਅਤੇ ਹੁਣ ਤਾਂ ਸਾਰੀ ਧਰਤੀ 'ਤੇ ਫੈਲੀ ਹੋਈ ਸੀ।

ਉਨ੍ਹਾਂ ਸਿਰਫ਼ ਇੱਕ ਨਿੱਕਾ ਬੈਗ ਹੀ ਚੁੱਕਿਆ ਹੋਇਆ ਸੀ। ਬਾਕੀ ਦਾ ਸਮਾਨ ਰੋਮ ਤੋਂ ਉਨ੍ਹਾਂ ਪਹਿਲਾਂ ਹੀ ਭੇਜ ਦਿੱਤਾ ਸੀ। ਉਨ੍ਹਾਂ ਬੱਸ ਆਪਣਾ ਲਾਲ ਪਾਸਪੋਰਟ ਹੀ ਚੁੱਕ ਕੇ ਵਿਖਾਉਣਾ ਸੀ।
"ਮੇਰੇ ਕੋਲ ਕੋਈ ਗਲਤ ਚੀਜ਼ ਨਹੀਂ।"

ਮੇਜਰ ਐਲਬਟਰ ਨੈੱਗ ਨੇ ਕੋਈ ਤਿੰਨ ਘੰਟੇ ਹਵਾਈ ਅੱਡੇ ਵਿਚ ਹੀ ਰੁਕਣਾ ਸੀ ਅਤੇ ਫੇਰ ਕਿਤੇ ਜਾ ਕੇ ਹੀ ਕ੍ਰਿਸਚੀਅਨਸੈਂਡ ਲਈ ਉਨ੍ਹਾਂ ਦਾ ਜਹਾਜ਼ ਉੱਡਣਾ ਸੀ। ਹੁਣ ਉਨ੍ਹਾਂ ਕੋਲ ਆਪਣੇ ਪਰਿਵਾਰ ਲਈ ਕੁਝ ਤੋਹਫ਼ੇ ਖਰੀਦਣ ਦਾ ਵੀ ਸਮਾਂ ਸੀ। ਉਨ੍ਹਾਂ ਦੋ ਹਫ਼ਤੇ ਪਹਿਲਾਂ ਹਿਲਡੇ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਤੋਹਫ਼ਾ ਭੇਜ ਦਿੱਤਾ ਸੀ। ਮਾਰੀਤ, ਉਨ੍ਹਾਂ ਦੀ ਪਤਨੀ, ਨੇ ਇਹ ਉਸਦੇ ਬਿਸਤਰ ਦੇ ਨਾਲ ਵਾਲੇ ਮੇਜ਼ 'ਤੇ ਰੱਖ ਦਿੱਤਾ ਸੀ ਤਾਂ ਕਿ ਉਹ ਆਪਣੇ ਜਨਮਦਿਨ ਵਾਲੀ ਸਵੇਰ ਉੱਠੇ ਤੇ ਇਸਨੂੰ ਵੇਖੇ। ਦੇਰ ਰਾਤ ਨੂੰ ਕੀਤੇ ਉਸ ਜਨਮਦਿਨ ਵਾਲੇ ਫ਼ੋਨ ਤੋਂ ਬਾਅਦ ਉਨ੍ਹਾਂ ਦੀ ਹਿਲਡੇ ਨਾਲ ਗੱਲ ਨਹੀਂ ਸੀ ਹੋਈ।

ਅੰਬੈਸਡਰ ਕਾਰ ਵਾਲੇ ਮਹਿਮਾਨ

ਹਰ ਮਨੁੱਖ ਦੀ ਜ਼ਿੰਦਗੀ ਵਿੱਚ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਬਹੁਤ ਕੁਝ ਅਜਿਹਾ ਵਾਪਰਦਾ ਹੈ ਜਿਹੜਾ ਯਾਦਾਂ ਬਣ ਕੇ ਹਮੇਸ਼ਾ ਲਈ ਮਨੁੱਖ ਦੀ ਜ਼ਿੰਦਗੀ ਨਾਲ ਜੁੜ ਜਾਂਦਾ ਹੈ। ਇਨ੍ਹਾਂ ਯਾਦਾਂ 'ਚੋਂ ਹੀ ਕੁਝ ਕੌੜੀਆਂ ਤੇ ਕੁਝ ਮਿੱਠੀਆਂ ਹੁੰਦੀਆਂ ਹਨ। ਕਈ ਯਾਦਾਂ ਪਰ ਕੌੜੀਆਂ ਹੋਣ ਦੇ ਬਾਵਜੂਦ ਮਨੁੱਖ ਦੇ ਮਨ ਨੂੰ ਇੱਕ ਅਜੀਬ ਜਿਹਾ ਸੁਖਾਵਾਂ ਅਹਿਸਾਸ ਦਿੰਦੀਆਂ ਹਨ। ਅਜਿਹੀ ਹੀ ਇੱਕ ਯਾਦ ਮੇਰੇ ਮਿੱਤਰ ਅਤੇ ਕੁਲੀਗ ਨਿਧਾਨ ਸਿੰਘ ਦੀ ਜ਼ਿੰਦਗੀ ਨਾਲ ਜੁੜੀ ਹੋਈ ਹੈ -ਜਿਸਨੂੰ ਯਾਦ ਕਰਕੇ ਅਸੀਂ ਅਕਸਰ ਬਹੁਤ ਹੱਸਦੇ ਹਾਂ।

-ਇਹ ਗੱਲ ਅੱਸੀ ਵਾਲੇ ਦਹਾਕੇ ਦੇ ਅਖੀਰਲੇ ਸਾਲਾਂ ਦੀ ਹੈ। ਉਸ ਵੇਲੇ ਸ਼ਾਇਦ ਉਹ ਦਸਵੀਂ ਜਮਾਤ ਵਿੱਚ ਪੜ੍ਹਦਾ ਸੀ। ..ਉਨ੍ਹਾਂ ਦੇ ਘਰ ਉਸਦੇ ਵੱਡੇ ਭਰਾ ਅਮਰ ਸਿੰਘ ਨੂੰ ਰਿਸ਼ਤੇ ਵਾਲੇ ਵੇਖਣ ਅਕਸਰ ਆਉਂਦੇ ਰਹਿੰਦੇ ਸਨ। ਜਦੋਂ ਵੀ ਕੋਈ ਪਰਿਵਾਰ, ਨਿਧਾਨ ਸਿੰਘ ਦੇ ਭਰਾ ਨੂੰ ਰਿਸ਼ਤੇ ਵਾਸਤੇ ਵੇਖਣ ਲਈ ਆਉਂਦਾ, ਨਿਧਾਨ ਸਿੰਘ ਦੀ ਡਿਊਟੀ ਆਏ ਹੋਏ ਮਹਿਮਾਨਾਂ ਦੀ ਖ਼ਾਤਰਦਾਰੀ ਕਰਨ ਲਈ ਲੱਗਦੀ। ਪਿੰਡ, ਸ਼ਹਿਰ ਤੋਂ ਦੂਰ ਹੋਣ ਕਰਕੇ, ਬਹੁਤੀਆਂ ਚੀਜ਼ਾਂ ਪਿੰਡ ਵਿੱਚ ਨਹੀਂ ਮਿਲਦੀਆਂ ਸਨ। ਸੌਦਾ ਪੱਤਾ ਅਤੇ ਹੋਰ ਮਹਿਮਾਨ ਨਿਵਾਜ਼ੀ ਦਾ ਸਮਾਨ ਖਰੀਦਣ ਲਈ ਉਨ੍ਹਾਂ ਨੂੰ ਅਕਸਰ ਆਪਣੇ ਨੇੜਲੇ ਸ਼ਹਿਰ ਸਰਦੂਲਗੜ੍ਹ ਜਾਣਾ ਪੈਂਦਾ। ਉਨ੍ਹਾਂ ਵੇਲਿਆਂ 'ਚ ਪਿੰਡ ਤੋਂ ਸ਼ਹਿਰ ਦੀ ਕੋਈ ਬੱਸ ਸਰਵਿਸ ਵੀ ਨਹੀਂ ਹੁੰਦੀ ਸੀ ਅਤੇ ਸ਼ਹਿਰ ਆਉਣ ਜਾਣ ਲਈ ਪੀਟਰ ਰੇਹੜੇ (ਘੜੁੱਕੇ) ਹੀ ਸਨ- ਭਾਵੇਂ ਸਰਕਾਰ ਵੱਲੋਂ ਇਨ੍ਹਾਂ ਨੂੰ ਮਾਨਤਾ ਨਹੀਂ ਦਿੱਤੀ ਗਈ ਸੀ ਅਤੇ ਡੀਟੀਓ ਇਨ੍ਹਾਂ ਨੂੰ ਫ਼ੜ ਕੇ ਚਲਾਨ ਕੱਟ ਦਿੰਦਾ ਸੀ; ਫਿਰ ਵੀ ਇੱਧਰ ਹਰਿਆਣਾ ਬਾਰਡਰ ਦੇ ਲਾਗਲੇ ਪਿੰਡਾਂ 'ਚ ਖੇਤੀ ਦੇ ਕੰਮਾਂ ਅਤੇ ਹੋਰ ਢੋਆ ਢੁਆਈ ਲਈ ਇਹ ਚੱਲਦੇ ਰਹਿੰਦੇ ਸਨ।

..ਇੱਕ ਦਿਨ ਗੁਆਂਢੀ ਰਾਜ ਹਰਿਆਣੇ 'ਚੋਂ ਕਿਸੇ ਪਰਿਵਾਰ ਦੇ ਬੰਦਿਆਂ ਨਿਧਾਨ ਸਿੰਘ ਦੇ ਭਰਾ ਨੂੰ ਵੇਖਣ ਆਉਣਾ ਸੀ। ਉਨ੍ਹਾਂ ਆਪਣੇ ਆਉਣ ਦਾ ਸਮਾਂ ਭਾਵੇਂ ਦੁਪਹਿਰ ਗਿਆਰਾਂ ਬਾਰ੍ਹਾਂ ਵਜੇ ਦਾ ਦਿੱਤਾ ਸੀ -ਪਰ ਉਹ ਸਵੇਰੇ ਦਸ ਵੱਜਦੇ ਨੂੰ ਹੀ ਪਿੰਡ ਪਹੁੰਚ ਗਏ ਸਨ! ਉਹ ਪਰਿਵਾਰ ਸਰਦਾ-ਵਰਦਾ ਸੀ ਤੇ ਉਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਸ਼ਾਇਦ ਕਿਸੇ ਸਰਕਾਰੀ ਮਹਿਕਮੇ 'ਚ ਉੱਚੇ ਅਹੁਦੇ 'ਤੇ ਨੌਕਰੀ ਲੱਗਾ ਹੋਇਆ ਸੀ, ਜਿਸ ਕਰਕੇ ਹੀ ਉਹ, ਉਨ੍ਹਾਂ ਵੇਲਿਆਂ 'ਚ ਵੀ, ਇੱਕ ਆਮ ਪੇਂਡੂ ਜਿਹੇ ਮੁੰਡੇ ਨੂੰ ਅੰਬੈਸਡਰ ਕਾਰ 'ਤੇ ਵੇਖਣ ਆਏ ਸਨ! ਸ਼ਾਇਦ ਅੰਬੈਸਡਰ ਕਾਰ 'ਤੇ ਆਉਣ ਕਰਕੇ ਹੀ ਉਹ ਦਿੱਤੇ ਹੋਏ ਸਮੇਂ ਤੋਂ ਪਹਿਲਾਂ ਹੀ ਪਿੰਡ ਪਹੁੰਚ ਗਏ ਸਨ! ਉਨ੍ਹਾਂ ਦਿਨਾਂ 'ਚ ਕਾਰ ਤਾਂ ਪਿੰਡ 'ਚ ਕਿਸੇ ਵਿਰਲੇ ਟਾਂਵੇਂ ਪਰਿਵਾਰ ਕੋਲ ਹੀ ਹੁੰਦੀ ਸੀ ਪਰ ਅੰਬੈਸਡਰ ਕਾਰ ਤਾਂ ਕਿਸੇ ਕੋਲ ਪਿੰਡਾਂ ਵਿੱਚ ਹੁੰਦੀ ਹੀ ਨਹੀਂ ਸੀ! ਇਸ ਕਾਰ ਨੂੰ ਤਾਂ ਉਸ ਸਮੇਂ ਆਮ ਲੋਕ ਪਿੰਡਾਂ ਵਿੱਚ ''ਅਫ਼ਸਰਾਂ / ਲੀਡਰਾਂ ਦੀ ਕਾਰ'' ਕਿਹਾ ਕਰਦੇ ਸਨ।

ਜਦੋਂ ਅੰਬੈਸਡਰ ਕਾਰ ਪਿੰਡ 'ਚ ਆਈ ਤਾਂ ਆਂਢ ਗੁਆਂਢ ਦੇ ਲੋਕ ਘਰਾਂ ਤੋਂ ਬਾਹਰ ਆ ਕੇ ਵੇਖਣ ਲੱਗ ਪਏ। ਉਨ੍ਹਾਂ ਨੂੰ ਸ਼ਾਇਦ ਲੱਗਾ ਕਿ ''ਅਵਤਾਰ ਸਿਉਂ ਕੇ ਘਰ ਕੋਈ ਵੱਡਾ ਅਫ਼ਸਰ ਆਇਆ ਹੈ''! ਇਸ ਤਰ੍ਹਾਂ ਅਚਾਨਕ ਸਮੇਂ ਤੋਂ ਪਹਿਲਾਂ ਮਹਿਮਾਨਾਂ ਦੇ ਆਉਣ ਨਾਲ ਨਿਧਾਨ ਸਿੰਘ ਦੇ ਪਰਿਵਾਰ ਵੱਲੋਂ ਕੀਤੀ ਜਾ ਰਹੀ ਸਾਰੀ ਤਿਆਰੀ ਹਿੱਲ ਗਈ ਸੀ। ਨਿਧਾਨ ਸਿੰਘ ਤਾਂ ਅਜੇ ਆਪਣੇ ਬਾਪੂ ਜੀ ਨਾਲ ਬੈਠਕ 'ਚ ਮੰਜੇ ਕੁਰਸੀਆਂ ਵਗੈਰਾ ਹੀ ਸੈੱਟ ਕਰ ਰਿਹਾ ਸੀ ਜਦੋਂ ਰਿਸ਼ਤੇ ਵਾਲੇ ਘਰ ਆਣ ਪਹੁੰਚੇ ਸਨ! ਜਿਸ ਮੁੰਡੇ ਨੂੰ ਉਹ ਵੇਖਣ ਆਏ ਸਨ ਉਹ ਤਾਂ ਅਜੇ ਘੰਟਾ ਕੁ ਪਹਿਲਾਂ ਹੀ ਸ਼ਹਿਰ ਮਹਿਮਾਨਾਂ ਦੀ ਖ਼ਾਤਰਦਾਰੀ ਲਈ ਸਮਾਨ ਲੈਣ ਗਿਆ ਸੀ!!

ਇਸ ਤਰ੍ਹਾਂ ਮਹਿਮਾਨਾਂ ਦੇ ਜਲਦੀ ਆਉਣ 'ਤੇ ਨਿਧਾਨ ਸਿੰਘ ਦੇ ਬਾਪੂ ਜੀ ਨੇ ਨਿਧਾਨ ਨੂੰ ਆਪਣੇ ਕੋਲ ਬੁਲਾਅ ਕੇ ਕਿਹਾ- ''ਨਿਧਾਨ ਪੁੱਤ, ਸਾਈਕਲ ਚੁੱਕ ਤੇ ਜਲਦੀ ਸ਼ਹਿਰ ਜਾ ਕੇ ਆਪਣੇ ਭਰਾ ਅਮਰ ਨੂੰ ਲੈ ਆ''।

ਜਦੋਂ ਮੁੰਡੇ ਦੇ ਸ਼ਹਿਰ ਜਾਣ ਬਾਰੇ ਵਿਚੋਲੇ ਨੂੰ ਪਤਾ ਲੱਗਾ ਤਾਂ ਉਸ ਨਿਧਾਨ ਸਿੰਘ ਦੇ ਬਾਪੂ ਜੀ ਨੂੰ ਕਿਹਾ, ''ਸਰਦਾਰ ਜੀ, ਸਾਈਕਲ 'ਤੇ ਕਿਉਂ ਜਾਣਾ? ਆਹ ਆਪਣੀ ਕਾਰ ਲੈ ਜਾਓ, ਮੈਂ ਡਰਾਈਵਰ ਨੂੰ ਕਹਿ ਦਿੰਦਾ ਹਾਂ।'' ਵਿਚੋਲੇ ਦੀ ਗੱਲ ਸੁਣ ਕੇ ਕੁੜੀ ਵਾਲੇ ਪਰਿਵਾਰ ਦੇ ਇੱਕ ਦੋ ਬੰਦਿਆਂ ਵੀ ਹਾਮੀ ਭਰ ਦਿੱਤੀ। ਕਾਰ 'ਤੇ ਸ਼ਹਿਰ ਜਾਣ ਦਾ ਸੁਣ ਕੇ ਨਿਧਾਨ ਸਿੰਘ ਦੇ ਦਿਲ ਵਿੱਚ ਖੁਸ਼ੀ ਦੀਆਂ ਫੁਹਾਰਾਂ ਫੁੱਟ ਪਈਆਂ ਸਨ! ਕਾਰ 'ਚ ਬੈਠ ਪਹਿਲਾਂ ਤਾਂ ਨਿਧਾਨ ਸਿੰਘ ਨੇ ਪਿੰਡ 'ਚ ਆਪਣੀ ਟੌਹਰ ਬਨਾਉਣ ਲਈ ਦੋ ਤਿੰਨ ਗੇੜੇ ਤਾਂ ਐਵੇਂ ਹੀ ਪਿੰਡ ਦੀਆਂ ਗਲੀਆਂ 'ਚ ਡਰਾਈਵਰ ਤੋਂ ਦਵਾ ਦਿੱਤੇ ਸਨ। ਜਦ ਉਹ ਸ਼ਹਿਰ ਵੱਲ ਨੂੰ ਜਾ ਰਹੇ ਸਨ ਤਾਂ ਅਜੇ ਪਿੰਡ ਤੋਂ ਦੋ ਢਾਈ ਕਿਲੋਮੀਟਰ ਦੂਰ ਹੀ ਗਏ ਸਨ ਕਿ ਅੱਗਿਓਂ ਸਵਾਰੀਆਂ ਨਾਲ ਭਰਿਆ ਪੀਟਰ ਰੇਹੜਾ ਆਉਂਦਾ ਦਿਸਿਆ ਅਤੇ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਨਿਧਾਨ ਸਿੰਘ ਦਾ ਭਰਾ ਅਮਰ ਸਿੰਘ ਬੈਠਾ ਸੀ।

ਪੀਟਰ ਰੇਹੜੇ ਦੇ ਥੋੜ੍ਹਾ ਨੇੜੇ ਆਉਣ 'ਤੇ ਨਿਧਾਨ ਸਿੰਘ ਨੇ ਉਸ ਦੇ ਡਰਾਈਵਰ ਨੂੰ ਰੁਕਣ ਦਾ ਇਸ਼ਾਰਾ ਕੀਤਾ -ਪਰ ਉਸ ਪੀਟਰ ਰੇਹੜਾ ਨਾ ਰੋਕਿਆ, ਸਗੋਂ ਤੇਜ਼ੀ ਨਾਲ ਕਾਰ ਕੋਲ ਦੀ ਲੰਘਾਅ ਕੇ ਲੈ ਗਿਆ! ਲਿੰਕ ਸੜਕ ਦੇ ਦੋਵੇਂ ਪਾਸੀਂ ਡੂੰਘੇ ਖਾਲ ਹੋਣ ਕਰਕੇ ਕਾਰ ਉੱਥੋਂ ਇੱਕਦਮ ਬੈਕ ਨਾ ਹੋਈ ਅਤੇ ਉਨ੍ਹਾਂ ਅਗਾਂਹ ਜਾ ਕੇ ਕਾਰ ਮੋੜ ਕੇ ਵਾਪਸ ਪੀਟਰ ਰੇਹੜੇ ਮਗਰ ਲਾਈ। ਜਦ ਪੀਟਰ ਰੇਹੜੇ ਦੇ ਡਰਾਈਵਰ ਨੂੰ ਪਿੱਛਾ ਕਰਦੀ ਕਾਰ ਦਾ ਪਤਾ ਲੱਗਾ, ਉਸ ਰੁਕਣ ਦੀ ਬਜਾਏ ਪੀਟਰ ਰੇਹੜਾ ਹੋਰ ਤੇਜ਼ ਭਜਾਅ ਲਿਆ! ਜਦ ਕਾਰ ਪੀਟਰ ਰੇਹੜੇ ਦੇ ਨੇੜੇ ਪਹੁੰਚਣ ਲੱਗੀ ਤਾਂ ਡਰਾਈਵਰ ਨੇ ਸਵਾਰੀਆਂ ਦਾ ਭਰਿਆ ਉਹ ਪੀਟਰ ਰੇਹੜਾ ਕੱਚੀ ਪਹੀ ਵੱਲ ਮੋੜ ਦਿੱਤਾ! ਜਦ ਨਿਧਾਨ ਸਿੰਘ ਨੇ ਕਾਰ 'ਚੋਂ ਉੱਤਰ ਉਨ੍ਹਾਂ ਨੂੰ ਰੁਕਣ ਵਾਸਤੇ ਉੱਚੀ ਉੱਚੀ ਅਵਾਜ਼ਾਂ ਦਿੱਤੀਆਂ ਤਾਂ ਅਮਰ ਸਿੰਘ ਨੇ ਆਪਣੇ ਭਰਾ ਨੂੰ ਪਛਾਣ, ਮਸਾਂ ਡਰਾਈਵਰ ਤੋਂ ਪੀਟਰ ਰੇਹੜਾ ਰੁਕਵਾਇਆ। ਨਿਧਾਨ ਸਿੰਘ ਨੇ ਕੋਲ ਆ ਆਪਣੇ ਭਰਾ ਤੇ ਡਰਾਈਵਰ ਤੋਂ ਪੀਟਰ ਰੇਹੜਾ ਨਾ ਰੋਕਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ - ''ਸਾਨੂੰ ਤਾਂ ਇਹ ਸੀ ਬਈ ਕਿਤੇ ਡੀਟੀਓ ਪੀਟਰ ਰੇਹੜਾ ਫੜਨ ਆਇਐ!'' ਸਾਰੀ ਗੱਲ ਸੁਣਨ ਮਗਰੋਂ ਪੀਟਰ ਰੇਹੜੇ 'ਚ ਸਵਾਰ ਸਵਾਰੀਆਂ ਹੱਸ ਹੱਸ ਲੋਟ ਪੋਟ ਹੋ ਰਹੀਆਂ ਸਨ। ਘਰ ਆ ਕੇ ਜਦ ਨਿਧਾਨ ਸਿੰਘ ਨੇ ਸਾਰੀ ਕਹਾਣੀ ਮਹਿਮਾਨਾਂ ਸਮੇਤ ਆਪਣੇ ਘਰਦਿਆਂ ਨੂੰ ਸੁਣਾਈ ਤਾਂ ਉਹ ਵੀ ਖ਼ੂਬ ਹੱਸੇ। ਉਹ ਰਿਸ਼ਤਾ ਭਾਵੇਂ ਉਸ ਦਿਨ ਨੇਪਰੇ ਨਾ ਚੜ੍ਹਿਆ ਪਰ ਉਸ ਰਿਸ਼ਤੇ ਵੇਲੇ ਵਾਪਰੀ ਇਸ ਘਟਨਾ ਨੂੰ ਅੱਜ ਵੀ ਜਦੋਂ ਯਾਦ ਕਰਦੇ ਹਾਂ ਤਾਂ ਬਹੁਤ ਹੱਸਦੇ ਹਾਂ।

ਮਨਜੀਤ ਮਾਨ
ਪਿੰਡ ਸਾਹਨੇਵਾਲੀ (ਮਾਨਸਾ) 7009898044

Ghazals in English

Sudeep Sen

Monsoon Apertures

Each drop scripts a silence I cannot explain —
the monsoon writes letters across my windowpane.

Your absence is not void, but a humid breath —
it stains my shirt-collar like turmeric or rain.

Even the wind hesitates before touching me —
a lover once bold, now distant and plain.

I measure the light through leaves like time,
each flicker a stanza, each shadow a chain.

The jasmine unfurls — soft, slow, deliberate —
as if memory bloomed only through pain.

We spoke in ellipses, not full stops —
what survived were pauses, not what was plain.

Tonight, the moon leans in like a lens —
focusing grief, Sudeep, not to entertain.

Between the Lines

The sky folded its wings and fell into night —
no sound, just a cloud drifting in silence.

You turned, half-lit by a hallway's light —
your shadow said more than you did, in silence.

Letters unopened, postcards without flight —
memory moves slower when held in silence.

Rain traces your name with tentative sight —
each vowel dissolves gently in silence.

Not every wound demands to be right —
some truths are best spoken in silence.

The body remembers what words will fight —
touch is a language learned in silence.

Sudeep, let the poem breathe, not recite —
what's sacred is shaped best in silence.

The repeating refrain (radif) is "in silence." The qaafiya (rhyming pattern before the refrain) is night / light / flight / sight / right.

Sudeep Sen visited Preet Nagar along with a few illustrious friends- and has now gently introduced us to his poetry. Attempting the beloved ghazal format in English is in itself an exciting effort. The ghazals are profound as well as easily communicative! -Ed.

" Sen's poetry has received a fair measure of international attention. "Sen is an ambitious poet who doesn't fight shy of large themes . . .," says poet and critic Adil Jussawalla.

The late Indian poet Nissim Ezekiel commended his work for being "rich and complex without being obscure". Gregor Robertson describes his as "a distinct voice: carefully modulated and skilled, well measured and crafted".

Sudeep Sen (India, b 1964) is the author of more than fifteen books

Sudeep Sen

Anatomy of Absence

the radif (refrain) is "without skin," and the qaafiya (rhyme) is thin / begin / within / sin / kin —

The wind touches bone where flesh was once thin—
I walk through your name without skin.

Silk remembers your scent where lips begin —
but longing is raw without skin.

I press my ear to the walls within —
each echo is sharp without skin.

Was it desire, or a cleaner sin?
Love is less soft without skin.

The night folds clothes like a next of kin —
but warmth unravels without skin.

Sudeep, even poems grow pale and thin —
when they must speak without skin.

Archive

the radif (refrain) "of dust" and the qaafiya (rhyme) as trust / rust / must / gust / just —

The spine of an old book breaks in quiet trust —
history flakes into the air, a script of dust.

Your wristwatch stops — even metal knows rust —
time keeps its most honest minutes in husks of dust.

I still hear your voice, though I know I must
translate it now through the veil of dust.

The house breathes — a curtain lifts in a gust —
fragments rearrange themselves in gusts of dust.

Some loves don't die, they simply adjust —
stored in corners, like relics of dust.

Sudeep, do not sweep too clean — we're just
brief visitors here, made mostly of dust.

and chapbooks of poetry. He studied literature in New Delhi and the USA, and later completed an MS as an Inlaks scholar from the Graduate School of Journalism at Columbia. Since his first major book *The Lunar Visitations* in 1990 (after a quiet debut in 1983), Sen has established himself as a dynamic presence on the literary scene, working in multiple avatars as poet, translator, editor and reviewer. He currently lives and works in New Delhi.

Sen's writing has been widely published in international journals and newspapers, including *The Times Literary Supplement*, *The Guardian*, *The Independent*, *The London Magazine*, *Poetry Review*, *Harvard Review* and *The Times of India*, among others. His book, *Postmarked India: New and Selected Poems*, was awarded the Hawthornden Fellowship (UK) and was nominated for a Pushcart Prize (USA). He has been poet-in-residence at the Scottish Poetry Library in Edinburgh and a visiting scholar at Harvard University. Although prolific as a poet, a lesser known fact is Sen's vigorous work as translator. He has translated several Bengali poets from Bangladesh (such as Aminur Rahman and Fazal Shahabuddin) into English. He is the editorial director of Aark Arts Books. " -Net

Why is Indian Women's Welfare Devalued?

Alice Evans

Two brilliant (recent) films - "The Great Indian Kitchen" and "Mrs" - illuminate a fundamental aspect of patriarchy: the expectation that women silently serve their families, without recognition or reward. But why do these domestic inequalities persist in modern India?

Through my interviews with men and women from across six Indian states, Pakistan, Uzbekistan, Morocco and Turkey, I've developed the concept of "The Patrilocal Trap". Historically across Eurasia, sons inherited family assets and cared for elderly parents. Families maintained trusted networks through strategic marriages, socialising daughters to marry, please their in-laws, and stay put. Divorce is heavily stigmatised.

If women are raised for loyalty and unable to credibly threaten exit, they may not necessarily challenge men's patriarchal entitlements. Instead, she may quietly comply. These films brilliantly capture what quantitative research often misses: the systematic subordination of women's time, preferences, and wellbeing to men's comfort and convenience.

"The Great Indian Kitchen"

"The Great Indian Kitchen" is set in Kerala - which in many ways was India's best case scenario for gender equality. After an arranged marriage, Nimisha (the protagonist) joins her mother-in-law to serve the father-in-law and husband. Together, they laboriously grind spices, preparing elaborate meals with infinite varieties of thalis. Never do the men convey thanks, nor do they make the women feel appreciated. But they always leave a mess.

Nimisha and the mother-law eat apart from the men - not enjoying their glorious thalis, but making do with simple daal. Whenever the father-in-law wants to perform a basic task (like brush his teeth or leave the house), his wife brings him whatever he needs. When the mother-in-law leaves to visit her daughter, all the domestic drudgery falls on Nimisha - who is then constantly cooking, cleaning, and sweeping. If you started watching mid-way, and assumed the women were servants, it would be perfectly believable.

Despite the family being comfortably middle-class with modern appliances like rice cookers and washing machines, the father-in-law insists Nimisha perform all work by hand. Men's preferences consistently trump her time, wants, and welfare.

Some economists claim

that India's female labour force participation is low because women are busy with housework. In reality, the volume of housework is determined by patriarchal expectations.

When Nimisha appeals to her natal family for support, they advise compliance. When she tells husband Suraj that sex is painful and suggests foreplay, he reacts with mockery.

During her period, she's declared ritually impure and quarantined in an outbuilding. When she attempts minor rebellion by sharing a feminist Facebook post challenging menstruation stigma, Suraj's friends quickly intervene, suggesting he imposes control.

While fictional portrayal aligns with nationally representative data on intimate partner violence. As I visualise in the maps below, only 11% of Indian women who have been beaten by their husband have sought help. Most stay silent.

Jalota and Ho's randomised control trial in Mumbai provides further evidence of men's prerogative. 63% of slum-dwelling women initially accepted job offers, but many subsequently backtracked. What happened? They spoke to their husbands who refused.

"Mrs"

"Mrs", a Hindi adaptation starring Sanya Malhotra that premiered on Zee5..., ... generated significant public debate. Feminists have praised the film for highlighting everyday emotional abuse.
The film's *comments section* reveals its resonance:
"This was a huge thing in my extended family too - they all used to say raaita should be made hand-whipped and not in a blender. I grew up hearing these things but never internalised thankfully and it made me realise that patriarchal households hate any advancements that make women's lives easier but not the technological progress that typically helps men".

"This was such a hard hitting movie. Even if you don't relate to the subject it'll still leaves you feeling so frustrated. It's the honest truth about the issues women face in their daily lives"

"Almost everything shown here is a common occurrence, especially when living with in-laws. Women are taken for granted and basically treated as a house help without the salary".

Patrilocal Trap

Last month, I was invited to join a WhatsApp group of 600 young Indian women university students. Generously, they'd asked me to participate in a Zoom discussion about my research on romantic love. Curious to hear their perspective on "The Great Indian Kitchen", I polled the group on whether it was realistic? Even among these female graduates, the response was an overwhelming 'yes'.

The Patrilocal Trap is especially potent in India because it intersects with caste. Jati (caste -Ed.) networks provide crucial economic resources, making caste endogamy and indissoluble marriage essential for upward mobility. To quote an Urdu expression,

"Tumhara susral hi ab tumhara ghar hai
Tumhara Sasur hi ab tumhara baap hai
Ab Tumhari Doli ja rahi hai ab sasural say Tumhari arthi ay"

It means "Your in-laws' home is now your home, Your father-in-law is now your father, Your wedding palanquin is going now, and from your in-laws' home will come your funeral coffin". In short, she stays there until death. But when wives cannot credibly threaten exit, they seldom contest men's expectations of status.

While feminist cinema may help shift cultural expectations, my research suggests that continued reliance on caste may inhibit wider dissent.

ਕਸ਼ਮੀਰ ਉੱਤੇ ਅਫ਼ਗ਼ਾਨਾਂ ਦੇ ਰਾਜ ਦੇ ਸਮੇਂ ਦੇ ਭਿਆਨਕ ਸੱਚ

by Francois Gautier

67 ਸਾਲਾਂ ਲਈ (1752-1819 ਈਸਵੀ), ਅਫ਼ਗ਼ਾਨਾਂ ਦਾ ਕਸ਼ਮੀਰ ਉੱਤੇ ਰਾਜ ਰਿਹਾ ਅਤੇ ਇਹ ਇਸਲਾਮੀ ਦਮਨ ਦਾ ਸਭ ਤੋਂ ਕਾਲਾ ਸਮਾਂ ਸੀ। ਇਸ ਦਹਿਸ਼ਤ ਪਰੋਸਦੇ ਰਾਜ ਨੇ ਹਿੰਦੂਆਂ ਨੂੰ ਮਜਬੂਰ ਕੀਤਾ ਕਿ ਉਹ ਓਥੋਂ ਚਲੇ ਜਾਣ, ਇਸਲਾਮ ਕਬੂਲ ਲੈਣ, ਅਤੇ ਜਾਂ ਬੇਰਹਿਮ ਮੌਤ ਚੁਣ ਲੈਣ। ਅਖੀਰ, ਕਿਹਾ ਜਾਂਦਾ ਹੈ ਕਿ ਸਿਰਫ਼ 11 ਹੀ ਪੰਡਿਤ ਪਰਿਵਾਰ ਬਚੇ ਰਹਿ ਗਏ ਸਨ, ਕਸ਼ਮੀਰ ਵਿੱਚ।

ਅਸਦ (ਅਜ਼ਾਦ) ਖ਼ਾਨ ਸਭ ਤੋਂ ਬੇਕਿਰਕ ਸੀ। ਉਹ ਦੋ-ਦੋ ਕਸ਼ਮੀਰੀ ਪੰਡਿਤਾਂ ਨੂੰ ਬੋਰੀਆਂ ਵਿਚ ਪਾ ਕੇ ਡਲ ਝੀਲ ਵਿਚ ਡੋਬ ਦਿੰਦਾ ਸੀ। ਇਹ ਵੀ ਕਰਾਉਂਦਾ ਕਿ ਪੰਡਿਤਾਂ ਦੇ ਸਿਰਾਂ 'ਤੇ ਮਲ ਦਾ ਭਾਂਡਾ ਰੱਖਦਾ ਅਤੇ ਮੁਸਲਮਾਨ ਉਸ ਉੱਤੇ ਰੋੜੇ ਮਾਰਦੇ ਜਦੋਂ ਤੱਕ ਕਿ ਉਹ ਟੁੱਟਦਾ ਨਾ, ਅਤੇ ਪੰਡਿਤ ਦੀਆਂ ਅੱਖਾਂ ਮਲ ਨਾਲ 'ਅੰਨੀਆਂ' ਨਾ ਹੋ ਜਾਂਦੀਆਂ।

ਪੰਡਿਤ, ਜੋ ਸ਼ਾਨ ਨਾਲ ਮੁੱਛਾਂ ਰੱਖਦੇ, ਉਨ੍ਹਾਂ ਦੀਆਂ ਜ਼ਬਰਦਸਤੀ ਦਾੜ੍ਹੀਆਂ ਰਖਾਈਆਂ ਜਾਂਦੀਆਂ। ਉਨ੍ਹਾਂ ਨੂੰ ਪੱਗ, ਜੁੱਤੇ, ਜਾਂ ਮੱਥੇ 'ਤੇ ਟਿੱਕੇ (ਤਿਲਕ) ਲਾਉਣੇ ਮਨ੍ਹਾਂ ਸਨ।

ਬਾਅਦ ਵਿਚ, ਪਠਾਣ ਸਮਿਆਂ ਦੇ ਜ਼ੁਲਮਾਂ ਨੂੰ ਚੇਤੇ ਰੱਖਣ ਲਈ ਪੰਡਿਤਾਂ ਨੇ ਬਹੁਤ ਵੱਡੇ ਵੱਡੇ ਟਿੱਕੇ ਲਾਉਣੇ ਅਤੇ ਲੋੜੋਂ ਵੱਧ ਲੰਮੀਆਂ ਪੱਗਾਂ ਪਹਿਨਣੀਆਂ ਸ਼ੁਰੂ ਕੀਤੀਆਂ ਸਨ।

ਅਫ਼ਗ਼ਾਨ ਰਾਜ ਦੌਰਾਨ, 'ਜਜ਼ੀਆ', ਮੁਸਲਮਾਨ ਨਾ ਹੋਣ ਕਰਕੇ ਹਿੰਦੂਆਂ ਉੱਤੇ ਲੱਗਣ ਵਾਲਾ ਟੈਕਸ, ਮੁੜ ਲੱਗਣ ਲੱਗਾ।

ਉਨ੍ਹਾਂ ਦਿਨਾਂ ਵਿਚ, ਕੋਈ ਵੀ ਮੁਸਲਮਾਨ ਜੋ ਕਿਸੇ ਪੰਡਿਤ ਨੂੰ ਵੇਖਦਾ, ਛਾਲ ਮਾਰ ਕੇ ਉਸਦੀ ਪਿੱਠ 'ਤੇ ਸਵਾਰ ਹੋ ਸਕਦਾ ਹੁੰਦਾ ਸੀ, ਸਵਾਰੀ ਕਰਨ ਲਈ, ਇਹ ਕਹਿੰਦਿਆਂ, "ਤੂੰ ਬ੍ਰਾਹਮਣ ਹੈ ਤੇ ਮੈਂ ਤੇਰੇ ਉੱਤੇ ਚੜ੍ਹਾਂਗਾ।" ਇਹ ਭਿਆਨਕ ਜੁਮਲਾ ਅਜੇ ਵੀ ਇੱਕ ਕਸ਼ਮੀਰੀ ਅਖਾਣ ਵਾਂਗ ਚਲਿਆ ਆ ਰਿਹਾ ਹੈ।

ਅੱਤਾ ਮੁਹੰਮਦ ਖ਼ਾਨ ਅਤੇ ਉਸਦੀ ਫ਼ੌਜ ਲਿੰਗਕ ਸ਼ਿਕਾਰੀ ਸਨ ਜਿਨ੍ਹਾਂ ਬ੍ਰਾਹਮਣਾਂ ਦੀਆਂ ਕੁੜੀਆਂ ਲੱਭਣ ਲਈ ਏਜੰਟ ਰੱਖੇ ਹੋਏ ਸਨ। ਲਾਚਾਰ ਹਿੰਦੂ ਉਨ੍ਹਾਂ ਦੀ ਕਾਮ-ਭੁੱਖ ਤੋਂ ਏਨੇ ਤ੍ਰਹਿੰਦੇ ਸਨ ਕਿ ਉਹ ਆਪਣੀਆਂ ਧੀਆਂ ਦੀ ਖ਼ੂਬਸੂਰਤੀ ਨੂੰ ਵਿਗਾੜ ਕੇ ਰੱਖਦੇ ਸਨ- ਉਨ੍ਹਾਂ ਨੂੰ ਗੰਜੀਆਂ ਕਰ ਕੇ, ਉਨ੍ਹਾਂ ਦੇ ਨੱਕ ਵੱਢ ਕੇ, ਜਾਂ ਹੋਰ ਤਰੀਕਿਆਂ ਨਾਲ ਉਨ੍ਹਾਂ ਨੂੰ ਕੁਰੂਪ ਕਰ ਕੇ, ਤਾਂ ਕਿ ਉਹ ਬਲਾਤਕਾਰ ਤੋਂ ਬਚੀਆਂ ਰਹਿਣ।

ਕਸ਼ਮੀਰੀ ਪੰਡਿਤਾਂ ਦੇ ਵਿਆਹਾਂ ਦੇ ਰਿਵਾਜ ਇਸ ਜ਼ਾਲਮਾਨਾ ਸਦਮੇ ਦੀ ਗਵਾਹੀ ਭਰਦੇ ਹਨ। ਵਿਆਹ ਵਾਲੇ ਦਿਨ, ਇੱਕ ਕੋਈ ਮਰਦ ਰਿਸ਼ਤੇਦਾਰ ਲਾੜੇ ਵਾਂਗ ਹੀ ਸਜਾਇਆ ਜਾਂਦਾ ਹੈ, ਪੋਟ ਮਹਾਰਾਜਾ ਸੱਦਿਆ ਜਾਂਦਾ- ਅਤੇ ਅਸਲੀ ਲਾੜੇ ਨੂੰ ਚੋਰੀ ਛਿਪੇ ਵੀ ਲਾੜੀ ਦੇ ਘਰ ਪਹੁੰਚਾਇਆ ਜਾਂਦਾ- ਕਿਉਂਕਿ ਕਿਸੇ ਵੀ ਵੇਲੇ ਪਠਾਣ ਲਾੜੇ ਅਤੇ ਲਾੜੀ ਨੂੰ ਚੁੱਕ ਕੇ ਲੈ ਜਾਂਦੇ ਸਨ।

ਅਸਦ ਖ਼ਾਨ ਤੋਂ ਬਾਅਦ ਆਇਆ ਮਦਾਦਖਾਨ, ਜੋ ਹੋਰ ਵੀ ਵਹਿਸ਼ੀ ਸੀ। ਉਹ ਹਿੰਦੂਆਂ ਨੂੰ ਗਾਵਾਂ ਦੇ ਚਮੜੇ ਦੀਆਂ ਬੋਰੀਆਂ ਵਿਚ ਬੰਨ੍ਹ ਕੇ ਡੋਬਦਾ ਸੀ, ਤਾਂ ਕਿ ਉਨ੍ਹਾਂ ਦਾ ਧਰਮ ਜ਼ਰੂਰ ਭ੍ਰਿਸ਼ਟ ਹੋਏ। ਉਹ ਓਸੇ ਬੱਟਾ ਮਜ਼ਾਰ (ਪੰਡਿਤਾਂ ਦਾ ਕਬਰਿਸਤਾਨ) ਵਾਲੀ ਥਾਂ ਮਾਰੇ ਜਾਂਦੇ, ਜਿੱਥੇ 37 ਕਿੱਲੋ ਜਨੇਊ ਲੱਭੇ ਸਨ।

Kashmiri Pandit. 18th century. SPS Museum, Srinagar.

ਇਸੇ ਲਈ ਤਾਂ ਕਸ਼ਮੀਰ ਉੱਤੇ ਅਫ਼ਗ਼ਾਨ ਰਾਜ ਨੂੰ ਇਸਲਾਮੀ ਜਨੂੰਨ ਦੇ ਵਹਿਸ਼ੀ ਦਮਨ ਦਾ ਸਮਾਂ ਮੰਨਿਆ ਜਾਂਦਾ ਹੈ। ਕਸ਼ਮੀਰੀਆਂ ਨੂੰ ਜਾਂਗਲੀ ਪਠਾਣਾਂ ਹੇਠ ਅਸਹਿ ਜ਼ੁਲਮ ਅਤੇ ਵਹਿਸ਼ਤ ਸਹਿਣੀ ਪਈ, ਜਿਨ੍ਹਾਂ ਲਈ ਸਿਰ ਚੱਟਣਾ ਫੁੱਲ ਤੋੜਣ ਜਿੰਨਾ ਹੀ ਮਤਲਬ ਰੱਖਦਾ ਸੀ। -

WRL Source: The Valley of Kashmir - Walter R. Lawrence, Oxford University Press, 1893

(ਜ਼ੁਲਮ ਦੀ ਹੱਦ, ਇਸੇ ਲਈ ਸਾਥ ਦੇਣ ਦੀ ਥਾਂ ਆਪਣੇ ਆਪ ਨੂੰ 'ਹਿੰਦੂ ਨਾ ਹੋਣ' ਦਾ ਲੇਬਲ ਦੇਣਾ ਫ਼ਾਇਦੇਮੰਦ ਹੁੰਦਾ ਰਿਹਾ - ਪਰ ਜਨੂੰਨੀਆਂ ਲਈ ਤਾਂ ਹਰ ਗ਼ੈਰ-ਮੁਸਲਮਾਨ ਹੀ 'ਹਿੰਦੂ' ਸੀ। -ਸੰ.)

Reliable Performance

QUALITY • YIELD • DISEASE RESISTANCE

Consistence Performers, Suited to all market needs with high yield, quality & disease resistant.

ISTA - Accredited Laboratory - INML05
Authorised to Issue Orange, Green International Seed Lot Certificates & Blue International Seed Sample Certificates

NAMDHARI SEEDS PVT. LTD.
Bidadi 562 109. Bangalore. Tel. : +91-98454 71271 / 72. 98453 81817 / 98453 10057
Liaison Office : Tel. : 080-28602167/69 Fax : 080-28602168
e-mail : info@namdhariseeds.com URL : www.namdhariseeds.com

Seeds for a better future...